# ਚਿਰਾਗ

ਜੁਲਾਈ -ਸਤੰਬਰ 2001

**July -September 2001**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

## ਮਹੰਤ/*ਸੁਰਿੰਦਰ ਗਿੱਲ*

ਤੇ ਮਹਾਂ ਮਹੰਤ ਬੋਲਿਆ :
'ਅਥਾਹ ਸਾਗਰ ਹੰਘਾਲੇ ਮੈਂ, ਬੜੇ ਹੀ ਜ਼ਫ਼ਰ ਜਾਲੇ ਮੈਂ
ਜਪੁ ਤਪੁ ਰਿਧੀਆਂ ਸਿਧੀਆਂ ਬਹੁਤ ਕਮਾਈ ਕੀਤੀ
ਤਾਂ ਇਹ ਆਸਣ ਮੱਲਿਆ।

ਪ੍ਰੌੜ ਪ੍ਰਗਤੀਸ਼ੀਲ ਰਿਹਾ ਮੈਂ
ਫਿਰ ਪ੍ਰਯੋਗਸ਼ੀਲ ਥੀਵਣ ਦਾ ਅੰਮ੍ਰਿਤ ਛਕਿਆ
ਨਵ, ਨਵੀਨ ਆਧੁਨਿਕਤਾ ਧਾਰੀ
ਹੁਣ ਓਹੜੀ ਹੈ ਉੱਤਰ ਆਧੁਨਿਕਤਾ ਫੁਲਕਾਰੀ।

ਇਹ ਮੇਰਾ ਡੇਰਾ ਹੈ, ਗਿਆਨ ਸਥਲ ਹੈ, ਮੱਠ ਹੈ
ਮੈਂ ਸੁਸ਼ੋਭਤ ਇਸ ਗੱਦੀ 'ਤੇ ਆਦਿ ਆਦਿ ਸੰਚਾਲਕ।

ਸਰਕਾਰੇ ਦਰਬਾਰੇ ਇੱਜ਼ਤ ਮਾਣ ਬਥੇਰਾ
ਨਾਸਤਕਾਂ ਨੂੰ ਫ਼ਤਵੇ ਦੇਵਾਂ, ਚਰਨ ਪਿਆਂ ਨੂੰ ਕਲਗੀ
ਕਿਤੋਂ ਦਾ ਕਿਤੇ ਪੁਚਾਵਾਂ।

ਉੱਚ ਸਨਮਾਨਾਂ ਦੇ ਪ੍ਰਵੇਸ਼-ਦਵਾਰ ਨੂੰ ਲੱਗੇ ਜੰਦਰੇ ਖੋਲ੍ਹਾਂ
ਗਿਆਨ ਪੀਠ ਸਨਮਾਨ ਦੇ ਮਾਰਗ ਪਾਵਾਂ

ਆਓ ਮੇਰੇ ਚਰਨੀਂ ਲੱਗੋ!
ਮਹਾਂ ਮਹੰਤ ਜੀ ਖ਼ੁਸ਼ ਹੋਏ ਤਾਂ ਸਾਰੇ ਹੀ ਚਾਹ ਖੁੱਲ੍ਹ ਜਾਵਣਗੇ
ਜੀ ਚਾਹਿਆ ਤਾਂ
ਗੁੰਮਨਾਮੀ ਦੇ ਅੰਨ੍ਹੇ ਖਾਤੇ ਸੁੱਟ ਦੇਵਾਂਗਾ॥

*(20 ਜਰਮਨੀ ਦਾਸ ਪਾਠਕ, ਕਪੂਰਥਲਾ)*

# ਚਿਰਾ.ਗ (ਤਿਮਾਹੀ)

ਜੁਲਾਈ-ਸਤੰਬਰ, 2001

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂਫ਼ੀ ਅਮਰਜੀਤ
ਪ੍ਰਤੀਨਿਧ : ਅਵਤਾਰ ਸਾਦਕ (ਯੂ.ਕੇ.) ਮਾਨ ਸਿੰਘ ਭਾਰਗਵ (ਜੰਮੂ)

## ਤਤਕਰਾ

* **ਸੰਪਾਦਕੀ ਟਿਪਣੀਆਂ** - 1. ਸੈਂਸਰ ਬੋਰਡ ਦੀ ਲੋੜ ਕਿਓਂ, 2. ਜਨਰਲ ਸਕੱਤਰ ਕੇ. ਪੇ. ਲੇ. ਸਭਾ ਦਾ ਡਾਇਰੈਕਟਰ ਭਾਸ਼ਾ ਵਿਭਾਗ ਨਾਲ ਹੇਜ।
* **ਇਸ ਵਾਰ ਦਾ ਵਿਸ਼ੇਸ਼ ਕਵੀ**- ਅਜਾਇਬ ਹੁੰਦਲ ਦੀਆਂ .ਗਜ਼ਲਾਂ
* **ਹਿੰਦੀ ਕਵਿਤਾ** : ਬ੍ਰਿਜੇਸ਼ ਕ੍ਰਿਸ਼ਣ, ਸ਼ਿਆਮ ਕਸ਼ਯਮ, ਕੁਮਾਰ ਵਿਕਲ
* **ਮਰਾਠੀ ਕਵਿਤਾ** : ਸ਼ਰਧਾ ਬੇਲਸਰੇ
* **ਪੰਜਾਬੀ ਨਜ਼ਮਾਂ** : ਸੁਰਿੰਦਰ ਗਿੱਲ, ਗੁਰਚਰਨ ਚੀਮਾ
* **ਕਹਾਣੀ** : ਗਡਰੀਆ (ਪਾਕਿਸਤਾਨੀ ਉਰਦੂ ਕਹਾਣੀ) ਅਸ਼ਫਾਕ ਅਹਿਮਦ, ਬੋਝ (ਪੰਜਾਬੀ ਕਹਾਣੀ) ਜਸਵੀਰ ਕਲਸੀ।
* **.ਗਜ਼ਲਾਂ** : ਸੁਰਿੰਦਰਪ੍ਰੀਤ ਘਣੀਆਂ, ਮੱਖਣ ਕੁਹਾੜ, ਸ਼ਾਮ ਸੁੰਦਰ।
* **ਵਾਘਿਓਂ ਪਾਰ** : ਬਸ਼ਰਾ ਹਜ਼ੀ, ਜ਼.ਫਰ ਇਕਬਾਲ, ਮਸਊਦ ਅਹਿਮਦ ਚੌਧਰੀ।
* **ਵਿਸ਼ੇਸ਼ ਲੇਖ** : ਸਾਹਿਤ ਨੂੰ ਸਭਿਆਚਾਰਕ ਕਰਮ ਦੇ ਰੂਪ ਵਿਚ ਦੇਖਣ ਦਾ ਅਰਥ (ਡਾ. ਓਮ ਪ੍ਰਕਾਸ਼ ਗ੍ਰੇਵਾਲ)
* **ਵਿਰਸਾ** : ਸਾਹਿਤ ਤੇ ਕਲਾ (ਮਾਓ-ਜੇ-ਤੁੰਗ)
* **ਮੁਲਾਂਕਣ** : ਨਹੀਂ, ਮੈਂ ਨਹੀਂ (ਡਾ. ਸੁਖਪਾਲ ਸਿੰਘ ਥਿੰਦ)
* **ਨਵੇਂ ਚਿਹਰੇ** : ਕੁਲਜੀਤ ਕੌਰ ਦੀਆਂ ਦੋ .ਗਜ਼ਲਾਂ
* **ਪੁਸਤਕ ਪੜਚੋਲ** : ਦੋ ਮਾਵਾਂ ਦਾ ਪੁੱਤਰ (ਸੁਰਿੰਦਰ ਗਿੱਲ) ਅੱਖ ਦੇ ਬੋਲ (ਮੱਖਣ ਕੁਹਾੜ) ਖਾਲੀ ਸਲੰਡਰ (ਅਮਨਦੀਪ ਹੀਰਾ) ਜੂਨ-ਦਰ-ਜੂਨ (ਗੁਰਮੇਲ ਮਡਾਹੜ)
* **ਖਿਆਲ ਆਪੋ ਆਪਣਾ** : ਅਵਤਾਰ (ਯੂ.ਕੇ.) ਜਸਵੀਰ ਕਲਸੀ (ਫਰੀਦਕੋਟ) ਲਾਲ ਸਿੰਘ (ਦਸੂਹਾ) ਸਵਰਨ ਸਿੰਘ ਵਿਰਕ (ਹਰਿਆਣਾ) ਸੁਰਿੰਦਰਪ੍ਰੀਤ ਘਣੀਆ (ਬਠਿੰਡਾ)।
* **ਪੁਸਤਕ ਪ੍ਰਾਪਤੀ**- ............

*Postal Address :*
*Harbhajan Singh Hundal,*
*V. Fatu Chak,*
*P.O. Dhitwan,*
*Distt. Kapurthala-144804*
*(Pb.) India.*
*Phone No. 01822-43188*

| ਚੰਦਿਆਂ ਦਾ ਵੇਰਵਾ | : |
|---|---|
| ਦੇਸ਼ ਵਾਰਸ਼ਿਕ | : 50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 50 ਰੁ. |
| ਬਦੇਸ਼, ਯੂ. ਕੇ. | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

**ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ**

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

*ਸੰਪਾਦਕੀ ਟਿਪਣੀਆਂ*

## 1. ਸੈਂਸਰ ਬੋਰਡ ਦੀ ਜ਼ਰੂਰਤ ਕਿਉਂ ਹੈ ?

ਜਦੋਂ ਤੋਂ ਪੰਜਾਬ ਸਰਕਾਰ ਨੇ ਕਲਾ ਵਿਚ ਅਸ਼ਲੀਲਤਾ ਰੋਕਣ ਲਈ ਸੈਂਸਰ ਬੋਰਡ ਦੀ ਤਜਵੀਜ਼ ਦਿੱਤੀ ਹੈ ਉਦੋਂ ਤੋਂ ਹੀ ਵਿਦਵਾਨਾਂ ਵਿਚ ਇਕ ਚਰਚਾ ਛਿੜ ਪਈ ਹੈ। ਇਹ ਚੰਗੀ ਗੱਲ ਹੈ ਕਿ ਹਰ ਕੋਈ ਕੁਝ ਕਿੰਤੂਆਂ ਪ੍ਰੰਤੂਆਂ ਤੋਂ ਬਾਦ ਅਜਿਹੇ ਸੈਂਸਰ ਬੋਰਡ ਦੇ ਹੱਕ ਵਿਚ ਹੈ। ਗਾਇਕਾਂ, ਜਿਨ੍ਹਾਂ ਉਪਰ ਸਭ ਤੋਂ ਵੱਧ ਅਸ਼ਲੀਲ ਹੋਣ ਦਾ ਦੋਸ਼ ਲੱਗਦਾ ਹੈ, ਦਾ ਕਹਿਣਾ ਹੈ ਕਿ ਪਹਿਲੀ ਮੀਟਿੰਗ ਵਿਚ ਉਨ੍ਹਾਂ ਦੇ ਪ੍ਰਤਿਨਿਧਾਂ ਨੂੰ ਨਹੀਂ ਸੱਦਿਆ ਗਿਆ। ਕੁਝ ਵਿਦਵਾਨਾਂ ਨੇ ਬਾਜ਼ਾਰ ਦੀ ਪ੍ਰਕਿਆ ਵਿਚ ਆਈ ਅਸ਼ਲੀਲਤਾ ਅਤੇ ਭਾਰਤੀ ਫਿਲਮੀ ਸੈਂਸਰ ਬੋਰਡ ਵਲੋਂ ਹੌਲੀ-ਹੌਲੀ ਇਸਨੂੰ ਦਿੱਤੀ ਮਾਨਤਾ ਵਲ ਸਹੀ ਉਂਗਲੀ ਧਰੀ ਹੈ। ਇਸ ਦ੍ਰਿਸ਼ਟੀ ਤੋਂ ਸਾਡੇ ਨਾਵਲਕਾਰ ਗੁਰਦਿਆਲ ਸਿੰਘ ਦੇ ਵਿਚਾਰ ਬੜੇ ਮਹੱਤਵਪੂਰਨ ਹਨ। ਉਨ੍ਹਾਂ ਦਾ ਵਿਚਾਰ ਸਹੀ ਹੈ ਕਿ ਬਾਜ਼ਾਰ ਸੰਸਕ੍ਰਿਤੀ ਬਦਲੇ ਬਗੈਰ ਅਸੀਂ ਸਾਫ਼-ਸੁੱਥਰਾ, ਸਹਿਜ ਸਮਾਜ ਨਹੀਂ ਉਸਾਰ ਸਕਦੇ। ਕੁਝ ਵਿਦਵਾਨਾਂ ਨੇ ਕੁਝ ਉਦਾਹਰਣਾਂ ਦੇ ਕੇ ਇਹ ਵੀ ਦੱਸਿਆ ਹੈ ਕਿ ਲੋਕ-ਲਹਿਰਾਂ ਨੇ ਕਈ ਪੂੰਜੀਵਾਦੀ ਦੇਸ਼ਾਂ ਵਿਚ ਵੀ ਅਸ਼ਲੀਲ ਸਭਿਆਚਾਰ ਨੂੰ ਠੱਲ੍ਹ ਪਾਈ ਹੈ ਤੇ ਸਾਡੇ ਵੀ ਪੈ ਸਕਦੀ ਹੈ।

ਅਜਿਹਾ ਕਰਦੇ ਹੋਏ ਪਾਕਿਸਤਾਨੀ ਟੀ. ਵੀ., ਮੀਡੀਆ ਨੂੰ ਵੀ ਆਦਰਸ਼ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪਰੰਤੂ ਅਸੀਂ ਇਕ ਤੱਥ ਭੁੱਲ ਜਾਂਦੇ ਹਾਂ ਕਿ ਪਾਕਿਸਤਾਨ ਵਿਚ ਮੁਲਾਣਿਆਂ ਦੀ ਠੋਸੀ ਨੈਤਿਕਤਾ ਅਧੀਨ ਅਜਿਹਾ ਕੀਤਾ ਜਾ ਰਿਹਾ ਹੈ। ਇਹ ਤੱਥ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਨਮਾਜ਼ ਦੇ ਵਕਤ ਟੀ. ਵੀ., ਰੇਡੀਉ ਸਾਰੇ ਪ੍ਰੋਗਰਾਮ ਰੋਕ ਕੇ ਆਜ਼ਾਨ ਹੀ ਪੇਸ਼ ਕਰ ਰਹੇ ਹੁੰਦੇ ਹਨ। ਸਾਡੇ ਵਿਚਾਰ ਅਨੁਸਾਰ ਅਸੀਂ ਆਪਣੀਆਂ ਡੈਮੋਕਰੇਟਿਕ ਕਦਰਾਂ-ਕੀਮਤਾਂ ਅਨੁਸਾਰ ਆਪਣੇ ਮਸਲੇ ਹੱਲ ਕਰਦੇ ਹਾਂ। ਪਾਕਿਸਤਾਨ ਸਾਡਾ ਆਦਰਸ਼ ਨਹੀਂ ਹੋ ਸਕਦਾ।

ਜੋ ਵੀ ਸੈਂਸਰ ਬੋਰਡ ਬਣੇ ਉਸ ਸਾਹਮਣੇ ਪਹਿਲਾ ਸਵਾਲ ਇਹ ਆਵੇਗਾ ਕਿ ਉਸਦਾ ਅਧਿਕਾਰ ਖੇਤਰ ਕੀ ਹੋਵੇਗਾ ? ਇਸਨੂੰ ਕੇਵਲ ਪਾਪ ਗਾਇਕੀ ਤਕ ਨਹੀਂ ਸੀਮਤ ਕੀਤਾ ਜਾ ਸਕਦਾ। ਇਸਦੇ ਘੇਰੇ ਵਿਚ ਸਭ ਤੋਂ ਪਹਿਲਾਂ ਟੈਲੀਵਿਜ਼ਨ, ਰੇਡੀਉ ਤੋਂ ਪ੍ਰਸਾਰਿਤ ਸਮੱਗਰੀ ਨੂੰ ਲਿਆਉਣਾ ਚਾਹੀਦਾ ਹੈ। ਜਿਹੜੇ ਲੋਕਾਂ ਨੇ ਅਸ਼ਲੀਲ ਪ੍ਰੋਗਰਾਮ ਪੇਸ਼ ਕੀਤੇ ਹਨ ਉਨ੍ਹਾਂ ਨੂੰ ਅਦਾਲਤ ਦੇ ਕਟਹਿਰੇ ਵਿਚ ਖੜਾ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਯਤਨ ਕਾਗਜ਼ੀ ਕਾਰਵਾਈ ਬਣ ਕੇ ਰਹਿ ਜਾਵੇਗਾ। ਕੈਸਟਾਂ ਰਾਹੀਂ (ਆਡੀਉ ਵੀਡੀਉ) ਅਜਿਹੀਆਂ ਅਸ਼ਲੀਲ ਐਲਬਮਾਂ ਹੀ ਨਹੀਂਉ ਰਹੀਆਂ ਹਨ ਸਗੋਂ ਬਲਿਊ ਫਿਲਮੀ ਕਲਚਰ ਵੀ ਨਾਲ ਹੀ ਆ ਰਿਹਾ ਹੈ।

ਇਨ੍ਹਾਂ ਉਪਰ ਨਿਯੰਤ੍ਰਣ ਪਾਉਣ ਦੇ ਉਪਰਾਲੇ ਸੋਚਣੇ ਚਾਹੀਦੇ ਹਨ। ਪ੍ਰਿੰਟ ਮੀਡੀਆ ਵੀ ਅੱਜ ਕਲ ਬਾਜ਼ਾਰੀ ਕੰਪੀਟੀਸ਼ਨ ਵਿਚ ਸ਼ਾਮਿਲ ਹੋ ਰਿਹਾ ਹੈ। ਅਖਬਾਰਾਂ ਰਸਾਲੇ ਵਿਕਰੀ ਵਧਾਉਣ ਲਈ ਨੰਗੀਆਂ, ਅਰਧ-ਨੰਗੀਆਂ ਤਸਵੀਰਾਂ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਸੈਂਸਰ ਬੋਰਡ ਦੀ ਪਹੁੰਚ ਇਨ੍ਹਾਂ ਤੱਕ ਵੀ ਹੋਣੀ ਚਾਹੀਦੀ ਹੈ।

ਦੂਸਰੇ ਦੇਸ਼ਾਂ ਵਾਂਗ ਕੰਪਿਊਟਰ ਪੰਜਾਬ ਵਿਚ ਵੀ ਪੈਰ ਪਸਾਰ ਰਿਹਾ ਹੈ। ਚੰਗੀ ਗੱਲ ਹੈ। ਪਰ ਗਿਆਨ ਪ੍ਰਸਾਰ ਦੇ ਵਪਾਰੀਕਰਨ ਦੇ ਨਾਲ-ਨਾਲ ਪਤਨਸ਼ੀਲ ਨੰਗਾ-ਲੁੱਚਾ ਕਲਚਰ ਵੀ ਭੇਜਿਆ ਜਾ ਰਿਹਾ ਹੈ। ਸੈਂਕੜੇ ਗ਼ੈਰ ਕਾਨੂੰਨੀ ਵੈਬਸਾਈਟ ਚਲ ਰਹੇ ਹਨ ਜ ਜੂਆ ਖਿਲਾਉਂਦੇ ਹਨ ਤੇ ਨੰਗੀਆਂ ਤਸਵੀਰਾਂ ਹੀ ਨਹੀਂ ਦਿਖਾਉਂਦੇ ਸਗੋਂ ਜਾਨਵਰਾਂ ਨਾਲ ਸੰਭੋਗ ਤਕ ਦੀਆਂ ਪ੍ਰਕਿਆਵਾਂ ਨੂੰ ਇੰਟਰਨੈੱਟ

ਤੇ ਦਿਖਾ... ਹਨ। ਡਾਲਰਾਂ ਦੀ ਮੰਗ ਤੇ। ਕੀ ਅਸੀਂ ਇਸ ਪਾਸਿਓਂ ਅੱਖਾਂ ਮੀਟ ਸਕਦੇ ਹਾਂ ? ਬਿਲਕੁਲ ਨਹੀਂ। ਜੇ ਪੰਜਾਬ ਦਾ ਸੈਂਸਰ ਬੋਰਡ ਇਸ ਸਭ ਕੁਝ ਨੂੰ ਰੋਕਣ ਲਈ ਪਹਿਲ ਕਰਦਾ ਹੈ ਤਾਂ ਇਹ ਦੇਸ਼ ਦੇ ਦੂਸਰੇ ਹਿੱਸਿਆਂ ਲਈ ਵੀ ਫਾਇਦੇਮੰਦ ਹੋਵੇਗਾ। ਸਿਨਮਾ ਘਰਾਂ ਵਿਚ ਦਿਖਾਈਆਂ ਜਾਂਦੀਆਂ ਫਿਲਮਾਂ ਤਕ ਸੈਂਸਰ ਬੋਰਡ ਦੀ ਰਸਾਈ ਹੋਣੀ ਚਾਹੀਦੀ ਹੈ।

ਦੂਸਰੀ ਸਮੱਸਿਆ ਸੈਂਸਰ ਬੋਰਡ ਵਿਚ ਕੌਣ ਲੋਕ ਹੋਣ ਇਹ ਹੈ। ਜੇ ਤਾਂ ਚਾਰ ਬੰਦਿਆਂ ਨੂੰ ਬਿਠਾ ਕੇ ਸਰਕਾਰੀ ਨੀਤੀ ਉਪਰ ਮੋਹਰ ਹੀ ਲਗਾਉਣੀ ਹੈ, ਤਾਂ ਤੇ ਇਸ ਬੋਰਡ ਦਾ ਹੋਣਾ ਨਾ ਹੋਣਾ ਇਕੋ ਗੱਲ ਹੈ। ਪਰ ਜੇ ਸਰਕਾਰ ਸੱਚਮੁੱਚ ਇਸ ਲਈ ਈਮਾਨਦਾਰ ਹੈ ਤਾਂ ਸਮਾਜ ਦੇ ਪ੍ਰਬੁੱਧ ਖੇਤਰਾਂ ਦੀ ਪ੍ਰਤਿਨਿਧਤਾ ਜ਼ਰੂਰੀ ਹੈ। ਰੇਡੀਉ, ਟੀ. ਵੀ., ਲੇਖਕ ਸਭਾਵਾਂ, ਗਾਇਕਾਂ, ਕੈਸਟ ਕਲਚਰ ਨਾਲ ਜੁੜੇ ਸਪੈਸ਼ਲਿਸਟਾਂ, ਕੰਪਿਊਟਰ ਦੇ ਜਾਣਕਾਰਾਂ, ਫਿਲਮੀ ਹਸਤੀਆਂ ਅਖਬਾਰਾਂ, ਮੈਗਜ਼ੀਨਾਂ ਦੇ ਐਡੀਟਰਾਂ ਆਦਿ ਦੀ ਜਿਨ੍ਹਾਂ ਚਿਰ ਸੈਂਸਰ ਬੋਰਡ ਵਿਚ ਪ੍ਰਤਿਨਿਧਤਾ ਨਹੀਂ ਹੋਵੇਗੀ ਉਨ੍ਹਾਂ ਚਿਰ ਬਹੁਤਾ ਕੁਝ ਸੌਰ ਨਹੀਂ ਸਕਦਾ। ਸਭ ਤੋਂ ਜ਼ਰੂਰੀ ਗੱਲ ਕਿ ਜਿਸ ਔਰਤ ਨੂੰ ਸਰੇ ਬਾਜ਼ਾਰ ਨੰਗਿਆਂ ਕੀਤਾ ਜਾ ਰਿਹਾ ਹੈ, ਉਸਦੀਆਂ ਜਥੇਬੰਦੀਆਂ ਨੂੰ ਪਹਿਲ ਦੇ ਆਧਾਰ ਤੇ ਪ੍ਰਤਿਨਿਧਤਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਕਲਾ ਦੇ ਹਰ ਰੂਪ ਵਿਚ ਆਪਣੇ ਖਿਲਾਫ਼ ਕੀਤੀ ਕੁਤਾਹੀ ਉਪਰ ਉਂਗਲ ਧਰ ਸਕਣ। ਸੈਂਸਰ ਬੋਰਡ ਦੁਆਰਾ ਦੋਸ਼ੀ ਗਰਦਾਨੇ ਲੋਕਾਂ ਦੇ ਖ਼ਿਲਾਫ਼ ਜੇ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਵੀ ਇਹ ਬੋਰਡ ਕੁਝ ਨਹੀਂ ਸੁਆਰ ਸਕੇਗਾ। ਜੇ ਫਿਰ ਇਹ ਬੋਰਡ ਕਿਸੇ ਚੀਜ਼ ਉਪਰ ਪਾਬੰਦੀ ਲਾਉਣ ਦੀ ਸਿਫ਼ਾਰਸ਼ ਕਰਦਾ ਹੈ ਤਾਂ ਉਹ ਲੱਗਣੀ ਹੀ ਚਾਹੀਦੀ ਹੈ।

ਬੋਰਡ ਦੇ ਸਾਹਮਣੇ ਜੇ ਇਹ ਸਾਫ਼ ਹੋਵੇ ਕਿ ਕੀ ...ਸ਼ਲੀਲ ਹੈ ਤੇ ਕੀ ਦਿਖਾਉਯੋਗ ਨਹੀਂ ਹੈ ਤਾਂ ਉਸ ਸਾਹਮਣੇ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ...ਿ ਸਮਾਜ ਲਈ ਸਵੱਸਥ ਕੀ ਹੈ। ਤੇ ਮਾਸ-ਮੀਡੀਆ ਤੇ ਉਪਰੋਕਤ ਹੋਰ ਮਾਧਿਅਮ ਤੇ ਕੀ ਦਿ...ਉਣਾ ਚਾਹੀਦਾ ਹੈ। ਇਸਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪੰਜਾਬੀ ਸਾਹਿਤ ਦਾ ਲੰਬੀ ਸਮਾਜ-ਮੁਖੀ ਪਰੰਪਰਾ ਨੂੰ ਸਾਰੇ ਮਾਧਿਅਮਾਂ ਰਾਹੀਂ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਸੂਫ਼ੀ ਗਾਇਕੀ, ਵਾਰ ਗਾਇਕੀ, ਕਿੱਸਾ ਗਾਇਕੀ ਆਦਿ ਨੂੰ ਸਾਹਮਣੇ ਆਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਕੀ ...ਾਨਸਿਕਤਾ ਦਾ ਹਿੱਸਾ ਬਣ ਸਕੇ। ਲੋਕ ਸਾਹਿਤ ਦੇ ਹਰ ਰੂਪ ਨੂੰ ਦਿਲੋਂ ਮਨੋਂ ਆਪਣਾ ਕੇ ਉਸ ਨਾਲ ਨਵੇਂ ਨਵੇਂ ਤਜਰਬੇ ਕਰਨੇ ਚਾਹੀਦੇ ਹਨ ਤਾਂ ਕਿ ਇਸਦਾ ਨਵੀਨੀਕਰਣ ਵੀ ਹੋਵੇ ਤੇ ਵਿਕਾਸ ਵੀ। ਅਜਿਹਾ ਸਾਹਿਤ ਪੇਸ਼ ਹੋਣਾ ਚਾਹੀਦਾ ਹੈ ਜਿਸ ਵਿਚ ਭਾਈਚਾਰਕ ਸਾਂਝ ਦਰਸਾਈ ਗਈ ਹੋਵੇ। ਬੌਧਿਕ ਵਿਕਾਸ ਵਿਚ ਇਹ ਪ੍ਰੋਗਰਾਮ ਸਹਾਈ ਹੋਣ। ਸਭ ਤੋਂ ਵੱਡੀ ਗੱਲ ਕਿ ਮਨੁੱਖ ਨੂੰ ਮਨੁੱਖ ਬਣੇ ਰਹਿਣ ਲਈ ਪ੍ਰੇਰਣ ਦੇਣ ਨਾ ਕਿ ਉਸਦੀਆਂ ਕਮਜ਼ੋਰੀਆਂ ਨੂੰ ਹੋਰ ਕੁਰਾਹੇ ਪਾਇਆ ਜਾਵੇ। ਵਿਗਿਆਨਕਤਾ ਅੱਜ ਦਾ ਸੱਚ ਹੈ। ਇਸ ਲਈ ਵਿਗਿਆਨਕ ਸੋਚ ਨੂੰ ਵਿਕਸਿਤ ਕਰਨ ਲਈ ਸਾਰੇ ਮਾਧਿਅਮਾਂ ਨੂੰ ਇਕ ਜੁੱਟ ਹੋਣਾ ਚਾਹੀਦਾ ਹੈ। ਲੋਕ-ਸਭਿਆਚਾਰ ਦੇ ਸਾਰੇ ਮਾਨਵੀ ਤੱਤਾਂ ਨੂੰ ਸਾਹਮਣੇ ਲਿਆਉਣ ਤੇ ਅਗਾਂਹ ਤੋਰਨ ਦੀ ਲੋੜ ਹੈ। ਏਨਾ ਕੁਝ ਐਵੇਂ ਹੀ ਨਹੀਂ ਹੋਣਾ ਸਗੋਂ ਇਹ ਸੈਂਸਰ ਬੋਰਡ ਇਕ ਬਹਾਨਾ ਬਣਨਾ ਚਾਹੀਦਾ ਹੈ। ਸਹੀ ਸੋਚ ਨੂੰ ਅਗਾਂਹ ਲਿਆਉਣ ਦਾ ਅਤੇ ਸਾਰੇ ਉਨ੍ਹਾਂ ਪ੍ਰਬੁੱਧ ਲੋਕਾਂ ਨੂੰ ਇਕ ਪਲੇਟਫਾਰਮ ਤੇ ਲਿਆਉਣ ਦਾ ਜੋ ਇਹ ਸਭ ਕਰਨ ਦੀ ਇੱਛਾ ਕਰਦੇ ਹਨ। ਇਨ੍ਹਾਂ ਸਾਰੇ ਲੋਕਾਂ ਦਾ ਦਬਾਅ ਹੀ ਤੁਰੀ ਗੱਲ ਨੂੰ ਸਹੀ ਪਾਸੇ ਤੋਰ ਸਕਦਾ ਹੈ। ਨਹੀਂ ਤਾਂ ਕਾਗਜ਼ੀ ਬਣ ਕੇ ਰਹਿ ਜਾਵੇਗਾ ਸਭ ਕੁਝ। ਕੇਂਦਰੀ ਲੇਖਕ ਸਭਾਂਵਾ ਤੇ ਦੂਸਰੇ ਅਦਾਰਿਆਂ ਨੂੰ ਇਕ ਬਹਿਸ ਹੀ ਨਹੀਂ ਛੇੜਨੀ ਚਾਹੀਦੀ ਸਗੋਂ ਲੋੜ ਪੈਣ ਤੇ ਸੜਕਾਂ ਤੇ ਵਿਰੋਧ ਕਰਨ ਲਈ ਵੀ ਤਿਆਰ ਹੋਣਾ ਚਾਹੀਦਾ ਹੈ। ਜੇ ਅਸੀਂ ਸੈਂਸਰ ਬੋਰਡ ਨੂੰ ਸਹੀ ਲੀਹੇ ਪਾਉਣਾ ਚਾਹੁੰਦੇ ਹਾਂ ਤਾਂ। ਨਹੀਂ ਤਾਂ ਮੜ ਦਾ ਕਿਹਾ ਸਿਰ ਮੱਥੇ ਤੇ ਪਰਨਾਲਾ ਰਹੇਗਾ ਉਥੇ ਦਾ ਉਥੇ।



## 2. ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਦਾ ਡਾਇਰੈਕਟਰ ਭਾਸ਼ਾ ਵਿਭਾਗ ਨਾਲ ਹੇਜ

ਹਰ ਸਾਲ ਜਦੋਂ ਪੁਰਸਕਾਰਾਂ ਦੇ ਮਹੀਨੇ ਨੇੜੇ ਆਉਂਦੇ ਨੇ ਤਾਂ ਲੰਬੀ ਲੇਖਕ ਪੁਰਸਕਾਰ ਹਥਿਆਉਣ ਲਈ ਹੱਥ-ਪੈਰ ਮਾਰਨ, ਜੁਗਤਾਂ ਲੜਾਉਣ ਤੇ ਆਪਣੇ ਉੱਚੇ ਅਹੁਦਿਆਂ ਦੀ ਕੁਵਰਤੋਂ ਕਰਨ ਲਈ ਤਰਲੋ-ਮੱਛੀ ਹੋਣ ਲੱਗਦੇ ਨੇ। ਅਣਖ ਤੇ ਜ਼ਮੀਰ ਵਾਲੇ ਲੇਖਕ ਇਹ ਸਭ ਕੁਝ ਵੇਖਦੇ ਤੇ ਦੁਖੀ ਹੁੰਦੇ ਨੇ। ਕਈ ਵਾਰ ਅਜਿਹੇ ਮੌਕਾ-ਪ੍ਰਸਤ ਲੇਖਕ ਆਪਣੇ ਮੰਤਵਾਂ ਵਿਚ ਸਫਲ ਵੀ ਹੋ ਜਾਂਦੇ ਨੇ।

ਇਹਨਾਂ ਕੰਮਾਂ ਲਈ ਬੜੇ ਸੂਖਮ ਢੰਗ ਤਰੀਕੇ ਵਰਤੇ ਜਾਂਦੇ ਨੇ। ਫੈਸਲਾ ਕਰਨ ਵਾਲੇ ਵਿਦਵਾਨਾਂ ਨੂੰ ਸੱਦ ਕੇ ਸਨਮਾਨ ਕਰਨ ਦਾ ਤਮਾਸ਼ਾ ਕੀਤਾ ਜਾਂਦਾ ਹੈ ਜਾਂ ਫਿਰ ਅਜਿਹੇ ਵਿਦਵਾਨਾਂ ਤੇ ਅਫਸਰਾਂ ਨੂੰ ਸਮਾਗਮਾਂ ਦੀ ਪ੍ਰਧਾਨਗੀ ਕਰਨ ਲਈ ਸੱਦ ਕੇ ਨਿੱਜੀ ਸੰਪਰਕ ਬਣਾਏ ਤੇ ਵਧਾਏ ਜਾਂਦੇ ਹਨ।

ਹਰ ਚੇਤੰਨ ਲੇਖਕ ਤੇ ਵਿਚਾਰਵਾਨ ਨੂੰ ਚਿੱਟੇ ਦਿਨ ਵਾਂਗ ਪਤਾ ਹੈ ਕਿ ਕਿਵੇਂ ਮਹਿਕਮਿਆਂ ਦੇ ਡਾਇਰੈਕਟਰ ਤੇ ਉੱਚ-ਅਧਿਕਾਰੀ ਸਰਕਾਰੀ ਪੈਸੇ ਦੀ ਦੁਰਵਰਤੋਂ ਕਰਦੇ ਨੇ ਤੇ ਸਰਕਾਰੀ ਖਜ਼ਾਨੇ ਦੀ ਅੰਨੀ ਲੁੱਟ ਕਰਕੇ ਆਪਣੇ ਘਰ ਭਰਦੇ ਨੇ। ਆਏ ਦਿਨ ਇਹਨਾਂ ਸਕੈਂਡਲਾਂ ਦੀਆਂ ਖਬਰਾਂ ਪ੍ਰੈੱਸ ਵਿਚ ਆਉਂਦੀਆਂ ਰਹਿੰਦੀਆਂ ਹਨ। ਖਬਰਾਂ ਛਪਣ ਤੇ ਮਹਿਕਮਿਆਂ ਦੇ ਮੁਖੀਆਂ ਨੂੰ ਵਖਤ ਪੈ ਜਾਂਦਾ ਹੈ ਤੇ ਉਹ ਆਪਣੇ ਸੇਵਕਾਂ ਚਮਚਿਆਂ ਤੇ ਢਾਡੀਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਰਾਤ-ਦਿਨ ਇੱਕ ਕਰ ਦਿੰਦੇ ਹਨ। ਕੁਝ ਅਜਿਹਾ ਹੀ ਵਿਹਾਰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ-ਸਕੱਤਰ ਡਾ. ਐਸ. ਤਰਸੇਮ ਦਾ ਸਾਹਮਣੇ ਆਇਆ ਹੈ। ਪੰਜਾਬੀ ਦੇ ਸਿਰਕੱਢ ਵਿਦਵਾਨਾਂ ਨੂੰ ਪ੍ਰਧਾਨਗੀ ਕਰਨ ਜਾਂ ਉਦਘਾਟਨ ਕਰਨ ਦੀ ਥਾਂ ਉਸ ਨੇ ਲਾਭ ਦੇ ਸਕਣ ਵਾਲੇ ਸਿਆਸੀ ਆਗੂਆਂ ਤੇ ਉੱਚ ਅਫਸਰਾਂ ਨੂੰ ਮਾਰਚ 2001 ਮਹੀਨੇ ਵਿਚ ਹੋਏ ਕਵਿਤਾ-ਉਤਸਵ ਵਿਚ ਸੱਦ ਕੇ ਸਰਕਾਰੇ-ਦਰਬਾਰੇ ਨਿੱਜੀ ਸੰਪਰਕ ਕਾਇਮ ਕਰਨ ਦੀ ਯੋਜਨਾ ਬਣਾਈ। ਸਿੱਟੇ ਵਜੋਂ ਕਵਿਤਾ ਉਤਸਵ ਦਾ ਉਦਘਾਟਨ ਕਰਨ ਲਈ ਡਾ. ਮਦਨ ਲਾਲ ਹਸੀਜਾ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਸੱਦਿਆ ਗਿਆ। ਚਿਰਾਗ ਤ੍ਰੈ-ਮਾਸਕ ਵਾਲੀ ਧਿਰ ਨੇ ਇਸ ਬਾਰੇ ਕਿੰਤੂ ਉਠਾਏ ਤਾਂ ਜਨਰਲ-ਸਕੱਤਰ ਸਾਹਿਬ ਨੇ ਕਿਹਾ ਕਿ ਅਜੇਹੇ ਬੰਦਿਆਂ ਨੂੰ ਸੱਦਣ ਨਾਲ ਸਭਾ ਦੀ ਆਰਥਿਕ ਹਾਲਤ ਤਕੜੀ ਹੁੰਦੀ ਹੈ। ਇਹ ਕਿੰਨੀ ਕੁ ਤੱਕੜੀ ਹੋਈ ਹੈ, ਉਹਨਾਂ ਅਜੇ ਤੀਕ ਵੀ ਦੱਸਿਆ ਵੀ ਨਹੀਂ ਹੈ।

ਪਿਛਲੀ ਦਿਨੀਂ ਜਦੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਵਿਰੁੱਧ ਸ਼ਰੇ-ਆਮ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗਣੇ ਸ਼ੁਰੂ ਹੋਏ ਤਾਂ ਡਾਇਰੈਕਟਰ ਨੇ ਦੋਹਾਂ ਸਭਾਵਾਂ ਦੇ ਅਹੁਦੇਦਾਰਾਂ ਤੀਕ ਪਹੁੰਚ ਕਰਕੇ ਆਪਣੇ ਹੱਕ ਵਿਚ ਬਿਆਨ ਦੇਣ ਲਈ ਅਰਜੋਈ ਕੀਤੀ। ਪ੍ਰਿੰ. ਸੰਤ ਸਿੰਘ ਸੇਖੋਂ ਦੇ ਨਾਂ ਤੇ ਬਣੀ ਸਭਾ ਵਿਚ ਏਸੇ ਕਾਰਨ ਦੋ ਵੱਖਰੀਆਂ ਪਹੁੰਚਾਂ ਸਾਹਮਣੇ ਆਈਆਂ।

ਕੇਂਦਰੀ ਪੰ. ਲੇ ਸਭਾ ਦੇ ਜਨਰਲ ਸਕੱਤਰ ਡਾ. ਐਸ. ਤਰਸੇਮ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਭਾਸ਼ਾ ਵਿਭਾਗ ਦੇ ਡਾਇਰੈਕਟਰ ਦੇ ਕੰਮ ਅਤੇ ਪ੍ਰਸ਼ਾਸ਼ਨ ਉਤੇ ਕੇਂਦਰੀ ਸਭਾ ਨੂੰ 'ਸੰਪੂਰਨ ਸੰਤੁਸ਼ਟੀ' ਹੈ। ਉਹਨਾਂ ਗੱਲ ਨੂੰ ਏਥੇ ਹੀ ਨਹੀਂ ਰਹਿਣ ਦਿੱਤਾ, ਸਗੋਂ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਸੰਬੰਧਤ ਸਭਾਵਾਂ ਨੂੰ ਵੀ ਹੁਕਮਨਾਮੇਂ ਜਾਰੀ ਕਰ ਦਿੱਤੇ ਹਨ ਕਿ ਤੁਸਾਂ ਡਾਇਰੈਕਟਰ ਭਾਸ਼ਾ ਵਿਭਾਗ ਵਿਰੁੱਧ ਕੋਈ ਬਿਆਨ ਨਹੀਂ ਦੇਣਾ। ਉਹਨਾਂ ਆਪਣੇ ਬਿਆਨ ਨੂੰ ਬਿਨੈ-ਪੱਤਰ ਦੀ ਸ਼ਕਲ ਦੇ ਕੇ ਇਸ ਦੀਆਂ ਕਈ ਕਾਪੀਆਂ, ਉੱਚ-ਸਿਖਿਆ-ਸਕੱਤਰ, ਸਕੱਤਰ ਤੇ ਮੁੱਖ-ਮੰਤਰੀ ਤੀਕ ਨੂੰ ਭੇਜੀਆਂ ਹਨ। ਸਿਆਣੇ ਆਖਦੇ ਨੇ ਕਿ ਮਿੱਤਰ ਉਹ ਜੋ ਔਖੇ ਵੇਲੇ ਕੰਮ ਆਵੇ। ਡਾ. ਤਰਸੇਮ ਨੇ ਪੂਰੀ ਵਾਹ ਲਾਈ ਹੈ ਕਿ ਡਾਇਰੈਕਟਰ ਵਿਰੁੱਧ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਦੀ ਪੜਤਾਲ ਨਾ ਹੋਵੇ।

ਲੇਖਕ ਪੁੱਛਦੇ ਨੇ ਕਿ ਜਨਰਲ ਸਕੱਤਰ ਨੇ ਇਹ ਕੁਕਰਮ ਕਿਉਂ ਕੀਤਾ ਹੈ ? ਅਸਲ ਵਿਚ ਉਸ ਨੇ ਕੇਂਦਰੀ ਲੇਖਕ ਸਭਾ ਨੂੰ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਹਿੱਤ ਡਾਇਰੈਕਟਰ ਭਾਸ਼ਾ ਵਿਭਾਗ ਕੋਲ ਵੇਚ ਦਿੱਤਾ ਪ੍ਰਤੀਤ ਹੁੰਦਾ ਦਿੱਤਾ ਹੈ।

ਸਾਡੀ ਰਾਏ ਅਨੁਸਾਰ ਇਸ ਸਕੈਂਡਲ ਵਿਚ ਪ੍ਰਧਾਨ ਜੀ ਦੋਸ਼ੀ ਨਹੀਂ ਹਨ। ਜਨਰਲ ਸਕੱਤਰ ਨੇ ਆਪਣੇ ਸਵਾਰਥਾਂ ਲਈ ਪ੍ਰਧਾਨ ਜੀ ਦਾ ਨਾਂ ਬਿਆਨ ਵਿਚ ਚਲਾਕੀ ਨਾਲ ਜੋੜ ਦਿੱਤਾ ਹੈ।

ਸਾਡੀ ਮੰਗ ਹੈ ਕਿ ਜਨਰਲ ਸਕੱਤਰ ਸਾਹਿਬ ਨੂੰ ਆਪਣਾ ਬਿਆਨ ਵਾਪਸ ਲੈਣਾ ਚਾਹੀਦਾ ਹੈ।

ਇਹ ਕੋਈ ਪਹਿਲੀ ਵਾਰ ਨਹੀਂ ਕਿ ਡਾ. ਐਸ. ਤਰਸੇਮ ਨੇ ਭਾਸ਼ਾ ਵਿਭਾਗ ਦੇ ਭ੍ਰਿਸ਼ਟ ਡਾਇਰੈਕਟਰ ਦੇ ਹੱਕ ਵਿਚ ਬਿਆਨ ਦੇ ਕੇ ਉਸ ਨੂੰ ਦੁੱਧ-ਧੋਤਾ ਕਰਾਰ ਦੇ ਦਿੱਤਾ ਹੈ। ਕੇਂਦਰੀ ਪੰਜਾਬ ਸਭਾ ਵੱਲੋਂ ਡਾਇਰੈਕਟਰ ਟੀ. ਵੀ. ਸੈਂਟਰ ਜਲੰਧਰ ਵਿਰੁੱਧ ਜੋ ਧਰਨਾ ਸਭਾ ਦੀ 11-6-2000 ਦੀ ਮੀਟਿੰਗ ਵਿਚ ਉਲੀਕਿਆ ਕੀਤਾ ਗਿਆ ਸੀ, ਉਸ ਨੂੰ ਸਾਬੋਟੇਜ ਕਰਨ ਤੇ ਮੁਲਵਤੀ ਕਰਨ ਵਿਚ ਡਾ. ਤਰਸੇਮ ਦਾ ਵੱਡਾ ਹੱਥ ਸੀ। ਉਕਤ ਮੀਟਿੰਗ ਵਿਚ, ਚਾਪਲੂਸਾਂ ਦੇ ਖਤਰੇ ਨੂੰ ਭਾਪਦਿਆਂ ਇਹ ਵੀ ਫੈਸਲਾ ਹੋਇਆ ਸੀ ਕਿ ਧਰਨਾ ਵਾਪਸ ਨਹੀਂ ਹੋਵੇਗਾ। ਡਾਇਰੈਕਟਰ ਨੇ ਚਲਾਕੀ ਨਾਲ ਧਰਨੇ ਤੋਂ ਪਹਿਲਾਂ ਕੇਂਦਰੀ ਲੇਖਕ ਸਭਾ ਦੇ ਆਹੁਦੇਦਾਰਾਂ ਨੂੰ ਪ੍ਰੋਗਰਾਮ ਭੇਜਣੇ ਸ਼ੁਰੂ ਕਰ ਦਿੱਤੇ। ਚੰਗਾ ਹੁੰਦਾ ਜੇ ਕਾਰਕਰਨੀ ਦੇ ਮੈਂਬਰ ਇਹਨਾਂ ਪ੍ਰੋਗਰਾਮਾਂ ਦਾ ਬਾਈਕਾਟ ਕਰਦੇ ਪਰ ਹੋਇਆ ਇਸ ਦੇ ਉਲਟ। ਐਸੇ ਹੀ ਇਕ ਪ੍ਰੋਗਰਾਮ ਸਮੇਂ ਡਾ. ਐਸ. ਤਰਸੇਮ ਨੇ ਟੀ. ਵੀ. ਡਾਇਰੈਕਟਰ ਨੂੰ ਕਿਹਾ ਕਿ "ਅਸੀਂ ਤਾਂ ਧਰਨਾ ਵਾਪਸ ਲੈਣ ਲਈ ਸਹਿਮਤ ਹਾਂ, "ਤੁਸੀਂ ਹੁੰਦਲ ਤੇ ਮੱਖਣ ਸਿੰਘ ਕੁਹਾੜ ਨੂੰ ਮਨਾ ਲਵੋ।"

ਅਜਿਹਾ ਭਰੋਸਾ ਦੇਣਾ, ਸਭਾ ਨਾਲ ਧੋਖਾ ਕਰਨ ਦੇ ਬਰਾਬਰ ਸੀ। ਫਿਰ ਜਦੋਂ ਤਿੰਨ ਮਹੀਨੇ ਬਾਅਦ ਧਰਨਾ ਰੱਖਿਆ ਗਿਆ ਤਾਂ ਇੱਕਲੇ ਡਾ. ਐਸ. ਤਰਸੇਮ ਨੇ ਸੌ ਕਵੀਆਂ ਦੀ ਲਿਸਟ ਬਣਾ ਕੇ ਟੀ. ਵੀ. ਦੇ ਡਾਇਰੈਕਟਰ ਨੂੰ ਦਿੱਤੀ, ਜਿਸ ਦੀ ਸੂਚਨਾ ਤੇ ਪ੍ਰਵਾਨਗੀ ਕਿਸੇ ਆਹੁਦੇਦਾਰ ਨੂੰ ਨਹੀਂ ਦਿੱਤੀ ਗਈ। ਤੇ ਨਾ ਹੀ ਇਹ ਸੂਚੀ ਕਿਸੇ ਮੀਟਿੰਗ ਵਿੱਚ ਪੇਸ਼ ਜਾਂ ਪਾਸ ਕੀਤੀ ਗਈ।

ਇਸ ਲਈ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਹਿੱਤ ਡਾ. ਤਰਸੇਮ ਨੇ ਡਾਇਰਕੈਟਰ ਉੱਤੇ ਭ੍ਰਿਸ਼ਟਾਚਾਰ ਦੇ ਲੱਗੇ ਇਲਜ਼ਾਮਾਂ ਬਾਰੇ ਆਗਾਊਂ ਹੀ, ਡਾਇਰੈਕਟਰ ਨੂੰ ਸਾਫ ਬਰੀ ਕਰ ਦਿੱਤਾ ਹੈ ਤਾਂ ਇਹ ਉਹਨਾਂ ਨੇ ਆਪਣੇ ਪਿਛਲੇ ਕਿਰਦਾਰ ਦੇ ਅਨੁਸਾਰ ਹੀ ਕੀਤਾ ਹੈ। ਫਰਕ ਸਿਰਫ ਏਨਾ ਪਿਆ ਹੈ ਕਿ ਚੋਰ ਸੰਨ੍ਹ ਉੱਤੇ ਹੀ ਚੋਰੀ ਕਰਦਾ ਫੜਿਆ ਗਿਆ ਹੈ।

29-7-2001 ਦੀ ਕਾਰਜਕਾਰੀ ਦੀ ਮੀਟਿੰਗ ਵਿਚ ਜਦੋਂ ਇਸ ਮੁੱਦੇ ਤੇ ਤਿੱਖੀ ਬਹਿਸ ਸ਼ੁਰੂ ਹੋਈ ਤਾਂ ਡਾ. ਤਰਸੇਮ ਪੰਜ ਵਾਰ ਅਸਤੀਫਾ ਦੇਣ ਦਾ ਨਾਟਕ ਕਰਨ ਲਈ ਉੱਠੇ, ਪਰ ਫਿਰ ਬੈਠ ਜਾਂਦੇ ਰਹੇ। ਪਿਛਲੇ ਸਾਲ ਵੀ ਜਦੋਂ ਪ੍ਰਧਾਨ ਜੀ ਦੇ ਸਭਾ ਦਾ ਹਿਸਾਬ ਮੰਗਿਆ ਗਿਆ ਸੀ ਤੇ ਡਾ. ਤਰਸੇਮ ਨੇ ਅਸਤੀਫਾ ਦੇ ਦਿੱਤਾ ਸੀ।

ਕੇਂਦਰੀ ਸਭਾ ਦੇ ਪ੍ਰਧਾਨ ਨੇ ਫ਼ਰਾਖ ਦਿਲੀ ਵਿਖਾਉਂਦਿਆਂ ਡਾ. ਐਸ. ਤਰਸੇਮ ਵੱਲੋਂ ਕੀਤੀ ਗ਼ਲਤੀ ਦੀ ਖ਼ੁਦ ਮੁਆਫੀ ਮੰਗਣ ਦੀ ਜਦੋਂ ਪੇਸ਼ਕਸ਼ ਕੀਤੀ ਤਾਂ ਡਾ. ਤਰਸੇਮ ਨੇ ਗ਼ਲਤੀ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਇਸ ਸਾਰੇ ਬਿਰਤਾਂਤ ਦਾ ਦਿਲਚਸਪ ਪੱਖ ਇਹ ਹੈ ਕਿ ਇਹ ਸਾਰੀ ਸਾਜ਼ਿਸ਼ ਤੋਂ ਪਰਦਾ ਬੜੀ ਛੇਤੀ ਹੀ ਉੱਠ ਗਿਆ ਹੈ ਤੇ ਬਿੱਲੀ ਥੈਲਿਓਂ ਬਾਹਰ ਆ ਗਈ ਹੈ।

ਸਾਡੀ ਮੰਗ ਹੈ ਕਿ ਭਾਸ਼ਾ ਵਿਭਾਗ ਵਿਚ ਅਨੁਵਾਦਾਂ ਨਾਲ ਸਬੰਧਤ ਸਾਰੇ ਇਲਜ਼ਾਮਾਂ ਦੀ ਪੜਤਾਲ ਕਰਕੇ ਦੋਸ਼ੀ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

ਲੋੜ ਇਸ ਗੱਲ ਦੀ ਹੈ ਕਿ ਆਮ ਲੇਖਕ ਖ਼ੁਦ ਆਪਣੀ ਲੀਡਰਸ਼ਿਪ ਦੇ ਕਿਰਦਾਰ, ਬਿਆਨਾਂ ਤੇ ਚਾਲਾਂ ਪੰਜਾਬੀ ਭਾਸ਼ਾ ਲਈ ਲੜੇ ਜਾਂਦੇ ਸੰਘਰਸ਼ਾਂ ਤੇ ਕਰੜੀ ਨਜ਼ਰ ਰੱਖਣ ਤੇ ਜਿੱਥੇ ਕਿਤੇ ਉਹਨਾਂ ਨੂੰ ਜਾਪੇ ਕਿ ਲੀਡਰਸ਼ਿਪ ਕੁਰਾਹੇ ਪੈ ਰਹੀ ਹੈ ਉਥੇ ਦਖਲ ਦੇਣ ਅਤੇ ਪ੍ਰਤੀਕਿਰਿਆ ਪ੍ਰਗਟ ਕਰਿਆ ਕਰਨ ਤਾ ਕਿ ਸਭਾ ਦੀ ਕਾਰਜ ਸ਼ੈਲੀ ਵਿਚ ਵਿਗਾੜਾਂ ਨਾ ਪੈਣ।

ਉੱਠਣ ਵੇਲੇ ਉਮਰਾਂ ਲੱਗਣ ਡਿੱਗਣ ਵੇਲੇ ਛਿਣ ਇੱਕ
ਇੱਕ ਉਮਰ ਦੀ ਬੰਦਗੀ ਉੱਤੇ ਲੀਕ ਕਿਵੇਂ ਤੂੰ ਫੇਰੀ ਸੀ

*—ਸੰਪਾਦਕੀ ਮੰਡਲ*



**ਇਸ ਵਾਰ ਦਾ ਵਿਸ਼ੇਸ਼ ਕਵੀ**

# ਗ਼ਜ਼ਲਾਂ

## *ਅਜਾਇਬ ਹੁੰਦਲ*

1.

ਇਹ ਮੈਂ ਕਿਸ ਦੇ ਇਸ਼ਕ ਦੀ ਹੈ ਇਬਤਦਾ ਨੂੰ ਵੇਖਿਆ।
ਕਰਦਿਆਂ ਦੀਵੇ ਦੀ ਰਾਖੀ ਹੈ ਹਵਾ ਨੂੰ ਵੇਖਿਆ।

ਤੂੰ ਕਿਤੋਂ ਸੁਣਿਆਂ ਜਾਂ ਪੜ੍ਹਿਆ ਹੋਏਗਾ ਉਸ ਦਾ ਮਿਜ਼ਾਜ,
ਮੈਂ ਤਾਂ ਕੁਦਰਤ ਚੋਂ ਹੈ ਕਾਦਰ ਦੇ ਸੁਭਾ ਨੂੰ ਵੇਖਿਆ।

ਅਜ ਸਮੁੰਦਰ ਨੂੰ ਵੀ ਉਹ ਮੱਛਲੀ ਹੈ ਛੋਟਾ ਕਹਿ ਰਹੀ,
ਕੱਲ੍ਹ ਸੀ ਛੋਟਾ ਹੋ ਰਿਹਾ ਜਿਸ ਨੇ ਤਲਾ ਨੂੰ ਵੇਖਿਆ।

ਦੋਸਤੋ! ਇਹ ਬਿਰਖ ਕੀਕਣ ਝੁਕ ਗਿਆ ਹੈ ਕਿ ਜਦੋਂ,
ਭਾਰ ਫੁੱਲ ਫਲ ਦਾ ਨਾ ਵਗਦੀ ਹੈ ਹਵਾ ਨੂੰ ਵੇਖਿਆ।

ਮਾਰਦਾ ਛਾਲਾਂ ਰਿਹਾ ਦਰਿਆਂ ਚ ਸੀ ਜੋ ਓਸ ਨੇ,
ਪੜ੍ਹਕੇ ਕੇ ਗੀਤਾ ਵੀ ਨਾ ਪਾਣੀ ਦੇ ਬਹਾ ਨੂੰ ਵੇਖਿਆ।

ਨਜ਼ਮ ਵਾਂਗਰ ਲਿਖ ਰਿਹਾ ਉਸ ਨੂੰ ਸਾਂ ਜਦ ਕਾਗ਼ਜ਼ ਤੇ ਮੈਂ,
ਇਕ ਖ਼ੁਦਾ ਉਹਲੇ ਸੀ ਮੈਂ ਦੂਜੇ ਖ਼ੁਦਾ ਨੂੰ ਵੇਖਿਆ।

ਹੋਏਗੀ ਵੇਖੀ 'ਅਜਾਇਬ, ਤੈਂ ਅਦਾ ਮੇਰੀ ਮਗਰ,
ਜਾਪਦਾ ਹੈ ਤੂੰ ਨਹੀਂ ਮੇਰੇ ਖ਼ੁਦਾ ਨੂੰ ਵੇਖਿਆ।

2.

ਜਦੋਂ ਦਾ ਇਸ ਨਗਰ ਵਿਚ ਕੋਈ ਪੈਗ਼ੰਬਰ ਨਹੀਂ ਆਇਆ।
ਉਦੋਂ ਦਾ ਘਰ ਕਿਸੇ ਦੇ ਵੀ ਕੋਈ ਪੱਥਰ ਨਹੀਂ ਆਇਆ।

ਖਲੋਤਾ ਰਹਿ ਸਕੇ ਟਿਕ ਕੇ ਜੋ ਮੇਰੀ ਪਿਆਸ ਦੇ ਸਾਂਵੇਂ,
ਮੇਰੇ ਰਸਤੇ 'ਚ ਹਾਲੇ ਤੀਕ ਉਹ ਸਾਗਰ ਨਹੀਂ ਆਇਆ।

ਕਿਵੇਂ ਮੈਂ ਆਖ ਦੇਵਾਂ ਭੁੱਲਿਆ ਹੋਇਆ ਨਹੀਂ ਹੈ ਉਹ,
ਸਵੇਰੇ ਦਾ ਗਿਆ ਜੋ ਸ਼ਾਮ ਤੀਕਣ ਘਰ ਨਹੀਂ ਆਇਆ।

ਲਿਆ ਪਹਿਚਾਨ ਹੈ ਜਦ ਤੋਂ ਮੈਂ ਆਪਣੀ ਮੌਤ ਦਾ ਚਿਹਰਾ,
ਕਦੇ ਆਪਣੇ ਜਾਂ ਬੇਗਾਨੇ ਤੋਂ ਮੈਨੂੰ ਡਰ ਨਹੀਂ ਆਇਆ।

ਝੁਕਾ ਕੇ ਕਿਸ ਤਰ੍ਹਾਂ ਲੰਘਦਾ ਮੈਂ ਆਪਣੇ ਸਿਰ ਫਿਰੇ ਸਿਰ ਨੂੰ,
ਸਫ਼ਰ ਮੇਰੇ 'ਚ ਜਦ ਕਿਧਰੇ ਵੀ ਤੇਰਾ ਦਰ ਨਹੀਂ ਆਇਆ।

ਹੈ ਤੈਨੂੰ ਰਾਸ ਆਇਆ ਸ਼ੀਸ਼ਿਆਂ ਦਾ ਸੰਗਮਰਮਰ ਨਾ,
ਮਗਰ ਮੈਨੂੰ ਤਾਂ ਇਹ ਮਿੱਟੀ ਦਾ ਘਰ ਵੀ ਵਰ ਨਹੀਂ ਆਇਆ।

'ਅਜਾਇਬ ਭੁੱਲ ਨਾ ਜਾਵੀਂ ਤੂੰ ਅਕਲ-ਲਤੀਫ਼ ਏਂ ਜੇਕਰ,
ਕਲਮ ਆਈ ਹੈ ਤੇਰੇ ਹੱਥ ਵਿੱਚ ਖੰਜਰ ਨਹੀਂ ਆਇਆ।

3.

ਨਾ ਭਟਕੀ ਜੰਗਲ ਪਰਬਤ ਨਾ ਗਈ ਕਿਸੇ ਜਮਨਾ ਦੇ ਤੀਰ।
ਰਾਂਝਾਂ ਰਾਂਝਾ ਕਰਦੀ ਕਰਦੀ ਆਪੇ ਰਾਂਝਾ ਹੋਈ ਹੀਰ।

ਕੱਲ੍ਹ ਇਕ ਚੌਰਾਹੇ ਵਿਚ ਖੜ੍ਹ ਕੇ ਆਖ ਰਿਹਾ ਸੀ ਕੋਈ ਫ਼ਕੀਰ।
ਵੇਖ ਤੇਰੇ ਬੰਦਿਆਂ ਕਰ ਦਿੱਤਾ ਮੇਰਾ ਦਾਮਨ ਲੀਰੋ ਲੀਰ।

ਦਾਅਵਾ ਕਰਨਾ ਸੀ ਜੋ ਘਰ ਵਿਚ ਉਸ ਦੀ ਹੈ ਵੱਖਰੀ ਪਹਿਚਾਨ,
ਮਹਿਫ਼ਿਲ ਵਿਚ ਪਹਿਚਾਨ ਨਾ ਸਕਿਆ ਉਹ ਖ਼ੁਦ ਆਪਣੀ ਹੀ ਤਸਵੀਰ।

ਕਿਸਮਤ ਸੀ ਉਸ ਤਨਹਾ ਰੁੱਖ ਦੀ ਜਾਂ ਤਕਦੀਰ ਸੀ ਉਸ ਘਰ ਦੀ,
ਨਾ ਕੋਈ ਮਮਤਾ ਜਾਗੀ ਨਾ ਕੋਈ ਜ਼ੁਲਫ਼ ਬਣੀ ਜ਼ੰਜੀਰ।

ਤੇਰੇ ਮੌਸਮ ਵਾਂਗ ਬਦਲਦਾ ਕੀਰਣ ਮੇਰਾ ਮੌਸਮ ਯਾਰ,
ਤੇਰੀ ਮਿੱਟੀ ਤੋਂ ਵੱਖਰੀ ਹੈ ਮੇਰੀ ਮਿੱਟੀ ਦੀ ਤਾਸੀਰ।

ਘਾਟ ਜੇ ਹੈ ਕੋਈ ਤਾਂ ਉਹ ਬਸ ਘਾਟ ਹੈ ਇਕ ਰੱਥ ਚਾਲਕ ਦੀ,
ਵਰਨਾ ਅਰਜੁਨ ਕੋਲ ਨੇ ਅੱਜ ਵੀ ਸੈਨਾ ਅਸਤਰ, ਸ਼ਸਤਰ ਤੀਰ।

ਦੋਸ਼ ਹੈ ਤੁੰਦ ਹਵਾਵਾਂ ਦਾ ਜਾਂ ਦੋਸ਼ ਅਜਾਇਬ ਦਾ ਹੈ ਜੋ,
ਪੀਰ ਨਜ਼ਰ ਆਵੇ ਕਿਧਰੇ ਨਾ ਦਿਸੇ ਕਿਤੇ ਵੀ ਕੋਈ ਮੀਰ।

4.

ਮੰਦਰ ਇਹ ਬਣ ਨਾ ਜਾਣ ਕਿਸੇ ਦਿਨ ਇਮਾਰਤਾਂ।
ਮੁਨਸਫ਼ ਕਿਤੇ ਕਿਤੇ ਹੀ ਨੇ ਥਾਂ ਥਾਂ ਅਦਾਲਤਾਂ।

ਦਿਨ ਵਿਚ ਕਈ ਕਈ ਵਰਾਂ ਵਿਕਦਾ ਹੈ ਆਦਮੀ,
ਵਧੀਆਂ ਨੇ ਇਸ ਦੀਆਂ ਕਿ ਜਾਂ ਪਈਆਂ ਨੇ ਕੀਮਤਾਂ।

ਵਿਹੁੰਦਾ ਰਿਹਾ ਬਦਲਦੀ ਉਹ ਤਕਦੀਰ ਇੰਜ ਮੇਰੀ,
ਬੱਚੇ ਨੇ ਵੇਖਦੇ ਜਿਵੇਂ ਐਲਬੰਮ 'ਚੋਂ ਮੂਰਤਾਂ।

ਸਾਡੀ ਨਜ਼ਰ ਸਵੱਲੀ ਵੀ ਹੁੰਦੀ ਨਜ਼ਰ ਹੀ ਹੈ,
ਉਸ ਦੀ ਨਦਰ ਸਵੱਲੀ 'ਚ ਬੜੀਆਂ ਨੇ ਬਰਕਤਾਂ।

ਜੰਮੀਆਂ ਸੀ ਮੇਰੇ ਨਾਲ ਜੋ ਪਲੀਆਂ ਵੀ ਮੇਰੇ ਨਾਲ,
ਮਰੀਆਂ ਨੇ ਮੇਰੇ ਨਾਲ ਹੀ ਮੇਰੀਆਂ ਜ਼ਰੂਰਤਾਂ।

ਕੀਤੇ ਬੜੇ ਇਸ਼ਾਰੇ ਸੀ ਉਸ ਨੇ ਜਗ੍ਹਾ ਜਗ੍ਹਾ,
ਮੈਂ ਹੀ ਨਾ ਜਾਣ ਸਕਿਆ ਉਹ ਰਮਜ਼ਾਂ ਉਹ ਸੈਨਤਾਂ।

ਅਜਕੱਲ੍ਹ ਨਾ ਜਾਣੇ ਕੀ ਇਹ 'ਅਜਾਇਬ; ਹੈ ਲਿਖ ਰਿਹਾ,
ਲਗਦੇ ਕਦੇ ਜੋ ਸ਼ੇਅਰ ਕਦੇ ਨੇ ਬੁਝਾਰਤਾਂ।

***(E-596, ਰਣਜੀਤ ਐਵੀ ਨੀਊ ਅੰਮ੍ਰਿਤਸਰ)***



<u>ਹਿੰਦੀ ਕਵਿਤਾ</u>

## 1. ਜਗੀਰੋ / *ਕੁਮਾਰ ਵਿਕਲ*

ਪੰਜ ਲਿਟਰ ਕੈਰੋਸੀਨ ਦੇ ਲਈ
ਪੰਜ ਦਿਨ ਤੋਂ ਚੱਕਰ ਲਗਾਉਂਦੀ ਜਗੀਰੋ
ਇਸ ਵੇਲੇ ਲੰਮੀ ਕਤਾਰ ਵਿਚ ਖਲੋਤੀ
ਕੁਝ ਇਸ ਤਰ੍ਹਾਂ ਨਾਲ ਝੁਕ ਰਹੀ ਹੈ
ਕਿ ਲਗਦਾ ਹੈ ਉਹ ਤਾਕਤ
ਜਿਸ ਨਾਲ ਉਹ ਬਘਿਆੜਾਂ ਦੀ ਦੁਨੀਆਂ ਦੇ ਖਿਲਾਫ
ਜ਼ਿੰਦਗੀ ਭਰ ਲੜੀ ਹੈ
ਅੱਜ ਮੁੱਕ ਗਈ ਹੈ।

ਉਸ ਦੀਆਂ ਨਜ਼ਰਾਂ ਕਤਾਰ ਦੀ ਲੰਬਾਈ ਉੱਤੇ ਨਹੀਂ ਹਨ
ਉਸ ਦੀਆਂ ਅੱਖਾਂ ਵਿਚ ਇਕ ਸਟੋਵ ਬਲ ਰਿਹਾ ਹੈ
ਸਟੋਵ ਉੱਤੇ ਪਤੀਲੇ ਵਿਚ ਚਾਵਲ ਉਬਲ ਰਹੇ ਹਨ....
...ਵੱਡਾ ਚੀਖਦਾ ਹੈ,
"ਫਿਰ ਉਹੀ ਉਬਲਿਆ ਚਾਵਲ ਬਣ ਰਿਹਾ ਹੈ
ਅੱਜ ਤਾਂ ਅਸੀਂ ਚਾਵਲ ਦੇ ਨਾਲ ਦਾਲ ਵੀ ਖਾਵਾਂਗੇ
ਨਹੀਂ ਤਾਂ ਅਸੀਂ ਸਕੂਲ ਨਹੀਂ ਜਾਵਾਂਗੇ।"

ਜਗੀਰੋ ਕਹਿੰਦੀ ਹੈ,
"ਤੂੰ ਰੋਜ਼ ਰੋਜ਼ ਕੀ ਬਕਦਾ ਹੈਂ
ਉਹ ਖਾਣਾ ਹੋਵੇਗਾ ਜੋ ਘਰ ਵਿਚ ਪੱਕਦਾ ਹੈ
ਹਾਂ, ਅੱਜ ਤੇਰੇ ਲਈ ਮਟਰ ਪਲਾਓ ਬਣਾਉਂਦੀ ਹਾਂ
ਦਾਲ ਨੂੰ ਦੇਸੀ ਘਿਓ ਦਾ ਤੜਕਾ ਲਾਉਂਦੀ ਹਾਂ
ਪਿਓ ਨੂੰ ਕਿਉਂ ਨਹੀਂ ਕਹਿੰਦੇ ਹੋ ?
ਮੈਨੂੰ ਹੀ ਕਿਉਂ ਨੋਚਦੇ ਰਹਿੰਦੇ ਹੋ"
ਜਗੀਰੋ ਆਸੇ ਪਾਸੇ ਵੇਖਦੀ ਹੈ
ਸਭ ਦੀ ਨਜ਼ਰ ਬਚਾ ਕੇ ਅੱਖ ਪੂੰਝਦੀ ਹੈ
'ਨੋਚਣਾ ਜਗੀਰੋ ਲਈ ਕੇਵਲ ਮਾਤਰ ਇਕ ਸ਼ਬਦ ਨਹੀਂ
ਉਸ ਦੀ ਦਰਦ-ਭਰੀ ਕਥਾ ਦਾ ਦਿਲ ਨੂੰ ਛੂਹ ਜਾਣ ਵਾਲਾ ਭਾਵ ਹੈ
ਉਸ ਦੀ ਜ਼ਿੰਦਗੀ ਦਾ ਸਭ ਤੋਂ ਡੂੰਘਾ ਘਾਵ ਹੈ।
ਜਿਸ ਨੂੰ ਉਸਨੇ ਬਘਿਆੜ ਤੋਂ ਲੈ ਕੇ ਖਰਗੋਸ਼ ਤੀਕ ਤੋਂ ਲਿਆ ਹੈ
ਪਰ ਘਰ ਦੀ ਬੁੱਢੀ ਦੀਵਾਰ ਤੱਕ ਤੋਂ ਲੁਕੋਇਆ ਹੈ
ਇਸ ਵਕਤ ਵੀ
ਇਹ ਜ਼ਖ਼ਮ ਉਸਦੀਆਂ ਅੱਖਾਂ ਵਿਚ ਨਹੀਂ ਹੈ
ਉਸ ਦੀਆਂ ਅੱਖਾਂ ਵਿਚ ਸਿਰਫ ਇਕ ਸਟੋਵ ਚਲ ਰਿਹਾ ਹੈ....
.... ਵੱਡੇ ਦਾ ਪਿਓ ਜਲ ਭੁੱਜ ਰਿਹਾ ਹੈ।
ਜਗੀਰੋ ਲਈ ਗਾਲਾਂ ਉਣ ਰਿਹਾ ਹੈ

"ਬਿੱਲੀ ਬੁੱਢੀ ਹੋ ਜਾਂਦੀ ਹੈ
ਪਰ ਛਿਛੜਿਆਂ ਦੇ ਸੁਪਨੇ ਵੇਖਣ ਤੋਂ ਬਾਜ਼ ਨਹੀਂ ਆਉਂਦੀ
ਰੰਡੀ ਕਿਤੇ ਭਟਕ ਰਹੀ ਹੋਵੇਗੀ।

ਅੱਜ ਉਸ ਨੂੰ ਐਸੀ ਫੈਂਟੀ ਚਾੜ੍ਹਾਂਗਾ
ਹੱਡੀਆਂ ਤੋੜ ਦਿਆਂਗਾ
ਮਾਸ ਨੋਚ ਖਾਵਾਂਗਾ...

ਜਗੀਰੋ ਦੇ ਸਰੀਰ ਨੂੰ ਝਟਕਾ ਜਿਹਾ ਲਗਦਾ ਹੈ
ਤੇ ਅੱਖਾਂ ਵਿਚ ਜਲਦਾ ਸਟੋਵ ਭਬਕ ਕੇ ਬੁਝਦਾ ਹੈ
ਸਟਵ ਬਹੁਤ ਪੁਰਾਣਾ ਹੋ ਚੁੱਕਾ ਹੈ
ਉਹੀ ਹੈ ਜੋ ਉਸ ਨੂੰ ਬਾਲਦੀ ਹੈ
ਇਕ ਬਘਿਆੜ ਤੇ ਚਾਰ ਖਰਗੋਸ਼ਾਂ ਦਾ ਖਾਣਾ ਬਣਾਉਂਦੀ ਹੈ
ਬਘਿਆੜ ਫਿਰ ਵੀ ਗੁਰਾਉਂਦਾ ਹੈ
ਖਰਗੋਸ਼ਾਂ ਨੂੰ ਡਰਾਉਂਦਾ ਹੈ।
ਉਸਦਾ ਮਾਸ ਨੋਚ ਨੋਚ ਕੇ ਖਾਂਦਾ ਹੈ

ਭੀੜ ਡੱਬਾ-ਦਰ ਡੱਬਾ ਅੱਗੇ ਸਰਕਦੀ ਹੈ
ਪਰ ਜਗੀਰੋ ਆਪਣੀ ਥਾਂ ਖੜ੍ਹੀ ਰਹਿੰਦੀ ਹੈ
ਅੱਜ ਉਹ ਘਰ ਨਹੀਂ ਜਾਵੇਗੀ
ਸਟਵ ਨਹੀਂ ਜਲਾਵੇਗੀ
ਅਚਾਨਕ ਭੀੜ ਵਿਚ ਇਕ ਹਲਚਲ ਜਹੀ ਹੁੰਦੀ ਹੈ
ਕਤਾਰ ਤੋਂ ਉਖੜੀ ਇਕ ਬੱਚੀ ਰੋਂਦੀ ਹੈ
ਉਸ ਦਾ ਡੱਬਾ ਕਿਸੇ ਨੇ ਚੁੱਕ ਲਿਆ ਹੈ
ਉਸਦੇ ਭਰਾ ਨੂੰ ਕੁੱਟ ਕੇ ਭਜਾ ਦਿੱਤਾ ਹੈ
ਜਗੀਰੋ ਬੱਚੀ ਨੂੰ ਗੋਦ ਵਿਚ ਉਠਾਉਂਦੀ ਹੈ
ਉਸ ਦੀਆਂ ਗੱਲ੍ਹਾਂ ਨੂੰ ਪਲੋਸਦੀ ਹੈ
"ਸੁਣ, ਛੋਟੀ ਜਗੀਰੋ ਦੇ ਦੁਖ ਛੋਟੇ ਹੁੰਦੇ ਨੇ
ਵੱਡੀ ਜਗੀਰੋ ਦੇ ਦੁਖ ਬਹੁਤ ਵੱਡੇ ਹੁੰਦੇ ਨੇ।"

ਬੱਚੀ ਦੀਆਂ ਰੋਂਦੀਆਂ ਅੱਖਾਂ ਵਿਚ
ਇਕ ਚਮਕ ਜਹੀ ਲਿਸ਼ਕ ਜਾਂਦੀ ਹੈ
ਜਦੋਂ ਜਗੀਰੋ ਮਜ਼ਬੂਤ ਹੱਥਾਂ ਨਾਲ
ਆਪਣੇ ਡੱਬੇ ਨੂੰ ਅੱਗੇ ਸਰਕਾਉਂਦੀ ਹੈ
ਤੇ ਉਸ ਦੀਆਂ ਅੱਖਾਂ ਵਿਚ
ਕਈ ਸਟੋਵ ਇਕ ਸਾਥ ਜਲ ਉਠਦੇ ਨੇ।


**ਚਿਰਾਗ਼ ਦਾ ਅਗਲਾ ਅੰਕ ਦਲਿਤ ਸਾਹਿਤ ਵਿਸ਼ੇਸ਼ ਅੰਕ ਹੋਵੇਗਾ**

*ਲੇਖਕਾਂ ਤੇ ਵਿਦਵਾਨਾਂ ਕੋਲੋਂ ਸਿਰਜਣਾਤਮਿਕ ਤੇ ਵਿਚਾਰਧਾਰਮਕ ਲਿਖਤਾਂ ਦੀ ਮੰਗ ਕੀਤੀ ਜਾਂਦੀ ਹੈ।*

*—ਚਿਰਾਗ਼ ਸੰਪਾਦਕੀ ਮੰਡਲ*




ਭਾਰਤੀ ਕਵਿਤਾ (ਹਿੰਦੀ)

## ਬ੍ਰਜੇਸ਼ ਕ੍ਰਿਸ਼ਣ

### 1. ਜ਼ਿੰਮੇਵਾਰੀ

ਉਨ੍ਹਾਂ ਨੇ ਤੈਅ ਕਰ ਲਿਆ ਹੈ
ਕਿ ਉਹ ਸੰਸਕ੍ਰਿਤੀ ਨੂੰ ਬਚਾ ਕੇ ਰਹਿਣਗੇ
ਉਹ ਦੇਖਣਗੇ ਕਿ ਕਿਹੋ ਜਿਹੀ ਹੋਵੇ ਕਲਾ
ਕਿਹੋ ਜਿਹਾ ਹੋਵੇ ਸਾਹਿਤ
ਤੇ ਕਿਹੋ ਜਿਹਾ ਰਚਿਆ ਜਾਵੇ ਇਤਿਹਾਸ

ਉਨ੍ਹਾਂ ਨੇ ਸੰਭਾਲ ਲਈ ਹੈ ਕਮਾਨ
ਘੁੰਮਾਈਆਂ ਜਾ ਰਹੀਆਂ ਹਨ ਲਾਠੀਆਂ
ਤਿੱਖੇ ਕੀਤੇ ਜਾ ਰਹੇ ਹਨ
ਭਾਲੇ, ਗੰਡਾਸੇ ਅਤੇ ਬਰਛੇ

ਸਾਵਧਾਨ!
ਹੁਣ ਕਿਸੇ ਨੂੰ ਵੀ ਛੱਡਿਆ ਨਹੀਂ ਜਾਵੇਗਾ।
ਕੌਣ ਹੈ ਉਧਰ ਸਿਰ ਉਠਾ ਰਿਹਾ
ਸਵਾਲ ਕਰਨਾ ਮਨ੍ਹਾ ਹੈ ਦੱਸ ਦਿਓ ਉਸਨੂੰ

ਦੱਸ ਦਿਓ ਉਸਨੂੰ
ਕਿ ਲਾਠੀ ਤੇ ਭਾਲੇ ਨਾਲ
ਮਾਰੇ ਜਾਣਗੇ ਲੋਕ
ਪਰ ਬਚਾਈ ਜਾਵੇਗੀ ਕਲਾ
ਬਚਾਈ ਜਾਵੇਗੀ ਸੰਸਕ੍ਰਿਤੀ
ਬਚਾਇਆ ਜਾਵੇਗਾ ਇਤਿਹਾਸ

### 2. ਤਟੱਸਥਤਾ

ਉਹ ਆਏ
ਤੇ ਉਤਾਰ ਕੇ ਲੈ ਗਏ
ਬਗਲ ਵਾਲੇ ਆਦਮੀ ਦੀ ਕਮੀਜ਼
ਮੈਂ ਆਪਣੇ ਬੂਟਾਂ ਦੇ ਕੱਸਦਾ ਰਿਹਾ ਤਸਮੇਂ
ਅਤੇ ਹੱਸਦਾ ਰਿਹਾ
ਇਕ ਮਹੀਣ ਬੇਸ਼ਰਮ ਲੰਬਾ ਤਟਸਥ ਹਾਸਾ
ਸਵਾਲਾਂ ਤੋਂ ਅੱਖ ਬਚਾ ਕੇ
ਮੈਂ ਖਿਸਕ ਤਾਂ ਆਇਆ ਪਿਛਵਾੜੇ
ਪਰ ਖੁਦ ਤੋਂ
ਸਵਾਲ ਕਰਦੀ ਹੋਈ ਮੇਰੀ ਅੱਖ
ਹੁਣ ਮੈਨੂੰ ਜਿਊਣ ਨਹੀਂ ਦਿੰਦੀ।

### 3. ਅਤਿਆਚਾਰੀ

ਹੁਣ ਉਹ ਬਿਲਕੁਲ ਬਦਸੂਰਤ ਨਹੀਂ ਹੁੰਦੇ
ਨਾ ਹੀ ਹੁੰਦੀਆਂ ਹਨ ਉਨ੍ਹਾਂ ਦੀਆਂ ਅੱਖਾਂ ਖੂੰਖਾਰ
ਨਾ ਚਿਹਰੇ ਤੇ ਕੋਈ ਕੱਟ ਦਾ ਨਿਸ਼ਾਨ

ਉਹ ਇਨੇ ਸਹਿਜ ਹੁੰਦੇ ਹਨ
ਕਿ ਪਹਿਚਾਨਣਾ ਮੁਸ਼ਕਿਲ ਹੈ, ਵੱਖਰਾ

ਉਹਨਾਂ ਦੇ ਚਿਹਰੇ ਤੇ ਕਦੇ ਨਹੀਂ ਹੁੰਦਾ
ਅਤਿਆਚਾਰੀ ਹੋਣ ਦਾ ਸਬੂਤ।

ਉਨ੍ਹਾਂ ਨੂੰ ਆਉਂਦੀ ਹੈ ਜਾਦੂਗਰੀ
ਉਹ ਜਾਣਦੇ ਹਨ ਹਿੰਸਕ ਨਫ਼ਰਤ ਨੂੰ
ਖਿੜਖੜਾਉਂਦੇ ਹਾਸੇ ਪਿੱਛੇ ਛੁਪਾਉਣਾ
ਜਾਂ ਆਪਣੇ ਗੁੱਸੇ ਤੇ ਝਟ ਚੜ੍ਹਾਉਣਾ
ਮੁਸਕਾਨ ਦਾ ਮੁਖੌਟਾ

ਉਹ ਬੈਠਦੇ ਹਨ ਸਿੰਘਾਸਨ ਦੇ ਬਗਲ ਵਿਚ
ਤੇ ਕਾਨੂੰਨ ਦੀ ਕਿਤਾਬ ਉਪਰ
[illegible]ਦੇ ਹਨ ਉਨ੍ਹਾਂ ਦੇ ਪੈਰ
ਉਨ੍ਹਾਂ ਦੇ ਹੱਥ ਹੁੰਦੇ ਨੇ ਬਹੁਤ ਲੰਬੇ
ਇਨੇ ਕਿ ਦਬੋਚ ਲੈਣ ਪੂਰੇ ਸ਼ਹਿਰ ਨੂੰ

ਪਰ ਉਹ ਅਜਿਹਾ ਨਹੀਂ ਕਰਦੇ
ਉਹ ਹੱਸਦੇ ਹਨ ਭੱਦਰ, ਭੋਲਾ ਤੇ ਨਿਰਦੋਸ਼ ਹਾਸਾ
ਅਤੇ ਹੌਲੀ-ਹੌਲੀ ਖੇਲ੍ਹਦੇ ਹਨ ਸ਼ਹਿਰ ਨਾਲ
ਚਤੁਰ ਖਿਲਾੜੀ ਦੀ ਤਰ੍ਹਾਂ।

## 4. ਯਾਤਰਾ

ਰੇਲ ਜਾਂ ਬਸ ਦੀ ਖਿੜਕੀ ਤੋਂ [illegible]ਹ
ਬਚੇ ਨਹੀਂ ਹਨ ਲੁਭਾਉਣੇ ਦ੍ਰਿਸ਼

ਲੋਕ ਬੋਲਦੇ-ਚਾਲਦੇ ਨਹੀਂ ਅ[illegible]ਸ [illegible]ਚ
ਬਹਿਸਾਂ ਜਾਂ [illegible]ਾਮਾ-ਮਖੌਲ
ਹੁਣ ਬਿਲਕਲ ਹੀ ਨਹੀਂ ਦਿੰਦਾ ਸੁਣਾਈ
ਕਿਸੇ ਯਾਤਰਾ ਤੇ
ਜਾਣ ਪਹਿਚਾਣ ਅਤੇ ਪਤਿਆਂ [illegible]ਾ ਆਵਾਨ ਪ੍ਰਦਾਨ
ਤਾਂ ਭੁੱਲ ਹੀ ਚੁੱਕੇ ਹਨ ਯਾਤਰੀ

ਬਸ-ਅੱਡਿਆਂ ਅਤੇ ਸਟੇਸ਼ਨਾਂ ਤੇ
ਹੁੰਦੇ ਨੇ ਐਲਾਨ
ਕਿ ਲਾਵਾਰਿਸ ਚੀਜ਼ ਨੂੰ ਹੱਥ ਨਾ ਲਗਾਉ
ਅਤੇ ਸ਼ੱਕੀ ਆਦਮੀ ਦੀ
ਸੂਚਨਾ ਪੁਲਿਸ ਨੂੰ ਦਿਉ

ਬਗਲ ਵਿਚ ਬੈਠਾ ਸਹਿਯਾਤਰੀ
ਦੇਰ ਤਕ ਘੂਰਦਾ ਹੈ ਮੈਨੂੰ
ਅਤੇ ਮੈਂ ਉਸਨੂੰ

ਯਾਤਰਾ ਵਿਚ ਹੁਣ
ਅਸੀਂ ਭੁੱਲ ਜਾਂਦੇ ਹਾਂ ਸਾਹ ਲੈਣਾ

ਯਾਤਰਾ ਕਰਨਾ
ਕਾਲ਼ੀ ਸੁਰੰਗ ਵਿਚੋਂ
ਗੁਜ਼ਰਨਾ ਹੈ ਇੰਨ੍ਹੀ ਦਿਨੀਂ।

*(ਅਨੁਵਾਦ- ਡਾ. ਕਰਮਜੀਤ ਸਿੰਘ), 125 D Campus, K.U. Kurukshetra*



<u>ਲੰਬੀ ਨਜ਼ਮ</u>

## ਬਖ਼ਸ਼ੀਸ਼/ਗੁਰਚਰਨ ਚੀਮਾ

ਉਨ੍ਹਾਂ ਨੇ ਤਾਂ ਬਹੁਤ ਵਾਰ ਆਖਿਆ ਸੀ—
ਕਿ ਜੇ ਸਦਾ ਲਈ ਕੱਢ ਦੇਵੇਂ
ਆਪਣੀ ਨਜ਼ਮ ਵਿੱਚੋਂ ਕੁੱਲੀਆਂ ਵੱਲ ਫ਼ੈਲਦਾ ਚਾਨਣ
ਤੇ ਜੇ ਅਸਲੋਂ ਹੀ ਅਲੋਪ ਕਰ ਦੇਵੇਂ
ਦਿਨੋ ਦਿਨ ਪਸਰਦੀ ਗੁਰਬਤ ਦਾ ਨੰਗਾ ਜ਼ਿਕਰ
— ਕਿੰਨਾ ਚੰਗਾ ਹੋਵੇ
ਜੇ ਹੋਵੇ ਤਾਂ ਤੈਨੂੰ ਸਿਰਫ਼ ਤੇਰੀ ਹੀ ਰੋਟੀ ਦਾ ਫ਼ਿਕਰ
ਜੇ ਤੇਰੀ ਨਜ਼ਮ ਲੱਗ ਜਾਵੇ ਆਪਣੀ ਹੀ ਰੰਗੀਨ ਮੌਜ ਮਾਨਣ
— ਜੇ ਛੱਡ ਦੇਵੇਂ ਸਦਾ ਲਈ
ਫੁੱਲਾਂ ਨੂੰ ਵਕਤ ਦੇ ਖ਼ਾਰਾਂ 'ਤੇ ਟੰਗਣ ਦਾ ਅਲਾਪ
ਤਾਂ ਤੇਰੇ ਘਰ ਦੀਆਂ ਖੁਰਦੀਆਂ ਪੁਸ਼ਤ-ਦਰ-ਪੁਸ਼ਤ ਕੱਚੀਆਂ ਕੰਧਾਂ
ਰਾਤੋ-ਰਾਤ ਸੋਨੇ ਵਿੱਚ ਦੇਈਏ ਮੜ੍ਹ
ਤੇ ਕਿਸੇ ਕਚਨਾਰ ਵਰਗੀ ਕੁੜੀ ਦਾ ਛਣਕਦਾ ਹਾਸਾ
ਸਦਾ ਲਈ ਲਾ ਦੇਈਏ ਤੇਰੇ ਲੜ
— ਜੇ ਨਜ਼ਮ ਵਿੱਚ ਕਿਧਰੇ ਵੀ ਖੋਲ੍ਹ ਕੇ ਨਾ ਲਿਖੇਂ
ਪੀੜ੍ਹੀ-ਦਰ-ਪੀੜ੍ਹੀ ਸਰਕਦਾ ਸਰਾਪ
ਤਾਂ ਜਿਹੜੇ ਵੀ ਬਾਗ਼ ਵਿੱਚੋਂ ਕਹੇਂ
ਇੱਕ ਰੰਗ-ਬਰੰਗੀ ਤਿਤਲੀ
ਤੇਰੇ ਲਈ ਸਦਾ ਵਾਸਤੇ ਫੜ ਦੇਈਏ
ਫਿਰ ਤੇਰੀ ਨਜ਼ਮ ਦਾ ਕੁਝ ਮੁੱਲ ਪੈ ਸਕਦਾ ਹੈ
ਬਿਲਕੁਲ ਪੈ ਸਕਦਾ ਹੈ।

ਉਹ ਤਾਂ ਇਹ ਵੀ ਆਖਦੇ ਸਨ—
ਜੇ ਆਪਣੀ ਨਜ਼ਮ ਵਿੱਚੋਂ ਸਦਾ ਲਈ ਕੱਢ ਦੇਵੇਂ
ਦਲਿਤਾਂ ਦੀ ਕੰਮ-ਕੁੜੀ ਨਾਲ ਜੁੜੀ
ਸਰਦਾਰਾਂ ਦੇ ਨਿੱਕੇ ਕਾਕੇ ਦੀ ਐਵੇਂ ਉਡਦੀ ਜਿਹੀ ਗੱਲ
— ਅੱਜ ਜਾਂ ਕੱਲ੍ਹ
ਤਾਂ ਤੇਰੀਆਂ ਛਪੀਆਂ ਹੋਈਆਂ ਪੁਸਤਕਾਂ ਦੇ ਦੇ ਕੇ ਹਵਾਲੇ
ਤੈਨੂੰ ਵੀ ਬਖ਼ਸ਼ ਦਈਏ
ਆਲਮ-ਫ਼ਾਜ਼ਲ ਹੋਣ ਦਾ ਸਨਮਾਨਿਆ ਖ਼ਿਤਾਬ
ਜਾਂ ਯੂਨੀਵਰਸਿਟੀ ਦੀ ਕਿਸੇ ਵੀ ਸ਼੍ਰੇਣੀ ਦੇ ਕੋਰਸ ਵਿਚ
ਲਵਾ ਦੇਈਏ ਤੇਰੀ ਪਹਿਲੀ ਕਿਤਾਬ
ਇੱਕੋ ਚੁਟਕੀ ਮਾਰ ਸਦਾ ਲਈ ਕਰ ਦੇਈਏ ਪੂਰੇ
ਕਦੇ ਨਾ ਪੂਰੇ ਹੋ ਸਕਣ ਵਾਲੇ ਤੇਰੇ ਬਲੌਰੀ ਖ਼ਾਬ।

ਉਹ ਤਾਂ ਇਹ ਵੀ ਆਖਦੇ ਸਨ—
ਜੇ ਤੜੱਕ ਕਰਕੇ ਤੋੜ ਦੇਵੇਂ

ਪਿੰਡ ਦੇ ਮਛੋਹਰ ਮੁੰਡਿਆਂ ਦੀ ਆਹ ਸਭਾ-ਸੁਭਾ ਦਾ ਸਾਰਾ ਵਜੂਦ
ਜੇ ਨਜ਼ਮ ਵਿੱਚੋਂ ਸਦਾ ਲਈ ਗ਼ੈਰਹਾਜ਼ਰ ਕਰ ਦੇਵੇਂ
ਲੋਕਤੰਤਰ ਬਨਾਮ ਸੰਵਿਧਾਨਕ ਖ਼ਰੂਦ
ਤਾਂ ਕਾਕਾ!
ਤੇਰੇ ਛੜੇ ਤਾਏ ਦੇ ਘਰ ਵਿੱਚ ਵੀ ਪੁਆ ਦੇਈਏ ਕਿਸੇ ਦਿਨ
ਛਮਕ-ਛੱਲੋ ਜਿਹੀ ਝਾਂਜਰ ਦਾ ਮਚਦਾ ਛਣਕਾਟਾ
ਜੇ ਨਜ਼ਮ ਵਿੱਚ ਨਾ ਲਿਖੇਂ
ਐਵੇਂ ਗ਼ਲਤ-ਮਲੰਤ ਜਿਹੀ ਖੱਜਲ-ਖੁਆਰੀ
ਤਾਂ ਤੈਨੂੰ ਹੱਸ ਕੇ ਬਖ਼ਸ਼ ਦੇਈਏ
ਤੇਰੇ ਹਲਕੇ ਦੀ ਕੁੱਲ ਸਰਦਾਰੀ।

ਉਹ ਤਾਂ ਇਹ ਵੀ ਆਖਦੇ ਸਨ—
ਜੇ ਆਪਣੀ ਨਜ਼ਮ ਦੇ ਹਲਕ ਸਹਿਜੇ ਹੀ ਉਤਾਰ ਲਵੇਂ
ਇੱਕ ਚੰਗੇ ਸ਼ਹਿਰੀ ਹੋਣ ਦੇ ਹਲਫ਼ ਦੀ ਦਾਸਤਾਨ
ਅਹਿੰਸਾ ਭਰੀ ਇੱਕ ਸੱਜਰੀ ਮੁਸਕਾਨ
ਤਾਂ ਦੂਰ ਕਰ ਦਿਆਂਗੇ ਤੇਰੀ ਸਭ ਤੰਗੀ-ਤੁਰਸ਼ੀ
ਅਤੇ ਪਹਿਲੇ ਬੋਲ ਹੀ ਬਖ਼ਸ਼ ਦਿਆਂਗੇ
ਰਾਜਧਾਨੀ ਦੇ ਸਕੱਤਰੇਤ ਦੀ ਇੱਕ ਵਧੀਆ ਕੁਰਸੀ
—ਆਪਣੇ ਹੀ ਇਲਾਕੇ ਦਾ ਐਮ. ਐਲ. ਏ.
ਹੁਣ ਬਣ ਗਿਆ ਹੈ ਆਪਣੀ ਵਜ਼ਾਰਤ ਵਿੱਚ ਵਜ਼ੀਰ
—ਅੱਖ ਦੇ ਫ਼ੋਰ 'ਚ ਛੁਡਾ ਦਿਆਂਗੇ
ਕਈ ਸਾਲਾਂ ਤੋਂ ਪੁਲਿਸ, ਹਿਰਾਸਤ ਵਿੱਚੋਂ ਤੇਰਾ ਛੋਟਾ ਵੀਰ।

ਉਹ ਤਾਂ ਇਹ ਵੀ ਆਖਦੇ ਸਨ—
ਕਿ ਜੇ ਤੂੰ ਮਹਿਕੂਮ ਲੋਕਾਂ ਨੂੰ
ਚਾਨਣ ਵੰਡਦੀ ਨਜ਼ਮ ਲਿਖਣੀ ਛੱਡ ਕੇ
ਜੇ ਲਿਖੇਂ ਕਿਤੇ
ਦਿਓਰ-ਭਾਬੀ ਜਾਂ ਛੜੇ ਜੇਠ ਦੇ ਚੋਂਦੇ ਚੋਂਦੇ ਪੰਜਾਬੀ ਗੀਤ
ਜਿੰਨ੍ਹਾਂ ਵਿੱਚ ਕਿਸੇ ਮੁਟਿਆਰ ਦੀ ਵੱਖੀਆਂ ਤੋਂ ਘਸ ਘਸ ਕੇ
ਪਾਟ ਗਈ ਕੁੜਤੀ ਦਾ ਹੋਵੇ ਜ਼ਿਕਰ ਕੋਈ ਖੱਟਾ-ਟੀਟ
ਜਾਂ ਘੁੰਗਰੂਆਂ ਵਾਲੇ ਨਾਲੇ ਨੂੰ ਟੰਗਣ ਦਾ
ਸਿੱਧੀ ਸੈਨਤ ਕਰਦਾ ਬੰਤੋ ਨੂੰ ਇੱਕ ਤੱਤਾ ਤੱਤਾ ਆਦੇਸ਼
ਕਰਤਾਰੇ ਦੇ ਭਜਨ ਕਰਨ ਦੇ ਨਾਲ ਨਾਲ
ਠਾਕਰੀ ਦੇ ਟੱਲੀਆਂ ਵਜਾਉਣ ਦਾ ਹੋਵੇ ਕੋਈ ਗੁੱਝਾ ਜਿਹਾ ਸੰਦੇਸ਼
—ਜਾਂ ਸਰ੍ਹੋਂ ਦੀ ਗੰਦਲ ਵਰਗੀ ਮਾਝਿਆਂ ਦੀ ਗੁਰਨਾਮ ਕੁਰ ਨੂੰ
ਬਾਹਰਲੇ ਘਰੇ ਬੁਲਾਉਣ ਦੀ ਕੋਈ ਅਲੋਕਾਰ ਰਮਜ਼
ਤੇ ਲਿਖਣੀ ਛੱਡ ਦੇਵੇਂ ਅਵੇਂ ਬਕਬਕ ਜਿਹੀ ਨਜ਼ਮ
ਹਿਜ਼ ਮਾਸਟਰ ਵਾਲਿਆ ਦਾ ਬਣਾ ਦੇਈਏ ਤੈਨੂੰ ਸ਼ਰਬ-ਉੱਤਮ ਚਰਚਿਤ ਕਲਾਕਾਰ



—ਇੱਕੋ ਵਾਰ ਹੀ ਪੂਰੀਆਂ ਕਰ ਦੇਈਏ ਤੇਰੀਆਂ ਸਭ ਲੋੜਾਂ
ਤੇ ਅਕਾਸ਼ਵਾਣੀ ਜਾਂ ਦੂਰਦਰਸ਼ਨ ਨੂੰ ਪੱਟਣ ਲਾ ਦੇਈਏ
ਤੇਰੇ ਗੀਤਾਂ ਦੀਆਂ ਧੂੜਾਂ।

ਉਹ ਤਾਂ ਇਹ ਵੀ ਆਖਦੇ ਸਨ—
ਕਿ ਜੇ ਤੂੰ ਨਾ ਰੱਖੀ ਸਾਡੀ ਪੈੜ ਵਿਚ
ਆਪਣੀ ਹਰ ਸੱਜਰੀ ਪੈੜ
ਸਾਨੂੰ ਬੜੇ ਗੁਰਮੰਤਰ ਯਾਦ ਨੇ ਸੋਹਣਿਆ!
ਸਮਝ ਲਈ ਫਿਰ ਤੇਰੀ ਹੈ ਨਹੀਂ ਖ਼ੈਰ।
—ਜੇ ਤੂੰ ਸਾਡਾ ਕਹਿਣਾ ਉੱਕਾ ਹੀ ਨਾ ਮੰਨਿਆ
ਜਾਂ ਸਾਡੀ ਗੁਫ਼ਤਗੂ ਦਾ ਭਾਂਡਾ ਕਿਧਰੇ ਚੌਰਾਹੇ ਵਿੱਚ ਭੰਨਿਆ
ਤੇ ਕੋਸ਼ਿਸ਼ ਕੀਤੀ ਤੀਲ੍ਹੀਆਂ ਵਰਗੇ ਲੋਕਾਂ ਨੂੰ ਬਹੁਕਰ ਬਣਾਉਣ ਦੀ
ਐਵੇਂ ਗ਼ਲਤੀ ਕਰ ਬੈਠੇਂਗਾ
ਆਪਣੇ-ਆਪ ਨੂੰ ਵੱਡਾ ਸ਼ਾਇਰ ਕਹਾਉਣ ਦੀ।
ਫਿਰ ਕਦਮਾਂ ਦੇ ਸਫ਼ਰ ਤੋਂ
ਸਲੀਬ ਦੇ ਸਫਰ ਦੀ ਤਿਆਰੀ ਕਰ ਛੱਡੀਂ
—ਸਾਡੇ ਵੀ ਧੁੱਪ ਵਿੱਚ ਚਿੱਟੇ ਨਹੀਂ ਹੋਏ ਵਾਲ
ਖ਼ੌਰੂ ਪੁਟਦਾ ਫਿਰਦਾ ਏਂ
ਕਿ ਜੱਟਾ ਪਗੜੀ ਸੰਭਾਲ।

ਉਹ ਤਾਂ ਇਹ ਵੀ ਆਖਦੇ ਸਨ—
ਕਿ ਤੇਰੇ ਵਰਗੇ ਕਾਹਲਿਆਂ ਨੂੰ
ਦਿਨੇ ਹੀ ਦਿਖਾਏ ਹਨ ਅਸਾਂ ਨੇ ਬਹੁਤ ਤਾਰੇ
ਤਾਰਿਆਂ ਦੇ ਨਾਲ ਅਦਭੁਤ ਨਜ਼ਾਰੇ
ਸਿਆਣੇ ਨੂੰ ਕਾਫ਼ੀ ਹੁੰਦੇ ਹਨ
ਬੱਚੂ! ਸਿਆਣਿਆਂ ਦੇ ਹੀ ਇਸ਼ਾਰੇ।

ਉਹ ਤਾਂ ਹੋਰ ਵੀ ਬਹੁਤ ਕੁਝ ਆਖਦੇ ਸਨ—
ਪਰ ਮੈਂ ਕੁਝ ਕਹਿਣ ਦੀ ਥਾਂ
ਸੂਹੇ ਗੁਲਾਬ ਵਾਂਗ ਹੋਰ ਵੀ ਟਹਿਕਿਆ ਸਾਂ
ਆਪਣੀ ਹੀ ਖ਼ੁਸ਼ਬੋ ਨਾਲ ਅੰਦਰੋ ਅੰਦਰ ਮਹਿਕਿਆ ਸਾਂ
ਰਤਾ ਭਰ ਵੀ ਘਬਰਾਇਆ ਨਹੀਂ ਸਾਂ
ਮਨ ਹੀ ਮਨ ਮੁਸਕਰਾਇਆ ਸਾਂ ਸਗੋਂ
ਮੁਸਕਰਾਹਟ—
ਜਿਸ ਵਿੱਚ ਨਿਰੰਤਰ ਮਘਦਾ ਹੋਇਆ ਹਕੀਕੀ ਇਸ਼ਕ ਸੀ
ਜਿਸ ਵਿੱਚ ਕਟਾਰ ਵਰਗੀ ਹਸਦੀ ਲਿਸ਼ਕ ਸੀ
—ਬਾਰੂਦ ਦੀ ਤਾਸੀਰ ਵਰਗਾ ਸੇਕ ਸੀ
—ਉਨ੍ਹਾਂ ਦੀ ਸਦੀਵੀ ਮੌਤ ਦਾ ਉਲੇਖ ਸੀ।

*V.P.O. ਰੇਰੂ (ਜਲੰਧਰ)*

# ਗਡਰੀਆ / ਅਸ਼ਫਾਕ ਅਹਿਮਦ

ਸਰਦੀ ਦੀ ਇਕ ਹਨੇਰੀ ਰਾਤ ਦੀ ਗੱਲ ਹੈ। ਮੈਂ ਆਪਣੇ ਗਰਮ ਬਿਸਤਰੇ ਵਿਚ ਸਿਰ ਢੱਕ ਗੂਹੜੀ ਨੀਂਦ ਵਿਚ ਸੌਂ ਰਿਹਾ ਸੀ ਕਿ ਕਿਸੇ ਨੇ ਜ਼ੋਰ ਨਾਲ ਝੰਜੋੜ ਕੇ ਜਗਾ ਦਿੱਤਾ।

"ਕੌਣ ਹੈ ?" ਮੈਂ ਚੀਖ ਕੇ ਪੁੱਛਿਆ ਤੇ ਉੱਤਰ ਵਿਚ ਇਕ ਵੱਡਾ ਹੱਥ ਮੇਰੇ ਸਿਰ ਨਾਲ ਟਕਰਾਇਆ ਤੇ ਘੁਰ-ਹਨੇਰ ਵਿਚ ਆਵਾਜ਼ ਆਈ। "ਥਾਣੇ ਵਾਲਿਆਂ ਨੇ ਰਾਣੂ ਨੂੰ ਗ੍ਰਿਫਤਾਰ ਕਰ ਲਿਆ।"

"ਕੀ ..." ਮੈਂ ਕੰਬਦੇ ਹੱਥਾਂ ਨੂੰ ਪਰੇ ਧੱਕਣਾ ਚਾਹਿਆ। "ਕੀ ਗੱਲ ?" ਤੇ ਹਨੇਰੇ ਦਾ ਭੂਤ ਬੋਲਿਆ, "ਥਾਣੇ ਵਾਲਿਆਂ ਨੇ ਰਾਣੂ ਨੂੰ ਫੜ ਲਿਆ। ਇਸ ਦਾ ਫਾਰਸੀ ਵਿਚ ਅਨੁਵਾਦ ਕਰੋ"

ਦਾਊਜੀ ਦੇ ਬੱਚੇ," ਮੈਂ ਰੁੱਖੇ ਹੁੰਦਿਆਂ ਕਿਹਾ, "ਅੱਧੀ ਅੱਧੀ ਰਾਤ ਨੂੰ ਤੰਗ ਕਰਦੇ ਹੋ। ਮੈਂ ਆਪ ਦੇ ਘਰ ਨਹੀਂ ਰਹਿੰਦਾ। ਦੂਰ ਹੋ ਜਾਓ। ਮੈਂ ਨਹੀਂ ਪੜ੍ਹਦਾ .....। ਦਾਊਜੀ ਦੇ ਬੱਚੇ-ਕੁੱਤੇ 'ਤੇ ਮੈਂ ਰੋਣ ਲੱਗ ਪਿਆ

ਦਾਊਜੀ ਨੇ ਪੁਚਕਾਰਦੇ ਹੋਏ ਕਿਹਾ, "ਜੇ ਪੜ੍ਹੇਂਗਾ ਨਹੀਂ, ਤਾਂ ਪਾਸ ਕਿਵੇਂ ਹੋਵੇਂਗਾ ? ਪਾਸ ਨਹੀਂ ਹੋਵੇਂਗਾ ਤਾਂ ਵੱਡਾ ਆਦਮੀ ਨਹੀਂ ਬਣ ਸਕੇਂਗਾ। ਫਿਰ ਲੋਕੀ ਤੇਰੇ ਦਾਊਜੀ ਨੂੰ ਕਿਵੇਂ ਜਾਨਣਗੇ ?

ਖੁਦਾ ਕਰੇ ਸਭ ਮਰ ਜਾਣ.... ਆਪ ਵੀ....ਆਪ ਨੂੰ ਜਾਨਣ ਵਾਲੇ ਵੀ....ਤੇ ਮੈਂ ਵੀ....। ਮੈਂ ਆਪਣੀ ਜਵਾਨ ਮੌਤ ਤੇ ਏਨਾ ਰੋਇਆ ਕਿ ਦੋ ਪਲ ਲਈ ਘਿੱਗੀ ਬੱਝ ਗਈ।

ਦਾਊਜੀ ਬੜੇ ਪਿਆਰ ਨਾਲ ਮੇਰੇ ਸਿਰ ਤੇ ਹੱਥ ਫੇਰੀ ਜਾਂਦੇ ਸੀ ਤੇ ਆਖ ਰਹੇ ਸੀ, "ਬੱਸ, ਹੁਣ ਚੁੱਪ ਵੀ ਕਰ। ਸ਼ਾਬਾਸ਼.... ਮੇਰਾ ਚੰਗਾ ਬੇਟਾ, ਇਸ ਵੇਲੇ ਇਹ ਤਰਜਮਾ ਕਰ ਦੇ। ਫਿਰ ਨਹੀਂ ਜਗਾਊਂਗਾ।"

ਹੰਝੂਆਂ ਦੀ ਲੜੀ ਟੁੱਟ ਜਾਂਦੀ ਸੀ। ਮੈਂ ਸੜ ਕੇ ਕਿਹਾ, "ਅੱਜ ਹਰਾਮਜ਼ਾਦੇ ਰਾਣੂ ਨੂੰ ਫੜਕੇ ਲੈ ਗਏ। ਕੱਲ੍ਹ ਕਿਸੇ ਹੋਰ ਨੂੰ ਫੜ ਕੇ ਲੈ ਜਾਣਗੇ ਆਪ ਦਾ ਤਰਜਮਾ ਤਾਂ ...।"

"ਨਹੀਂ ਨਹੀਂ।" ਇਹਨਾਂ ਨੇ ਗੱਲ ਨੂੰ ਕੱਟਕੇ ਕਿਹਾ, "ਤੇਰਾ ਮੇਰਾ ਇਕਰਾਰ ਰਿਹਾ। ਅੱਜ ਤੋਂ ਪਿੱਛੋਂ ਰਾਤ ਨੂੰ ਜਗਾ ਕੇ ਕੁਝ ਨਾ ਪੁੱਛਾਂਗਾ। ਸ਼ਾਬਾਸ਼, ਹੁਣ ਦੱਸੋ, ਥਾਣੇ ਵਾਲਿਆਂ ਨੇ ਰਾਣੋ ਨੂੰ ਗ੍ਰਿਫਤਾਰ ਕਰ ਲਿਆ।"

ਮੈਂ ਰੁੱਸ ਕੇ ਕਿਹਾ, "ਮੈਨੂੰ ਨਹੀਂ ਆਉਂਦਾ।"

"ਤੁਰੰਤ 'ਨਹੀਂ' ਕਹਿ ਦਿੰਦਾ ਹੈ।" ਉਹਨਾਂ ਨੇ ਸਿਰ ਤੋਂ ਹੱਥ ਚੁੱਕਦਿਆਂ ਕਿਹਾ, "ਕੋਸ਼ਿਸ਼ ਤਾਂ ਕਰ।" "ਨਹੀਂ ਕਰਦਾ" ਮੈਂ ਸੜ ਕੇ ਉੱਤਰ ਦਿੱਤਾ।

ਇਸ ਤੇ ਉਹ ਜ਼ਰਾ ਹੱਸੇ ਤੇ ਬੋਲੇ। "ਕਾ ਰੁਕਨਾਨੇ ਗਜ਼ਮਖ਼ਾਨਾ ਰਾਨੂਰ। ਤੋਕੀਫ ਕਰਦੇਦ।" "ਕਾਰਦੁਨਾਨੇ ਗਜ਼ਮਖਾਨਾ-ਥਾਣੇ ਵਾਲੇ......., ਭੁਲਣਾ ਨਹੀਂ। ਨਵਾਂ ਲਫ਼ਜ਼ ਹੈ। ਨਵਾਂ ਤਰੀਕਾ ਹੈ। ਦੱਸ ਵਾਰ ਕਹਿ।"

ਮੈਨੂੰ ਪਤਾ ਸੀ ਕਿ ਇਹ ਬਲਾ ਟਲਣ ਵਾਲੀ ਨਹੀਂ। ਮਜ਼ਬੂਰਨ ਗਜ਼ਮਾਖਾਨਾ ਦਾ ਪਹਾੜਾ ਸ਼ੁਰੂ ਕਰ ਦਿੱਤਾ।

ਜਦੋਂ ਦਸ ਵਾਰ ਕਹਿ ਚੁੱਕਾ ਤਾਂ ਦਾਊਜੀ ਨੇ ਬੜੇ ਲਜੀਲੇ ਢੰਗ ਨਾਲ ਆਖਿਆ, "ਹੁਣ ਸਾਰਾ ਵਾਕ ਪੰਜ ਵਾਰ ਕਹੋ।" ਜਦੋਂ ਪੰਜ ਵਾਰ ਦੀ ਮੁਸੀਬਤ ਵੀ ਖਤਮ ਹੋਈ ਤਾਂ ਉਹਨਾਂ ਨੇ ਆਰਾਮ ਨਾਲ ਬਿਸਤਰੇ ਵਿਚ ਲਿਟਾਦਿਆਂ ਤੇ ਰਜਾਈ ਉੱਤੇ ਦਿੰਦਿਆਂ ਕਿਹਾ, "ਭੁੱਲਣਾ ਨਹੀਂ। ਸਵੇਰੇ ਉੱਠਦੇ ਹੀ ਪੁੱਛਾਂਗਾ।"

ਸ਼ਾਮ ਨੂੰ ਜਦੋਂ ਮੈਂ ਮੁੱਲਾਂ ਜੀ ਤੋਂ ਸਿਪਾਰੇ (ਕੁਰਾਨ ਦੇ ਭਾਗ) ਦਾ ਪਾਠ ਲੈ ਕੇ ਮੁੜਦਾ ਤਾਂ ਖ਼ਰਾਸੀਆਂ (ਖਤਿਆਂ ਵਾਲੇ) ਦੀ ਗਲੀ ਤੋਂ ਹੁੰਦਾ ਹੋਇਆ ਆਪਣੇ ਘਰ ਜਾਇਆ ਕਰਦਾ। ਇਸ



ਗਲੀ ਵਿਚ ਕਈ ਤਰਾਂ ਦੇ ਲੋਕ ਵੱਸਦੇ ਸੀ ਪਰ ਮੈਂ ਸਿਰਫ ਮਾਸ਼ਕੀ ਤੋਂ ਜਾਣੂ ਸੀ। ਮਾਸ਼ਕੀ ਦੇ ਘਰ ਦੇ ਨਾਲ ਬੱਕਰੀਆਂ ਦਾ ਇੱਕ ਵਾੜਾ ਸੀ, ਜਿਸਦੇ ਤਿੰਨ ਪਾਸੇ ਕੱਚੇ ਮਕਾਨਾਂ ਦੀਆਂ ਕੰਧਾਂ ਸਨ ਤੇ ਸਾਹਮਣੇ ਪਾਸੇ ਵਿੰਗੀਆਂ-ਟੇਢੀਆਂ ਲੱਕੜਾਂ ਤੇ ਕੰਡੇਦਾਰ ਝਾੜੀਆਂ ਦਾ ਉੱਚਾ ਨੀਵਾਂ ਜੰਗਲ ਸੀ। ਇਸ ਪਿੱਛੋਂ ਗਲੀ ਵਿਚ ਨਿੱਕੇ ਨਿੱਕੇ ਮੋੜ ਆਉਂਦੇ ਤੇ ਗਲੀ ਜ਼ਿਆਦਾ ਤੰਗ ਹੋ ਜਾਂਦੀ।

ਇਸ ਵਿਚ ਦੀ ਇਕੱਲੇ ਚੱਲਦੇ ਹੋਏ ਮੈਨੂੰ ਹਮੇਸ਼ਾ ਇੰਝ ਲਗਦਾ, ਜਿਵੇਂ ਮੈਂ ਬੰਦੂਕ ਦੀ ਨਾਲੀ ਵਿਚ ਦੀ ਚੱਲ ਰਿਹਾ ਹਾਂ ਤੇ ਜਦੋਂ ਹੀ ਮੈਂ ਉਸ ਦੇ ਮੂੰਹ ਵਿੱਚੋਂ ਦੀ ਬਾਹਰ ਨਿਕਲਾਂਗਾ ਜ਼ੋਰ ਨਾਲ 'ਠਾਹ' ਹੋਵੇਗੀ ਤੇ ਮੈਂ ਮਰ ਜਾਵਾਂਗਾ। ਪਰ ਸ਼ਾਮ ਦੇ ਸਮੇਂ ਕੋਈ ਨਾ ਕੋਈ ਰਾਹੀ ਇਸ ਗਲੀ ਵਿਚ ਜ਼ਰੂਰ ਮਿਲ ਜਾਂਦਾ ਤੇ ਮੇਰੀ ਜਾਨ ਬਚ ਜਾਂਦੀ। ਇਹਨਾਂ ਜਾਣ-ਆਉਣ ਵਾਲਿਆਂ ਵਿਚ ਕਦੇ ਕਦੇ ਇਕ ਚਿੱਟੀਆਂ ਮੁੱਛਾਂ ਵਾਲਾ ਲੰਮਾ ਜਿਹਾ ਆਦਮੀ ਵੀ ਹੁੰਦਾ ਸੀ, ਜਿਸ ਦੀ ਸ਼ਕਲ ਬਾਰਾਂ ਮਾਹ ਵਾਲੇ ਮਲਖੀ, (ਜੋਤਦਾਰ) ਨਾਲ ਮਿਲਦੀ ਸੀ। ਸਿਰ ਤੇ ਮਲਮਲ ਦੀ ਵੱਡੀ ਸਾਰੀ ਪੱਗ, ਥੋੜ੍ਹੀ ਜਹੀ ਝੁਕੀ ਹੋਈ ਕਮਰ ਤੇ ਖਾਕੀ ਰੰਗ ਦਾ ਢਿੱਲਾ ਤੇ ਲੰਮਾ ਕੋਟ, ਖੱਦਰ ਦਾ ਤੰਗ ਪਜਾਮਾ ਤੇ ਪੈਰਾਂ ਵਿਚ ਬੂਟ। ਬਹੁਤੀ ਵਾਰ ਉਸ ਦੇ ਨਾਲ ਮੇਰੀ ਹੀ ਉਮਰ ਦਾ ਇੱਕ ਮੁੰਡਾ ਵੀ ਹੁੰਦਾ। ਜਿਸ ਨੇ ਏਸੇ ਹੀ ਤਰ੍ਹਾਂ ਦੇ ਕੱਪੜੇ ਪਾਏ ਹੁੰਦੇ ਤੇ ਉਹ ਆਦਮੀ ਆਪਣੇ ਕੋਟ ਦੀਆਂ ਜੇਬਾਂ ਵਿਚ ਹੱਥ ਪਾਈ, ਹੌਲੀ ਹੌਲੀ ਇਸ ਨਾਲ ਗੱਲਾਂ ਕਰਦਾ। ਜਦੋਂ ਉਹ ਮੇਰੇ ਬਰਾਬਰ ਆਉਂਦੇ ਤਾਂ ਲੜਕਾ ਮੇਰੇ ਵੱਲ ਵੇਖਦਾ ਤੇ ਮੈਂ ਉਸ ਵੱਲ ਤੇ ਫਿਰ ਇਕ ਪਲ ਬਿਨਾਂ ਧੌਣ ਨੂੰ ਮੋੜੇ, ਅਸੀਂ ਆਪਣੇ ਰਾਹੇ ਪੈ ਜਾਂਦੇ।

ਇਕ ਦਿਨ ਮੈਂ ਤੇ ਮੇਰਾ ਭਰਾ ਠੱਠੀਆਂ ਦੇ ਛੱਪੜ ਵਿਚੋਂ ਮੱਛੀਆਂ ਫੜਨ ਦੀ ਅਸਫਲ ਕੋਸ਼ਿਸ਼ ਕਰਨ ਤੋਂ ਪਿਛੋਂ ਵਾਪਸ ਆ ਰਹੇ ਸੀ ਤਾਂ ਨਹਿਰ ਦੇ ਪੁਲ ਤੇ ਏਹੋ ਆਦਮੀ ਆਪਣੀ ਪੱਗ ਗੋਦ ਵਿਚ ਰੱਖੀ ਬੈਠਾ ਸੀ ਤੇ ਉਸ ਦੀ ਚਿੱਟੀ ਬੋਦੀ ਮੈਲੀ ਕੁੱਕੜੀ ਦੇ ਖੰਭਾਂ ਵਾਂਗ ਉਸ ਦੇ ਸਿਰ ਤੇ ਚੁੰਬੜੀ ਹੋਈ ਸੀ। ਉਸ ਦੇ ਲਾਗੋਂ ਦੀ ਲੰਘਦੇ ਹੋਏ, ਮੇਰੇ ਭਰਾ ਨੇ ਮੱਥੇ ਤੇ ਹੱਥ ਰੱਖ ਕੇ ਜ਼ੋਰ ਨਾਲ ਆਖਿਆ, "ਦਾਊਜੀ ਸਲਾਮ" ਤੇ ਦਾਊਜੀ ਨੇ ਸਿਰ ਹਿਲਾ ਕੇ ਕਿਹਾ, "ਜੀਊਂਦੇ ਰਹੋ।"

ਇਹ ਜਾਣਕੇ ਕਿ ਮੇਰਾ ਭਰਾ ਉਸ ਦਾ ਜਾਣੂ ਹੈ, ਮੈਂ ਬਹੁਤ ਖੁਸ਼ ਹੋਇਆ ਤੇ ਥੋੜ੍ਹੀ ਦੇਰ ਬਾਅਦ ਆਪਣੀ ਪਤਲੀ ਆਵਾਜ਼ ਵਿਚ ਚਿਲਾਇਆ, "ਦਾਊਜੀ ਸਲਾਮ।"

"ਜੀਊਂਦੇ ਰਹੋ, ਜੀਊਂਦੇ ਰਹੋ।" ਉਹਨਾਂ ਨੇ ਦੋਵੇਂ ਹੱਥ ਉਪਰ ਚੁੱਕਦੇ ਹੋਏ ਕਿਹਾ ਤੇ ਮੇਰੇ ਭਾਈ ਨੇ ਪਟਾਖ ਦੇਣੀ ਇਕ ਥੱਪੜ ਮਾਰਦੇ ਕਿਹਾ, "ਸ਼ੇਖੀ ਖ਼ੋਰ ਕੁੱਤੇ।" ਉਹ ਚੀਕਿਆ, "ਮੈਂ ਸਲਾਮ ਕਰ ਦਿੱਤੀ ਤਾਂ ਤੈਨੂੰ ਕੀ ਲੋੜ ਸੀ। ਹਰ ਗੱਲ ਵਿਚ ਆਪਣੀ ਲੱਤ ਅੜਾਉਂਦਾ ਹੈ, ਕਮੀਨਾ।" ਇਸਲਾਮੀਆਂ ਪ੍ਰਾਇਮਰੀ ਸਕੂਲ ਤੋਂ ਚੌਥੀ ਪਾਸ ਕਰਕੇ ਮੈਂ ਐਮ. ਬੀ. ਹਾਈ. ਸਕੂਲ ਦੀ ਪੰਜਵੀਂ ਜਮਾਤ ਵਿਚ ਦਾਖਲ ਹੋਇਆ ਤਾਂ ਦਾਊਜੀ ਦਾ ਲੜਕਾ ਮੇਰੀ ਕਲਾਸ ਦਾ ਸਾਥੀ ਨਿਕਲ ਆਇਆ। ਉਸ ਦੀ ਸਹਾਇਤਾ ਨਾਲ ਮੈਂ ਜਾਣ ਗਿਆ ਕਿ ਦਾਊਜੀ ਖੱਤਰੀ ਸਨ ਤੇ ਕਸਬੇ ਦੀ ਮੁਨਸਫੀ (ਅਦਾਲਤ) ਵਿਚ ਅਰਜ਼ੀ ਲਿਖਣ ਦਾ ਕੰਮ ਕਰਦੇ ਸੀ। ਲੜਕੇ ਦਾ ਨਾਂ ਅਮੀਂ ਚੰਦ ਸੀ। ਉਹ ਆਪਣੀ ਜਮਾਤ ਵਿਚ ਤੇਜ਼ ਸੀ। ਉਸ ਦੀ ਪੱਗ ਜਮਾਤ ਵਿਚ ਸਭ ਤੋਂ ਵੱਡੀ ਸੀ ਤੇ ਮੂੰਹ ਬਿੱਲੀ ਵਾਂਗੂ ਛੋਟਾ। ਕੁਝ ਲੜਕੇ ਉਸ ਨੂੰ "ਮਿਆਓਂ" ਕਹਿੰਦੇ, ਪਰ ਮੈਂ ਦਾਊਜੀ ਦੇ ਕਾਰਨ ਅਸਲੀ ਨਾਂ ਨਾਲ ਬੁਲਾਉਂਦਾ ਸੀ। ਇਸ ਕਾਰਨ ਉਹ ਮੇਰਾ ਦੋਸਤ ਬਣ ਗਿਆ ਸੀ ਤੇ ਅਸੀਂ ਇਕ ਦੂਸਰੇ ਨੂੰ ਨਿਸ਼ਾਨੀਆਂ ਦੇ ਕੇ ਪੱਕੇ ਦੋਸਤ ਬਣਨ ਦਾ ਵਾਅਦਾ ਕਰ ਲਿਆ।

ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਵਿਚ ਇਕ ਹਫਤਾ ਰਹਿ ਗਿਆ ਹੋਵੇਗਾ। ਜਦੋਂ ਮੈਂ ਅਮੀਂ ਚੰਦ ਦੇ ਨਾਲ ਪਹਿਲੀ ਵਾਰ ਉਸ ਦੇ ਘਰ ਗਿਆ। ਜਦ ਅਸੀਂ ਡਿਓੜੀ ਵਿਚ ਦਾਖਲ ਹੋਏ ਤਾਂ ਅਮੀਂ ਚੰਦ ਨੇ ਚਿਲਾਅ ਕੇ "ਬੇਬੇ ਨਮਸਤੇ" ਕਿਹਾ ਤੇ ਮੈਨੂੰ ਵਿਹੜੇ ਵਿਚਕਾਰ ਛੱਡ ਨੇ ਆਮ ਬੈਠਕ ਵਿਚ ਵੜ ਗਿਆ। ਬਰਾਡੇਂ ਵਿਚ ਬੋਰੀਆਂ ਵਿਛਾਈ ਬੇਬੇ ਮਸ਼ੀਨ ਚਲਾ ਰਹੀ ਸੀ ਤੇ ਉਸ ਦੇ ਕੋਲ ਇਕ

ਲੜਕੀ ਵੱਡੀ ਸਾਰੀ ਕੈਂਚੀ ਨਾਲ ਕੱਪੜੇ ਕੱਟ ਰਹੀ ਸੀ। ਬੇਬੇ ਨੇ ਮੂੰਹ ਵਿਚ ਹੀ ਉੱਤਰ ਦਿੱਤਾ ਤੇ ਉਂਝ ਦੀ ਉਂਝ ਮਸ਼ੀਨ ਚਲਾਉਂਦੀ ਰਹੀ। ਲੜਕੀ ਨੇ ਨਿਗਾਹ ਉਪਰ ਉਠਾ ਕੇ ਮੇਰੇ ਵੱਲ ਵੇਖਿਆ ਤੇ ਧੌਣ ਮਰੋੜ ਕੇ ਕਿਹਾ, "ਬੇਬੇ, ਸ਼ਾਇਦ ਡਾਕਟਰ ਸਾਹਿਬ ਦਾ ਲੜਕਾ ਹੈ।" ਮਸ਼ੀਨ ਰੁੱਕ ਗਈ।

"ਹਾਂ, ਹਾਂ।" ਬੇਬੇ ਨੇ ਮੁਸਕਰਾ ਕੇ ਕਿਹਾ ਤੇ ਹੱਥ ਦੇ ਇਸ਼ਾਰੇ ਨਾਲ ਆਪਣੇ ਵੱਲ ਸੱਦਿਆ।

"ਕੀ ਨਾਂ ਹੈ ਤੇਰਾ ?" ਬੇਬੇ ਨੇ ਪਿਆਰ ਨਾਲ ਪੁੱਛਿਆ। ਮੈਂ ਨਜ਼ਰਾਂ ਹੇਠਾਂ ਝੁਕਾਈ ਹੌਲੀ ਜਹੀ ਆਪਣਾ ਨਾਂ ਦੱਸਿਆ।

"ਆਫ਼ਤਾਬ ਨਾਲ ਬਹੁਤ ਸ਼ਕਲ ਮਿਲਦੀ ਹੈ।" ਲੜਕੀ ਨੇ ਕੈਂਚੀ ਰੱਖਦੇ ਹੋਏ ਕਿਹਾ, "ਹੈ ਨਾ ਮਾਂ?" ਕਿਉਂ ਨਹੀਂ, ਭਰਾ ਜੋ ਹੋਇਆ ਆਫਤਾਬ ਦਾ।

ਅੰਦਰ ਤੋਂ ਅਵਾਜ਼ ਆਈ "ਕੀ ਆਫ਼ਤਾਬ ਹੈ ਬੇਟਾ ?" ਆਫ਼ਤਾਬ ਦਾ ਭਰਾ ਹੈ ? ਦਾਊਜੀ।" ਲੜਕੀ ਨੇ ਰੁਕਦੇ ਹੋਏ ਕਿਹਾ। "ਅਮੀਂ ਚੰਦ ਦੇ ਨਾਲ ਆਇਆ ਹੈ।"

ਅੰਦਰ ਤੋਂ ਦਾਊਜੀ ਆਏ। ਉਹਨਾਂ ਨੇ ਗੋਡਿਆਂ ਤੀਕ ਆਪਣਾ ਪਜਾਮਾ ਚੜ੍ਹਾ ਰੱਖਿਆ ਸੀ ਤੇ ਕੁੜਤਾ ਲਾਹਿਆ ਹੋਇਆ ਸੀ, ਪਰ ਸਿਰ ਤੇ ਪਗੜੀ ਜਿਉਂ ਦੀ ਤਿਉਂ ਬੰਨੀ ਹੋਈ ਸੀ। ਪਾਣੀ ਦੀ ਇਕ ਹਲਕੀ ਜਿਹੀ ਬਾਲਟੀ ਚੁੱਕੀ, ਉਹ ਬਰਾਂਡੇ ਵਿਚ ਆ ਗਏ ਤੇ ਮੇਰੇ ਵੱਲ ਧਿਆਨ ਨਾਲ ਵੇਖਦੇ ਹੋਏ ਬੋਲੇ "ਹਾਂ ਬਹੁਤ ਸ਼ਕਲ ਮਿਲਦੀ ਹੈ, ਪਰ ਮੇਰਾ ਆਫ਼ਤਾਬ ਬਹੁਤ ਪਤਲਾ ਹੈ ਪਰ ਇਹ ਗੋਲ ਮਟੋਲ ਜਿਹਾ ਹੈ।" ਫਿਰ ਬਾਲਟੀ ਫਰਸ਼ ਤੇ ਰੱਖਕੇ ਮੇਰੇ ਸਿਰ ਤੇ ਹੱਥ ਫੇਰਿਆ ਤੇ ਨਾਲ ਹੀ ਲੱਕੜੀ ਦਾ ਇਕ ਸਟੂਲ ਖਿੱਚ ਕੇ ਉੱਪਰ ਬੈਠ ਗਏ, ਜ਼ਮੀਨ ਤੋਂ ਪੈਰ ਉਤਾਂਹ ਚੁੱਕ ਕੇ, ਹਲਕੇ ਜਿਹੇ ਝਾੜੇ ਤੇ ਫਿਰ ਬਾਲਟੀ ਵਿਚ ਪਾ ਦਿੱਤੇ। ਉਹਨਾਂ ਨੇ ਬਾਲਟੀ ਤੋਂ ਪਾਣੀ ਭਰ ਭਰ ਕੇ ਲੱਤਾਂ ਤੇ ਪਾਉਂਦੇ ਹੋਏ ਪੁੱਛਿਆ, ਕਿਹੜਾ ਸਿਪਾਰਾ ਪੜ੍ਹ ਰਹੇ ਹੋ?"

"ਚੌਥਾ" ਮੈਂ ਦੁਬਿਧਾ ਵਿਚ ਪਏ ਨੇ ਕਿਹਾ।

"ਕੀ ਨਾਂ ਹੈ ਤੀਜੇ ਸਿਪਾਰੇ ਦਾ ?" ਉਹਨਾਂ ਪੁੱਛਿਆ

"ਜੀ ਪਤਾ ਨਹੀਂ" ਮੇਰੀ ਆਵਾਜ਼ ਫਿਰ ਡੁੱਬ ਗਈ।

"ਤਿਲਕਰ ਰਸੂਲ" ਉਹਨਾਂ ਨੇ ਪਾਣੀ ਵਿੱਚੋਂ ਹੱਥ ਕੱਢ ਕੇ ਕਿਹਾ

ਅਮੀਂ ਚੰਦ ਹਾਲੀ ਬੈਠਕ ਦੇ ਅੰਦਰ ਹੀ ਸੀ ਤੇ ਮੈਂ ਝਿਜਕ ਦੀਆਂ ਡੂੰਘਿਆਈਆਂ ਵਿਚ ਡੁੱਬਦਾ ਜਾ ਰਿਹਾ ਸੀ। ਦਾਊਜੀ ਨੇ ਨਜ਼ਰਾਂ ਮੇਰੀ ਤਰਫ ਫੇਰ ਕੇ ਕਿਹਾ, "ਸੁਰ ਫਾਤਿਹਾ। ਕੁਰਾਨ ਦਾ ਮੁਢਲਾ ਕਾਂਡ ਸੁਣਾਉ।"

'ਮੈਨੂੰ ਨਹੀਂ ਆਉਂਦਾ।' ਮੈਂ ਸ਼ਰਮਿੰਦੇ ਹੁੰਦਿਆ ਕਿਹਾ। ਉਹਨਾਂ ਨੇ ਹੈਰਾਨ ਹੁੰਦੇ ਮੇਰੇ ਵੱਲ ਵੇਖਿਆ ਤੇ ਕਿਹਾ ਅੱਲਾਹਮਦੋ-ਇਲਾਹ, ਵੀ ਨਹੀਂ ਜਾਣਦੇ ?"

"ਉਹ ਤੇ ਜਾਣਦਾ ਹਾਂ।" ਮੈਂ ਜਲਦੀ ਨਾਲ ਕਿਹਾ ਤੇ ਨਜ਼ਰਾਂ ਝੁਕਾ ਲਈਆਂ। ਉਹ ਜ਼ਰਾ ਮੁਸਕਰਾਏ ਤੇ ਕਹਿਣ ਲੱਗੇ। "ਇਕੋ ਹੀ ਗੱਲ ਹੈ, ਇਕੋ ਹੀ" ਫਿਰ ਉਹਨਾਂ ਨੇ ਸਿਰ ਦੇ ਇਸ਼ਾਰੇ ਨਾਲ ਕਿਹਾ "ਸੁਣਾਉ।"

ਜਦੋਂ ਮੈਂ ਸੁਣਾਉਣ ਲੱਗਾ ਤਾਂ ਉਹਨਾਂ ਨੇ ਆਪਣਾ ਪਜਾਮਾ ਗੋਡਿਆਂ ਤੋਂ ਹੇਠਾਂ ਕਰਦਿਆਂ ਤੇ ਪੱਗ ਦਾ ਪੱਲਾ ਚੌੜਾ ਕਰਕੇ ਮੋਢਿਆਂ ਤੇ ਪਾ ਲਿਆ ਤੇ ਜਦੋਂ ਮੈਂ "ਵਲਦ ਦੁਆਲੀਨ" (ਸੂਰ ਫਾਤਿਆ ਦਾ ਅੰਤਲਾ ਵਾਕ) ਕਿਹਾ ਤਾਂ ਮੇਰੇ ਨਾਲ ਉਹਨਾਂ ਨੇ ਵੀ "ਆਮੀਨ" ਕਿਹਾ। ਮੈਨੂੰ ਖਿਆਲ ਆਇਆ ਕਿ ਉਹ ਉੱਠਕੇ ਮੈਨੂੰ ਉਸੇ ਵੇਲੇ ਇਨਾਮ ਦੇਣਗੇ, ਕਿਉਂਕਿ ਪਹਿਲੀ ਵਾਰ ਮੈਂ ਆਪਣੇ ਤਾਏ ਨੂੰ ਅੱਲਾਹਮਦੋ ਸੁਣਾਈ ਸੀ, ਤਾਂ ਉਹਨਾਂ ਵੀ ਏਸੇ ਤਰ੍ਹਾਂ ਹੀ ਆਮੀਨ ਕਿਹਾ ਸੀ ਤੇ ਨਾਲ ਹੀ ਇਕ ਰੁਪਇਆ ਇਨਾਮ ਵੀ ਦਿੱਤਾ ਸੀ। ਪਰ ਦਾਊਜੀ ਉਸੇ ਤਰ੍ਹਾਂ ਰਹੇ, ਸਗੋਂ ਹੋਰ ਵੀ ਪੱਥਰ ਜਹੇ ਹੋ ਗਏ। ਏਨੇ ਵਿਚ ਅਮੀਂ ਚੰਦ ਕਿਤਾਬ ਲੈ ਆਇਆ ਤੇ ਜਦੋਂ ਮੈਂ ਤੁਰਨ ਲੱਗਾ ਤਾਂ ਮੈਂ ਸਦਭਾਵਨਾ ਦੇ ਵਿਰੁੱਧ



ਹੌਲੀ ਜਹੀ ਕਿਹਾ 'ਦਾਊਜੀ ਸਲਾਮ' ਤੇ ਉਹਨਾਂ ਨੇ ਵੀ ਡੁੱਬੇ ਜਹੇ ਉੱਤਰ ਦਿੱਤਾ, "ਜੀਉਂਦਾ ਰਹੁ।"

ਬੇਬੇ ਨੇ ਮਸ਼ੀਨ ਰੋਕ ਕੇ ਕਿਹਾ, "ਕਦੇ ਕਦੇ ਅਮੀਂ ਚੰਦ ਦੇ ਨਾਲ ਖੇਡਣ ਆ ਜਾਇਆ ਕਰ।"

"ਹਾਂ, ਹਾਂ। ਆ ਜਾਇਆ ਕਰ।" ਦਾਊਜੀ ਬੋਲੇ। ਆਫ਼ਤਾਬ ਵੀ ਆ ਜਾਂਦਾ ਹੁੰਦਾ ਸੀ। ਫਿਰ ਉਹਨਾਂ ਨੇ ਬਾਲਟੀ ਤੇ ਝੁਕ ਕੇ ਕਿਹਾ, "ਸਾਡਾ ਆਫਤਾਬ ਤਾਂ ਸਾਥੋਂ ਬਹੁਤ ਦੂਰ ਹੋ ਗਿਆ" ਤੇ ਫਾਰਸੀ ਦਾ ਸ਼ਿਅਰ ਪੜ੍ਹਨ ਲੱਗੇ। ਇਹ ਦਾਊਜੀ ਨਾਲ ਮੇਰੀ ਪਹਿਲੀ ਭੇਂਟ ਸੀ। ਤੇ ਇਸ ਭੇਂਟ ਤੇ ਮੈਂ ਇਹ ਸਿੱਟਾ ਕੱਢ ਕੇ ਤੁਰਿਆ ਕਿ ਦਾਊਜੀ ਬੜੇ ਕੰਜੂਸ ਹੈ। ਬਹੁਤ ਜ਼ਿਆਦਾ ਚੁੱਪ ਜਹੇ ਹਨ ਤੇ ਕੁਝ ਬੋਲੇ ਜਹੇ ਵੀ।

ਉਸੇ ਦਿਨ ਮੈਂ ਸ਼ਾਮ ਨੂੰ ਆਪਣੀ ਮਾਂ ਨੂੰ ਦੱਸਿਆ ਕਿ ਮੈਂ ਦਾਊਜੀ ਦੇ ਘਰ ਗਿਆ ਸੀ ਤੇ ਉਹ ਆਫ਼ਤਾਬ ਭਾਈ ਨੂੰ ਬਹੁਤ ਯਾਦ ਕਰਦੇ ਸੀ। ਮਾਂ ਨੇ ਝੁੰਜਲਾ ਕੇ ਕਿਹਾ, "ਮੈਨੂੰ ਪੁੱਛ ਤੇ ਲੈਂਦਾਂ। ਠੀਕ ਹੈ, ਆਫ਼ਤਾਬ ਉਹਨਾਂ ਕੋਲ ਪੜ੍ਹਦਾ ਸੀ ਤੇ ਉਹਨਾਂ ਦੀ ਬੜੀ ਇੱਜ਼ਤ ਕਰਦਾ ਸੀ, ਪਰ ਤੇਰੇ ਅੱਬਾ ਜੀ ਉਹਨਾਂ ਨਾਲ ਬੋਲਦੇ ਤੱਕ ਨਹੀਂ। ਕਿਸੇ ਗੱਲ ਤੇ ਝਗੜਾ ਹੋ ਗਿਆ ਸੀ, ਸੋ ਅਜੇ ਤੱਕ ਨਰਾਜ਼ਗੀ ਤੁਰੀ ਆਉਂਦੀ ਹੈ। ਜੇ ਉਹਨਾਂ ਨੂੰ ਪਤਾ ਲੱਗਾ ਕਿ ਤੂੰ ਉਹਨਾਂ ਦੇ ਘਰ ਗਿਆ ਸੀ ਤਾਂ ਉਹ ਬਹੁਤ ਨਾਰਾਜ਼ ਹੋਣਗੇ।" ਫਿਰ ਮਾਂ ਨੇ ਨੰਰਮ ਹੋ ਕੇ ਕਿਹਾ, "ਆਪਣੇ ਅੱਬਾ ਕੋਲ ਇਸ ਗੱਲ ਦਾ ਜ਼ਿਕਰ ਨਹੀਂ ਕਰਨਾ।"

ਘਰ ਵਿਚ ਦਾਊਜੀ ਦਾ ਆਪਣੀ ਬੇਟੀ ਨਾਲ ਬੜਾ ਪਿਆਰ ਸੀ। ਅਸੀਂ ਸਾਰੇ ਉਸ ਨੂੰ ਬੀਬੀ ਕਹਿ ਕੇ ਬੁਲਾਉਂਦੇ ਸੀ। ਇਕੱਲੇ ਦਾਊਜੀ ਕੁਰਤਨ (ਠੰਡਕ) ਕਹਿਕੇ ਬੁਲਾਉਂਦੇ ਸੀ। ਕਦੇ ਕਦੇ ਬੈਠੇ ਬੈਠੇ ਆਵਾਜ਼ ਮਾਰ ਕੇ ਆਖਦੇ, "ਕੁਰਤਨ ਬੇਟੀ, ਇਹ ਤੇਰੀ ਕੈਂਚੀ ਕਦੋਂ ਛੁੱਟੇਗੀ ?" ਤੇ ਉਹ ਇਸ ਦੇ ਜਵਾਬ ਵਿਚ ਮੁਸਕਰਾ ਕੇ ਚੁੱਪ ਹੋ ਜਾਂਦੀ। ਬੇਬੇ ਨੂੰ ਇਸ, ਨਾਂ ਨਾਲ ਚਿੜ ਸੀ। ਉਹ ਚੀਖ ਕੇ ਝੱਟ ਉੱਤਰ ਦਿੰਦੀ। "ਤੁਸਾਂ ਇਸ ਦਾ ਨਾਂ 'ਕੁਰਤਨ' ਰੱਖ ਕੇ ਇਸਦੇ ਕਰਮਾਂ ਵਿਚ ਕੁੜਤੇ ਸੀਣਾ ਲਿਖ ਦਿੱਤਾ ਹੈ।" ਉਹ ਮੁਸਕਰਾ ਕੇ ਆਖਦੇ, "ਅਨਪੜ੍ਹ। ਜੇ ਸ਼ਕਲ ਚੰਗੀ ਨਾ ਹੋਵੇ ਤਾਂ ਸਲੀਕਾ ਹੀ ਹੋਵੇ। ਆਦਮੀ ਬਾਤ ਤਾਂ ਮੂੰਹ ਵਿਚੋਂ ਚੰਗੀ ਕੱਢੇ।" ਤੇ ਬੇਬੇ ਦਾਊਜੀ ਨੂੰ ਉਹਨਾਂ ਦੇ ਮੂੰਹ ਤੇ, ਜੋ ਜੀ ਵਿਚ ਆਉਂਦਾ ਕਹਿੰਦੀ ਰਹਿੰਦੀ। ਪਹਿਲਾਂ ਕੋਸਦੀ ਫਿਰ ਬੁੜਬੁੜਾਉਂਦੀ, ਫਿਰ ਅਖੀਰ ਵਿਚ ਗਾਲਾਂ ਤੇ ਉੱਤਰ ਆਉਂਦੀ।

ਬੀਬੀ ਰੋਕਦੀ, ਤਾਂ ਦਾਊਜੀ ਕਹਿੰਦੇ, "ਹਵਾਵਾਂ ਚੱਲਣ ਲਈ ਹੁੰਦੀਆਂ ਹਨ। ਤੁਸੀਂ ਇਹਨੂੰ ਰੋਕੋ ਮੱਤ।" ਫਿਰ ਉਹ ਆਪਣੀਆਂ ਕਿਤਾਬਾਂ ਸਮੇਟਦੇ ਤੇ ਆਪਣਾ ਪਿਆਰਾ ਹਸੀਰ ਚੁੱਕਦੇ ਤੇ ਚੁੱਪ ਕਰਕੇ ਪੌੜੀਆਂ ਚੜ੍ਹ ਜਾਂਦੇ।

ਨਵੀਂ ਜਮਾਤ ਦੇ ਸ਼ੁਰੂ ਵਿਚ ਮੈਨੂੰ ਇਕ ਭੈੜੀ ਆਦਤ ਪੈ ਗਈ ਤੇ ਇਸ ਆਦਤ ਨੇ ਖੂਬ ਚੰਦ ਚੜ੍ਹਾਏ। ਹਕੀਮ ਅਲੀ ਅਹਿਮਦ (ਸਵਰਗੀ) ਸਾਡੇ ਕਸਬੇ ਦੇ ਇਕ ਹਕੀਮ ਸੀ। ਇਲਾਜ ਨਾਲ ਤਾਂ ਉਹਨਾਂ ਦਾ ਖਾਸ ਵਾਹ ਨਹੀਂ ਸੀ, ਪਰ ਗੱਲਾਂ ਬੜੀਆਂ ਮਜ਼ੇਦਾਰ ਸੁਣਾਉਂਦੇ ਸੀ ਤੇ ਔਲੀਆਂ ਆਦਿ ਦੇ ਕਿੱਸੇ, ਜਿੰਨ-ਭੂਤਾਂ ਦੀਆਂ ਕਹਾਣੀਆਂ, ਹਜ਼ਰਤ ਸੁਲੇਮਾਨ (ਇਕ ਪੈਗੰਬਰ) ਤੇ ਮਲਕਾ-ਏ-ਸਬਾ (ਅਰਬ ਦੀ ਰਾਣੀ ਤੇ ਸੁਲੇਮਾਨ ਦੀ ਪ੍ਰੇਮਿਕਾ) ਦੀ ਘਰੇਲੂ ਜ਼ਿੰਦਗੀ ਦੀਆਂ ਕਥਾਵਾਂ, ਉਹਨਾਂ ਦੇ ਨਿਸ਼ਾਨੇ ਤੇ ਲੱਗਣ ਵਾਲੇ ਟੋਟਕੇ ਸਨ। ਉਹਨਾਂ ਦੇ ਹਨੇਰੇ ਦਵਾਖਾਨੇ ਵਿਚ ਮਾਜੂਨ ਦੇ ਕੁਝ ਡੱਬੇ ਤੇ ਦੋ-ਤਿੰਨ ਸ਼ੀਸ਼ੀਆਂ ਤੋਂ ਬਿਨਾਂ ਕੁਝ ਨਹੀਂ ਸੀ। ਦਵਾਵਾਂ ਤੋਂ ਬਿਨਾਂ ਉਹ ਆਪਣੀ ਕਰਾਮਾਤੀ ਤਕਰੀਰ ਤੇ ਹਜ਼ਰਤ ਸੁਲੇਮਾਨ ਦੇ ਖਾਸ ਨੁਸਖਿਆਂ ਨਾਲ ਰੋਗੀ ਦਾ ਇਲਾਜ ਕਰਦੇ ਸੀ।

ਮੈਂ ਆਪਣੇ ਹਸਪਤਾਲ ਵਿਚੋਂ ਖਾਲੀ ਸ਼ੀਸ਼ੀਆਂ ਤੇ ਬੋਤਲਾਂ ਚੁਰਾ ਕੇ ਲੈ ਜਾਂਦਾ ਤੇ ਉਸਦੇ ਬਦਲੇ ਵਿਚ ਉਹ ਮੈਨੂੰ ਦਾਸਤਾਨੇ ਅਸੀਰ ਹਮਜ਼ਾ (ਕਹਾਣੀਆਂ) ਦੀਆਂ ਕਿਤਾਬਾਂ ਦੀਆਂ ਜਿਲਦਾਂ ਪੜ੍ਹਨ ਲਈ ਦਿੰਦੇ ਹੁੰਦੇ ਸੀ। ਇਹ ਕਿਤਾਬਾਂ ਏਨੀਆਂ ਦਿਲਚਸਪ ਸੀ ਕਿ ਸਾਰੀ ਰਾਤ ਆਪਣੇ ਬਿਸਤਰੇ ਵਿਚ ਦੜ੍ਹਿਆ ਪੜ੍ਹਦਾ ਤੇ ਸਵੇਰੇ ਦੇਰ ਤੀਕ ਸੁੱਤਾ ਰਹਿੰਦਾ।

ਮਾਂ ਮੇਰੀ ਇਸ ਗੱਲ ਨੂੰ ਲੈ ਕੇ ਪ੍ਰੇਸ਼ਾਨ ਸੀ। ਅੱਬਾ ਜੀ ਵੀ ਨਰਾਜ਼ ਸਨ ਪਰ ਮੇਰੀ ਰਾਤ ਤਲਿਸਮੇਂ ਹੋਸ਼ਰੁਬਾ (ਕਹਾਣੀਆਂ ਦੀ ਕਿਤਾਬ) ਦੇ ਮਹੱਲਾਂ ਵਿਚ ਲੰਘਦੀ ਤੇ ਦਿਨ ਜਮਾਤ ਵਿੱਚ ਬੈਂਚ ਤੇ ਖਲੋ ਕੇ ਤਿਮਾਹੀ ਇਮਤਿਹਾਨ ਵਿਚੋਂ ਫੇਲ੍ਹ ਹੁੰਦੇ ਹੁੰਦੇ ਬਚਿਆ। ਛਿਮਾਹੀ ਸਮੇਂ ਬੀਮਾਰ ਪੈ ਗਿਆ ਤੇ ਸਲਾਨਾ ਪ੍ਰੀਖਿਆ ਵਿਚ ਵੈਦ ਜੀ ਦੀ ਮਦਦ ਨਾਲ ਮਾਸਟਰਾਂ ਨਾਲ ਮਿਲਕੇ ਪਾਸ ਹੋ ਗਿਆ। ਦਸਵੀਂ ਵਿਚ ਸੰਦਲੀਨਾਮਾ (ਫਾਰਸੀ ਦੀ ਕਿਤਾਬ), ਫਸਾਨਾ-ਏ-ਆਜ਼ਾਦ (ਉਰਦੂ ਨਾਵਲ) ਅਲਫ਼-ਲੈਲਾ ਨਾਲ ਨਾਲ ਚਲਦੇ ਸੀ। ਫਸਾਨਾ-ਏ-ਆਜ਼ਾਦ ਤੇ ਸੰਗਲੀਨਾਮਾ ਘਰ ਘਰ ਰੱਖਦੇ ਸੀ। ਪ੍ਰੰਤੂ ਅਲਫ਼-ਲੈਲਾ ਸਕੂਲ ਦੇ ਡੈਸਕ ਵਿਚ ਬੰਦ ਰਹਿੰਦੀ ਸੀ, ਆਖਰੀ ਬੈਂਚ ਤੇ ਭੂਗੋਲ ਦੀ ਕਿਤਾਬ ਦੇ ਹੇਠਾਂ ਮੈਂ ਸਿੰਧਬਾਦ ਜਹਾਜ਼ੀ ਦੇ ਨਾਲ ਨਾਲ ਚੱਲਦਾ ਤੇ ਇਸ ਤਰ੍ਹਾਂ ਦੁਨੀਆਂ ਦੀ ਸੈਰ ਕਰਦਾ।

22 ਮਈ ਦਾ ਕਿੱਸਾ ਹੈ ਕਿ ਯੂਨੀਵਰਸਿਟੀ ਦੇ ਨਤੀਜੇ ਦੀ ਕਿਤਾਬ ਐਮ. ਬੀ. ਹਾਈ. ਸਕੂਲ ਪਹੁੰਚੀ। ਅਮੀਂ ਚੰਦ ਸ਼ਰਫ ਸਕੂਲ ਚੋਂ ਹੀ ਨਹੀਂ, ਸਗੋਂ ਜ਼ਿਲ੍ਹੇ ਭਰ ਵਿਚੋਂ ਅੱਵਲ ਆਇਆ ਸੀ। ਸੱਤ ਲੜਕੇ ਫੇਲ੍ਹ ਹੋ ਗਏ ਸੀ ਤੇ 22 ਪਾਸ। ਵੈਦ ਜੀ ਦਾ ਜਾਦੂ ਯੂਨੀਵਰਸਿਟੀ ਤੇ ਨਹੀਂ ਸੀ ਚੱਲ ਸਕਿਆ ਤੇ ਪੰਜਾਬ ਦੀ ਬੇਰਹਿਮ ਯੂਨੀਵਰਸਿਟੀ ਨੇ ਮੇਰਾ ਨਾਮ ਵੀ ਉਹਨਾਂ ਸੱਤਾਂ ਲੜਕਿਆਂ ਵਿੱਚ ਸ਼ਾਮਿਲ ਕਰ ਦਿੱਤਾ। ਉਸੇ ਸ਼ਾਮ ਅੱਬਾ ਨੇ ਮੇਰੀ ਪਿਟਾਈ ਕੀਤੀ ਤੇ ਘਰ ਚੋਂ ਕੱਢ ਦਿੱਤਾ। ਮੈਂ ਹਸਪਤਾਲ ਦੇ ਹਲਟ ਦੀ ਗੱਦੀ ਤੇ ਆ ਬੈਠਾ ਤੇ ਰਾਤ ਭਰ ਇਹ ਸੋਚਦਾ ਰਿਹਾ, "ਹੁਣ ਕੀ ਕਰਨਾ ਚਾਹੀਦਾ ਤੇ ਕਿੱਥੇ ਜਾਣਾ ਚਾਹੀਦਾ ?"

ਅਗਲੇ ਦਿਨ ਮੇਰੇ ਫੇਲ੍ਹ ਹੋਣ ਵਾਲੇ ਸਾਥੀਆਂ ਵਿਚੋਂ ਖੁਸ਼ੀਆ, ਕੱਦੂ, ਦਿਲ ਸਿਵ, ਯਾਬੀਬ ਮਸਜਦ ਦੇ ਪਿਛਵਾੜੇ ਟਾਲ੍ਹੀ ਦੇ ਰੁੱਖ ਕੋਲ ਬੈਠੇ ਮਿਲ ਗਏ। ਉਹ ਲਾਹੌਰ ਜਾਕੇ ਵਿਉਪਾਰ ਕਰਨ ਦਾ ਪ੍ਰੋਗਰਾਮ ਬਣਾ ਰਹੇ ਸੀ।

ਦਿਲ ਸਿਵ, ਯਾਬੀਬ ਨੇ ਮੈਨੂੰ ਦੱਸਿਆ ਕਿ ਲਾਹੌਰ ਵਿਚ ਬਹੁਤ ਵਿਉਪਾਰ ਹਨ, ਕਿਉਂਕਿ ਉਸ ਦੇ ਮਾਮਾ ਜੀ ਅਕਸਰ ਆਪਣੇ ਮਿੱਤਰ ਫਤਹਿ ਚੰਦ ਦੇ ਠੇਕਿਆਂ ਦਾ ਜ਼ਿਕਰ ਕਰਦੇ ਰਹਿੰਦੇ ਸੀ, ਜਿਸ ਸਾਲ ਵਿਚ ਹੀ ਦੋ ਕਾਰਾਂ ਖਰੀਦ ਲਈਆਂ ਸਨ।

ਮੈਂ ਉਹਨਾਂ ਦੇ ਵਿਉਪਾਰ ਬਾਬਤ ਪੁੱਛਿਆ ਤਾਂ ਯਾਬੀਬ ਨੇ ਕਿਹਾ ਕਿ ਲਾਹੌਰ ਵਿਚ ਹਰ ਤਰ੍ਹਾਂ ਦਾ ਵਿਉਪਾਰ ਹੁੰਦਾ ਹੈ। ਬੱਸ, ਇਕ ਦਫਤਰ ਹੋਣਾ ਚਾਹੀਦਾ ਤੇ ਉਸਦੇ ਸਾਹਮਣੇ ਵੱਡਾ ਸਾਰਾ ਸਾਈਨ ਬੋਰਡ ਵੇਖ ਕੇ ਲੋਕ ਖੁਦ ਵਿਉਪਾਰ ਦਾ ਕੰਮ ਦੇ ਜਾਂਦੇ ਹਨ।

ਅੰਤ ਫੈਸਲਾ ਹੋਇਆ ਕਿ ਅਗਲੇ ਦਿਨ ਦੋ ਵਜੇ ਵਾਲੀ ਗੱਡੀ ਵਿਚ ਅਸੀਂ ਰਵਾਨਾ ਹੋ ਜਾਵਾਂਗੇ। ਘਰ ਪਹੁੰਚ ਕੇ ਮੈਂ ਯਾਤਰਾ ਦੀ ਤਿਆਰੀ ਕਰਨ ਲੱਗਾ, ਬੂਟ ਪਾਲਿਸ਼ ਕਰ ਰਿਹਾ ਸੀ ਕਿ ਨੌਕਰ ਨੇ ਆ ਕੇ ਕਿਹਾ, "ਚਲੋ ਜੀ ਡਾਕਟਰ ਸਾਹਿਬ ਸੱਦਦੇ ਨੇ," ਸੋ ਡਰਦੇ ਡਰਦੇ ਬਰਾਂਡੇ ਦੀਆਂ ਪੌੜੀਆਂ ਚੜ੍ਹਿਆ। ਫਿਰ ਹੌਲੀ ਹੌਲੀ ਜਾਲੀ ਵਾਲਾ ਦਰਵਾਜ਼ਾ ਖੋਲ੍ਹ ਕੇ ਅੱਬਾ ਦੇ ਕਮਰੇ ਵਿਚ ਦਾਖਲ ਹੋਇਆ ਤਾਂ ਉਥੇ ਉਹਨਾਂ ਤੋਂ ਬਿਨਾਂ ਦਾਊਜੀ ਬੈਠੇ ਸੀ। ਮੈਂ ਡਰਦੇ ਡਰਦੇ ਦਾਊਜੀ ਨੂੰ ਸਲਾਮ ਕੀਤੀ। ਉਹਨਾਂ ਨੇ ਉੱਤਰ ਵਿਚ ਹੌਲੀ ਜਿਹੀ 'ਜੀਉਂਦੇ ਰਹੋ' ਦੀ ਦੁਆ ਦਿੱਤੀ।

"ਇਹਨਾਂ ਨੂੰ ਪਛਾਣਦੇ ਹੋ ?" ਅੱਬਾ ਜੀ ਨੇ ਸਖਤੀ ਨਾਲ ਕਿਹਾ

"ਬੇਸ਼ੱਕ" ਮੈਂ ਇਕ ਸਭਿਆ ਬੱਚੇ ਵਾਂਗ ਕਿਹਾ।

"ਬੇਸ਼ੱਕ ਦੇ ਬੱਚੇ, ਹਰਾਮਜ਼ਾਦੇ ਮੈਂ ਤੇਰੀ ਇਹ ਸਭ ......।"

"ਨਾ, ਨਾ, ਡਾਕਟਰ ਸਾਹਿਬ" ਦਾਊਜੀ ਨੇ ਹੱਥ ਉਤਾਂਹ ਚੁੱਕਦੇ ਹੋਏ ਕਿਹਾ, "ਇਹ ਬੜਾ ਚੰਗਾ ਲੜਕਾ ਹੈ, ਇਸ ਨੂੰ ਤਾਂ.....।"

ਤੇ ਡਾਕਟਰ ਸਾਹਿਬ ਨੇ ਗੱਲ ਕੱਟ ਕੇ ਸਖਤੀ ਨਾਲ ਕਿਹਾ, "ਆਪ ਨਹੀਂ ਜਾਣਦੇ, ਮੁਣਸ਼ੀ ਜੀ, ਇਸ ਕਮੀਨੇ ਨੇ ਮੇਰੀ ਇੱਜ਼ਤ ਮਿੱਟੀ ਵਿੱਚ ਮਿਲਾ ਦਿੱਤੀ ਹੈ।"

"ਆਪ ਫਿਕਰ ਨਾ ਕਰੋ। ਉਹ ਮੇਰੇ ਆਫਤਾਬ ਨਾਲੋਂ ਵੀ ਜ਼ਹੀਨ ਹੈ। ਇਕ ਦਿਨ...।"



ਇਸ ਵਾਰ ਡਾਕਟਰ ਸਾਹਿਬ ਨੂੰ ਗੁੱਸਾ ਆ ਗਿਆ। ਮੇਜ਼ ਤੇ ਹੱਥ ਮਾਰ ਕੇ ਬੋਲੇ "ਕੈਸੀ ਗੱਲ ਕਰਦੇ ਹੋ ਮੁਣਸ਼ੀ ਜੀ, ਇਹ ਆਫਤਾਬ ਦੀ ਜੁੱਤੀ ਦੀ ਬਰਾਬਰੀ ਨਹੀਂ ਕਰ ਸਕਦਾ।"

"ਕਰ ਲਵੇਗਾ, ਕਰ ਲਵੇਗਾ, ਡਾਕਟਰ ਸਾਹਿਬ।" ਦਾਊਜੀ ਨੇ ਸਿਰ ਹਿਲਾਉਂਦੇ ਹੋਏ ਕਿਹਾ, "ਆਪ ਬੇਫਿਕਰ ਰਹੋ।" ਫਿਰ ਉਹ ਆਪਣੀ ਕੁਰਸੀ ਤੋਂ ਉੱਠੇ ਤੇ ਮੇਰੇ ਮੋਢਿਆਂ ਤੇ ਹੱਥ ਰੱਖਦੇ ਬੋਲੇ, "ਮੈਂ ਸੈਰ ਨੂੰ ਚੱਲਦਾ ਹਾਂ। ਤੂੰ ਮੇਰੇ ਸਾਥ ਆ, ਗੱਲਾਂ ਕਰਾਂਗੇ" ਮੋਢਿਆਂ ਤੇ ਹੱਥ ਰੱਖਦੇ ਬੋਲੇ। ਅੱਬਾ ਉਸੇ ਤਰ੍ਹਾਂ ਕੁਰਸੀ ਤੇ ਬੈਠੇ ਰਜਿਸਟਰ ਉਲਟਦੇ ਰਹੇ ਤੇ ਗੁੱਸੇ ਵਿਚ ਬੁੜਬੁੜਾਉਂਦੇ ਰਹੇ।

ਦਾਊਜੀ ਮੈਨੂੰ ਇਧਰ ਉਧਰ ਘੁੰਮਾਉਂਦੇ ਰਹੇ ਤੇ ਰੁੱਖਾਂ ਦੇ ਨਾਂ ਫਾਰਸੀ ਵਿੱਚ ਦੱਸਦੇ ਹੋਏ ਨਹਿਰ ਦੇ ਉਸੇ ਪੁੱਲ ਤੇ ਲੈ ਗਏ, ਜਿਥੇ ਮੇਰੀ ਉਹਨਾਂ ਨਾਲ ਪਹਿਲੀ ਮੁਲਾਕਾਤ ਹਈ ਸੀ।

ਆਪਣੀ ਖਾਸ ਜਗ੍ਹਾ ਤੇ ਬਹਿਕੇ ਉਹਨਾਂ ਨੇ ਆਪਣੀ ਪਗੜੀ ਲਾਹ ਕੇ ਗੋਦ ਵਿਚ ਰੱਖ ਲਈ। ਸਿਰ ਤੇ ਹੱਥ ਫੇਰਿਆ ਤੇ ਮੈਨੂੰ ਸਾਹਮਣੇ ਬੈਠਣ ਦਾ ਇਸ਼ਾਰਾ ਕੀਤਾ। ਫਿਰ ਉਹਨਾਂ ਨੇ ਅੱਖਾਂ ਬੰਦ ਕਰ ਲਈਆਂ ਤੇ ਕਿਹਾ, "ਅੱਜ ਤੋਂ ਮੈਂ ਤੈਨੂੰ ਪੜ੍ਹਾਉਂਗਾ ਤੇ ਜਮਾਤ ਵਿਚ ਪਹਿਲੀ ਪੁਜੀਸ਼ਨ ਅਵੱਸ਼ ਦਿਵਾ ਦਿਆਂਗਾ। ਮੇਰੇ ਹਰ ਮਕਸਦ ਵਿਚ ਭਗਵਾਨ ਦੀ ਮਦਦ ਹੁੰਦੀ ਹੈ, ਤੇ ਉਸ ਨੇ ਮੈਨੂੰ ਆਪਣੀ ਮਿਹਰਬਾਨੀ ਤੋਂ ਕਦੇ ਨਾ-ਉਮੀਦ ਨਹੀਂ ਕੀਤਾ।

"ਮੈਥੋਂ ਪੜ੍ਹਾਈ ਨਹੀਂ ਹੋਣੀ।" ਮੈਂ ਹੱਠ ਕਰਕੇ ਗੱਲ ਕੱਟੀ। "ਪੜ੍ਹਾਈ ਨਹੀਂ ਹੋਵੇਗੀ, ਤਾਂ ਕੀ ਹੋਵੇਗਾ। ਗੋਲੂ ?" ਉਹਨਾਂ ਨੇ ਮੁਸਕਰਾ ਕੇ ਕਿਹਾ।

ਮੈਂ ਆਖਿਆ, "ਮੈਂ ਵਿਉਪਾਰ ਕਰਾਂਗਾ। ਰੁਪਏ ਕਮਾਉਂਗਾ। ਤੇ ਆਪਣੀ ਕਾਰ ਲੈਕੇ ਆਉਂਗਾ। ...ਫਿਰ ਵੇਖਣਾ...।"

ਇਸ ਵਾਰੀ ਦਾਊਜੀ ਨੇ ਮੇਰੀ ਗੱਲ ਕੱਟੀ ਤੇ ਪ੍ਰੇਮ-ਭਾਵ ਨਾਲ ਕਿਹਾ "ਭਗਵਾਨ ਇਕ ਛੱਡ ਦੱਸ ਕਾਰਾਂ ਤੈਨੂੰ ਦੇਵੇ। ਪਰ ਇਕ ਅਨਪੜ੍ਹ ਦੀ ਕਾਰ ਵਿਚ ਮੈਂ ਨਹੀਂ ਬੈਠਾਂਗਾ ਤੇ ਨਾ ਡਾਕਟਰ ਸਾਹਿਬ।"

ਮੈਂ ਸੜ ਕੇ ਕਿਹਾ, "ਮੈਨੂੰ ਕਿਸੇ ਦੀ ਪ੍ਰਵਾਹ ਨਹੀਂ। ਡਾ. ਸਾਹਿਬ ਆਪਣੇ ਏਥੇ ਰਾਜ਼ੀ ਰਹਿਣ। ਮੈਂ ਆਪਣੇ ਏਥੇ ਖੁਸ਼।"

ਉਹਨਾਂ ਨੇ ਮੇਰੀ ਗੱਲ ਨਹੀਂ ਸੁਣੀ ਤੇ ਆਖਣ ਲੱਗੇ "ਜੇ ਆਪਣੇ ਉਸਤਾਦ ਦੇ ਸਾਹਮਣੇ ਮੇਰੇ ਮੂੰਹੋਂ ਐਸੀ ਗੱਲ ਨਿਕਲ ਜਾਂਦੀ ਤਾਂ ...... ਤਾਂ ਉਹਨਾਂ ਨੇ ਤੁਰੰਤ ਆਪਣੀ ਪਗੜੀ ਉਠਾ ਕੇ ਸਿਰ ਤੇ ਰੱਖ ਲਈ ਤੇ ਕਹਿਣ ਲੱਗੇ, "ਮੈਂ ਹਜ਼ੂਰ ਦੇ ਦਰਬਾਰ ਦਾ ਤੁੱਛ ਕੁੱਤਾ ਹਾਂ। ਮੈਂ ਹਜ਼ਰਤ ਮੌਲਾਣਾ ਦੀ ਖ਼ਾਕ ਤੋਂ ਬੁਰਾ ਆਦਮੀ ਹੋ ਕੇ ਮਾਲਕ ਨੂੰ ਇਹ ਕਹਿ ਕੇ ਲਾਹਨਤ ਜਾਂ ਧਿਰਕਾਰ ਦਾ ਤੌਂਕ ਨਾ ਪਹਿਨਦਾ।" ਫਿਰ ਉਹਨਾਂ ਨੇ ਦੋਵੇਂ ਹੱਥ ਸੀਨੇ ਤੇ ਰੱਖ ਲਏ ਤੇ ਸਿਰ ਗੋਦ ਵਿਚ ਝੁਕਾ ਕੇ ਬੋਲੇ, "ਮੈਂ ਜ਼ਾਤ ਦਾ ਗਡਰੀਆ। ਮੇਰਾ ਬਾਪ ਮੁਡਾਸੀ ਦਾ ਗਵਾਲਾ। ਮੈਂ ਅਗਿਆਨਤਾ ਦਾ ਪੁੱਤਰ। ਮੇਰਾ ਖਾਨਦਾਨ ਅਬੂ ਜਹਿਲ (ਹਜ਼ਰਤ ਮੁਹੰਮਦ ਸਾਹਿਬ ਦੇ ਸ਼ਤਰੂ ਚਾਚਾ) ਦੇ ਖਾਨਦਾਨ ਨਾਲ ਜੁੜਿਆ ਤੇ ਮਾਲਕ ਦੀ ਇੱਕ ਨਜ਼ਰ ਹਜ਼ੂਰ ਦਾ ਇਕ ਇਸ਼ਾਰਾ। ਹਜ਼ੂਰ ਨੇ ਚਿਤੂ ਨੂੰ ਮੁਣਸ਼ੀ ਚਿੱਤ ਰਾਮ ਬਣਾ ਦਿੱਤਾ। ਲੋਕ ਆਖਦੇ ਨੇ ਮੁਣਸ਼ੀ ਜੀ। ਮੈਂ ਕਹਿੰਦਾ ਹਾਂ ਰਹਿਮਤ ਲਾਏ ਲਹਿ (ਭਗਵਾਨ ਦੇ ਕਿਰਪਾ ਪਾਤਰ) ਦੇ ਤੁਛ ਗੁਲਾਮ ਤੇ ਕਿਰਪਾ ਹੋਵੇ....ਲੋਕ ਸਮਝਦੇ ਹਨ..." ਦਾਊਜੀ ਕਦੇ ਹੱਥ ਜੋੜਦੇ ਕਦੀ ਸਿਰ ਝੁਕਾਉਂਦੇ, ਕਈ ਉਂਗਲੀਆਂ ਚੁੰਮ ਕੇ ਅੱਖਾਂ ਨੂੰ ਲਗਾਉਂਦੇ ਤੇ ਵਿਚ ਵਿਚ ਫਾਰਸੀ ਦੇ ਸ਼ਿਅਰ ਪੜ੍ਹਦੇ ਜਾਂਦੇ।

ਦਾਊਜੀ ਨੇ ਮੇਰਾ ਜੀਵਨ ਬਰਬਾਦ ਕਰ ਦਿੱਤਾ। ਮੇਰਾ ਜੀਣਾ ਹਰਾਮ ਕਰ ਦਿੱਤਾ। ਸਾਰਾ ਦਿਨ ਸਕੂਲ ਦੀ ਬਕਵਾਸ ਵਿਚ ਲੰਘਦਾ ਤੇ ਰਾਤ....ਗਰਮੀਆਂ ਦੀ ਛੋਟੀ ਜਿਹੀ ਰਾਤ.... ਸਵਾਲਾਂ ਦੇ ਜਵਾਬਾਂ ਵਿਚ।

ਕੋਠੇ ਤੇ ਦਾਊਜੀ ਦੀ ਮੰਜੀ ਮੇਰੇ ਬਿਸਤਰੇ ਦੇ ਨਾਲ ਵਿਛੀ ਹੋਈ ਹੈ ਤੇ ਦਾਊਜੀ ਪੁੱਛ ਰਹੇ ਹਨ।

"ਬੜੇ-ਬੇ-ਆਬਰੂ ਹੋ ਕੇ ਤੇਰੇ ਕੂਚੇ ਸੇ ਹਮ ਨਿਕਲੇ। ਇਸ ਦਾ ਤਰਜਮਾ ਕਰੋ।"

ਮੈਂ ਆਗਿਆਕਾਰੀ ਹੋ ਕੇ ਕਿਹਾ, "ਜੀ ਇਹ ਲੰਮਾ ਵਾਕ ਹੈ, ਸਵੇਰੇ ਲਿਖ ਕੇ ਦੱਸ ਦੇਵਾਂਗਾ। ਕੋਈ ਦੂਸਰਾ ਪੁੱਛ ਲਵੋ।" ਉਹਨਾਂ ਨੇ ਅਕਾਸ਼ ਵੱਲ ਨਜ਼ਰਾਂ ਉਠਾ ਕੇ "ਬਹੁਤ ਅੱਛਾ" ਕਿਹਾ।

ਅਮੀਂ ਚੰਦ ਕਾਲਜ ਚਲਾ ਗਿਆ ਤਾਂ ਉਸ ਦੀ ਬੈਠਕ ਮੈਨੂੰ ਮਿਲ ਗਈ ਤੇ ਦਾਊਜੀ ਦੇ ਮਨ ਤੇ ਉਨ੍ਹਾਂ ਦੇ ਪ੍ਰੇਮ ਨੇ ਵੀ ਅਧਿਕਾਰ ਜਮਾ ਲਿਆ। ਹੁਣ ਦਾਊਜੀ ਮੈਨੂੰ ਬਹੁਤ ਚੰਗੇ ਲੱਗਣ ਲੱਗੇ। ਉਹਨਾਂ ਦੀਆਂ ਜਿਹੜੀਆਂ ਗੱਲਾਂ ਉਸ ਸਮੇਂ ਬੁਰੀਆਂ ਲੱਗਦੀਆਂ ਸਨ, ਉਹ ਹੁਣ ਵੀ ਬੁਰੀਆਂ ਲਗਦੀਆਂ ਹਨ, ਸਗੋਂ ਪਹਿਲਾਂ ਨਾਲੋਂ ਜ਼ਿਆਦਾ ਹੀ ਸ਼ਾਇਦ ਇਸ ਲਈ ਕਿ ਮੈਂ ਮਨੋ-ਵਿਗਿਆਨ ਦਾ ਇਕ ਵਿਦਿਆਰਥੀ ਹਾਂ ਤੇ ਦਾਊਜੀ ਮੁਲਾਈ ਮਕਤਬ (ਪੁਰਾਣੇ ਸਕੂਲ) ਦੇ ਪੜ੍ਹੇ ਤੇ ਪਲੇ ਹੋਏ ਸੀ। ਸਭ ਤੋਂ ਬੁਰੀ ਆਦਤ ਉਹਨਾਂ ਦੀ ਉਠਦੇ ਬਹਿੰਦੇ, ਪ੍ਰਸ਼ਨ ਪੁੱਛਣ ਦੀ ਸੀ, ਤੇ ਦੂਸਰੇ ਖੇਡਣ ਕੁੱਦਣ ਤੋਂ ਮਨ੍ਹਾ ਕਰਨ ਦੀ ਸੀ। ਉਹ ਤੇ ਬੱਸ ਇਹ ਚਾਹੁੰਦੇ ਸੀ ਕਿ ਆਦਮੀ ਪੜ੍ਹਦਾ ਰਹੇ, ....ਪੜ੍ਹਦਾ ਰਹੇ ਤੇ ਜਦੋਂ ਉਸ ਨੂੰ ਟੀ.ਬੀ. ਦਾ ਰੋਗ ਹੋ ਜਾਵੇ ਤੇ ਮੌਤ ਦਾ ਦਿਨ ਕਰੀਬ ਆਏ ਤਾਂ ਕਿਤਾਬਾਂ ਦੇ ਢੇਰ ਤੇ ਜਾਨ ਦੇ ਦੇਵੇ।

ਬੇਬੇ ਦਾ ਇਸ ਦਾਊਜੀ ਨਾਲ ਬਿਨਾਂ ਕਾਰਨ ਹੀ ਵੈਰ ਸੀ। ਦਾਊਜੀ ਉਨ੍ਹਾਂ ਤੋਂ ਬਹੁਤ ਡਰਦੇ ਸੀ। ਉਹ ਦਿਨ ਭਰ ਮਹੱਲੇ ਵਾਲੀਆਂ ਦੇ ਕੱਪੜੇ ਸੀਂਦੀ ਰਹਿੰਦੀ ਤੇ ਦਾਊਜੀ ਨੂੰ ਕੋਸਦੀ ਰਹਿੰਦੀ। ਉਹਨਾਂ ਦੇ ਇਸ ਕੋਸਣ ਤੇ ਮੈਨੂੰ ਬੜਾ ਗੁੱਸਾ ਆਉਂਦਾ ਸੀ। ਪਰ ਪਾਣੀ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਸੀ ਹੋ ਸਕਦਾ। ਕਦੇ ਕਦੇ ਉਹ ਬੁਰੀਆਂ ਗਾਲਾਂ ਤੇ ਵੀ ਉਤਰ ਆਉਂਦੀ ਤੇ, ਦਾਊਜੀ ਮੇਰੇ ਪਾਸ ਬੈਠਕ ਵਿਚ ਆ ਜਾਂਦੇ ਤੇ ਕੰਨਾਂ ਤੇ ਹੱਥ ਰੱਖ ਕੁਰਸੀ ਤੇ ਬੈਠ ਜਾਂਦੇ। ਥੋੜ੍ਹੀ ਦੇਰ ਬਾਅਦ ਆਖਦੇ, "ਪਿੱਠ ਪਿੱਛੇ ਬੁਰਾਈ ਕਰਨਾ ਬੁਰਾ ਹੈ। ਪਰ ਮੇਰਾ ਖੁਦਾ ਮੈਨੂੰ ਮੁਆਫ ਕਰੇ। ਤੇਰੀ ਬੇਬੇ ਤਾਂ ਭਠਿਆਰਨ ਹੈ।"

ਤੇ ਅਸਲ ਵਿਚ ਬੇਬੇ ਭਠਿਆਰਨ ਵਰਗੀ ਹੀ ਸੀ। ਉਹਨਾਂ ਦਾ ਰੰਗ ਸਖਤ ਕਾਲਾ ਸੀ ਤੇ ਦੰਦ ਬਹੁਤ ਚਿੱਟੇ। ਮੱਥਾ ਮੁਹਿਰਾਬਦਾਰ ਤੇ ਅੱਖਾਂ ਚੁੰਨ੍ਹੀਆਂ ਜੇਹੀਆਂ। ਤੁਰਦੀ ਤਾਂ ਬਿੱਲੀ ਦੀ ਚਾਲ ਵਰਗੀ ਜਾਪਦੀ। (ਰੱਬ ਮੈਨੂੰ ਮਾਫ ਕਰੇ)। ਇੰਝ ਕਨਸੋਆ ਲੈਂਦੀ ਫਿਰਦੀ। ਵਿਚਾਰੀ ਬੀਬੀ ਨੂੰ ਐਸੀਆਂ ਗੱਲਾਂ ਕਹਿੰਦੀ ਕਿ ਉਹ ਦਿਨੋਂ-ਦਿਨ ਰੋ ਰੋ ਕੇ ਥੱਕ ਜਾਂਦੀ।

ਉਂਝ ਤਾਂ ਵਿਚਾਰੀ ਬੀਬੀ ਬੜੀ ਅੱਛੀ ਲੜਕੀ ਹੁੰਦੀ ਸੀ, ਪਰ ਮੇਰੀ ਉਸ ਨਾਲ ਨਹੀਂ ਸੀ ਬਣਦੀ। ਮੈਂ ਕੋਠੇ ਤੇ ਬੈਠਾ ਸਵਾਲ ਕੱਢ ਰਿਹਾ ਹਾਂ। ਦਾਊਜੀ ਹੇਠਾਂ ਬੈਠੇ ਹਨ ਤੇ ਬੀਬੀ ਉਪਰੋਂ ਬਰਸਾਤੀ ਵਿਚੋਂ ਬਾਲਣ ਲੈਣ ਆਈ ਤਾਂ ਜ਼ਰਾ ਰੁੱਕ ਕੇ ਮੈਨੂੰ ਵੇਖਿਆ। ਫਿਰ ਬਨੇਰੇ ਤੋਂ ਝਾਕ ਕੇ ਬੋਲੀ, "ਦਾਊਜੀ, ਪੜ੍ਹ ਨਹੀਂ ਰਿਹਾ। ਤੀਲਿਆਂ ਦੀ ਮੰਜੀ ਬਣਾ ਰਿਹਾ ਹੈ।

ਮੈਂ ਚਿੜਚਿੜੇ ਬੱਚੇ ਵਾਂਗ ਮੂੰਹ ਚਿੜਾ ਕੇ ਆਖਦਾ, "ਤੈਨੂੰ ਕੀ ਨਹੀਂ ਪੜ੍ਹਦਾ ਤਾਂ ਤੂੰ ਕਿਉਂ ਬੁੜਬੁੜ ਕਰਦੀ ਹੈ। ਆਈ ਵੱਡੀ ਥਾਣੇਦਾਰਨੀ।" ਤੇ ਦਾਊਜੀ ਹੇਠਾਂ ਤੋਂ ਹਾਕ ਮਾਰਦੇ ਕਹਿੰਦੇ। "ਨਾ, ਨਾ ਗੋਲੂ-ਮੋਲੂ ਭੈਣਾਂ ਨਾਲ ਨਹੀਂ ਝਗੜੀਦਾ।" ਤੇ ਮੈਂ ਜ਼ੋਰ ਨਾਲ ਚੀਕਦਾ, "ਪੜ੍ਹ ਰਿਹਾ ਹਾਂ ਜੀ, ਝੂਠ ਬੋਲਦੀ ਹੈ।" ਦਾਊਜੀ ਹੌਲੀ ਹੌਲੀ ਪੌੜੀਆਂ ਚੜ੍ਹ ਕੇ ਉਪਰ ਆ ਜਾਂਦੇ ਤੇ ਕਾਪੀਆਂ ਦੇ ਹੇਠਾਂ ਅੱਧੀ ਲੁਕਾਈ ਹੋਈ ਮੰਜੀ ਨੂੰ ਵੇਖ ਕੇ ਆਖਦੇ, "ਕੁਰਤਨ ਬੇਟੀ, ਤੂੰ ਇਸ ਨੂੰ ਚਿੜਾਇਆ ਨਾ ਕਰ। ਬੜੀ ਮੁਸ਼ਕਿਲ ਨਾਲ ਕਾਬੂ ਕੀਤਾ ਹੈ। ਜੇ ਇਕ ਵੇਰ ਫਿਰ ਵਿਗੜ ਗਿਆ ਤਾਂ ਮੁਸ਼ਕਿਲ ਨਾਲ ਠੀਕ ਹੋਵੇਗਾ।"

ਉਹਨਾਂ ਦਿਨਾਂ ਵਿਚ ਮੈਂ ਰੋਜ਼ 10 ਵਜੇ ਸਵੇਰੇ ਦਾਊਜੀ ਦੇ ਘਰੋਂ ਤੁਰ ਪੈਂਦਾ, ਘਰ ਜਾ ਕੇ ਨਾਸ਼ਤਾ ਕਰਦਾ ਤੇ ਫਿਰ ਸਕੂਲ ਆਉਣ ਤੇ ਆਪਣੀ ਲਾਲਟੈਨ ਤੇਲ ਨਾਲ ਭਰ ਲੈਂਦਾ ਤੇ ਦਾਊਜੀ ਦੇ ਘਰ ਆ ਜਾਂਦਾ। ਫਿਰ ਰਾਤ ਦਾ ਖਾਣਾ ਵੀ ਦਾਊਜੀ ਦੇ ਘਰ ਹੀ ਭਿਜਵਾ ਦਿੱਤਾ ਜਾਂਦਾ।

ਜਿਹਨਾਂ ਦਿਨਾਂ ਵਿਚ ਅਦਾਲਤ ਬੰਦ ਹੁੰਦੀ, ਦਾਊਜੀ ਸਕੂਲ ਦੇ ਮੈਦਾਨ ਵਿਚ ਆ ਕੇ ਬੈਠ



ਜਾਂਦੇ ਤੇ ਮੇਰੀ ਪ੍ਰੀਖਿਆ ਲੈਂਦੇ। ਏਥੋਂ ਘਰ ਤੀਕ ਸਵਾਲਾਂ ਦੀ ਬੁਛਾੜ ਹੁੰਦੀ ਰਹਿੰਦੀ। ਸਕੂਲ ਵਿਚ ਜੋ ਕੁਝ ਪੜ੍ਹਾਇਆ ਗਿਆ ਹੁੰਦਾ, ਉਸ ਨੂੰ ਵੇਰਵੇ ਨਾਲ ਪੁੱਛਦੇ। ਫਿਰ ਮੈਨੂੰ ਮੇਰੇ ਘਰ ਛੱਡ ਕੇ ਖੁਦ ਸੈਰ ਨੂੰ ਚਲੇ ਜਾਂਦੇ।

ਇਕ ਦਿਨ ਮੈਂ ਅਚਾਨਕ ਦਾਊਜੀ ਨੂੰ ਲੈਣ ਕਚਹਿਰੀ ਪਹੁੰਚ ਗਿਆ। ਉਸ ਵੇਲੇ ਕਚਹਿਰੀ ਬੰਦ ਹੋ ਗਈ ਸੀ ਤੇ ਦਾਊਜੀ ਨਾਨਾ ਬਾਈ ਦੇ ਛੱਪਰ ਥੱਲੇ ਇਕ ਬੈਂਚ ਤੇ ਬੈਠ ਕੇ ਗੁੜ ਦੀ ਚਾਹ ਪੀ ਰਹੇ ਸੀ। ਮੈਂ ਹੌਲੀ ਜਹੀ ਜਾ ਕੇ ਕਿਹਾ, "ਚੱਲੀਏ, ਮੈਂ ਆਪ ਨੂੰ ਲੈਣ ਆਇਆ ਹਾਂ।" ਉਹਨਾਂ ਨੇ ਮੈਨੂੰ ਵੇਖੇ ਬਗੈਰ ਚਾਹ ਦੇ ਵੱਡੇ ਵੱਡੇ ਘੁੱਟ ਭਰੇ। ਇਕ ਆਨਾ ਜੇਬ ਚੋਂ ਕੱਢ ਕੇ ਨਾਨਾਬਾਈ ਦੇ ਸਪੁਰਦ ਕੀਤਾ ਤੇ ਚੁੱਪ ਚਾਪ ਮੇਰੇ ਨਾਲ ਤੁਰ ਪਏ। ਮੈਂ ਸ਼ਰਾਰਤ ਨਾਲ ਨੱਚਦੇ ਹੋਏ ਕਿਹਾ, "ਘਰ ਚਲੋ, ਬੇਬੇ ਨੂੰ ਦੱਸਾਂਗਾ ਕਿ ਆਪ ਚੋਰੀ ਚੋਰੀ ਚਾਹ ਪੀਂਦੇ ਹੋ।"

ਦਾਊਜੀ ਸ਼ਰਮਿੰਦਗੀ ਲੁਕਾਉਂਦੇ ਹੋਏ ਬੋਲੇ, "ਇਸ ਦੀ ਚਾਹ ਬਹੁਤ ਚੰਗੀ ਹੁੰਦੀ ਹੈ ਤੇ ਗੁੜ ਦੀ ਚਾਹ ਨਾਲ ਥਕਾਵਟ ਦੂਰ ਹੋ ਜਾਂਦੀ ਹੈ। ਫਿਰ ਇਕ ਆਨੇ ਵਿਚ ਇਹ ਗਲਾਸ ਭਰ ਦਿੰਦੀ ਹੈ। ਤੂੰ ਆਪਣੇ ਬੇਬੇ ਨੂੰ ਨਾ ਦੱਸੀਂ। ਉਹ ਝਗੜਾ ਸ਼ੁਰੂ ਕਰ ਦੇਵੇਗੀ। ਜ਼ਿਆਦਤੀ ਤੇ ਉੱਤਰ ਆਵੇਗੀ।" ਫਿਰ ਉਹਨਾਂ ਨੇ ਡਰ ਕੇ ਉਦਾਸ ਹੁੰਦੇ ਆਖਿਆ।

"ਉਸ ਦਾ ਸੁਭਾਅ ਹੀ ਐਸਾ ਹੈ" ਉਸ ਦਿਨ ਮੈਨੂੰ ਦਾਊਜੀ ਤੇ ਬੜੀ ਦਇਆ ਆਈ। ਮੇਰਾ ਮਨ ਉਹਨਾਂ ਲਈ ਬਹੁਤ ਕੁਝ ਕਰਨ ਲਈ ਚਾਹੁਣ ਲੱਗਾ, ਪ੍ਰੰਤੂ ਇਸ ਵਕਤ ਮੈਂ ਬੇਬੇ ਨੂੰ ਨਾ ਦੱਸਣ ਦਾ ਇਕਰਾਰ ਕਰਕੇ ਹੀ ਉਹਨਾਂ ਲਈ ਕੁਝ ਕੀਤਾ।

ਜਦ ਇਸ ਕਿੱਸੇ ਦਾ ਜ਼ਿਕਰ ਮੈਂ ਅੰਮਾਂ ਨਾਲ ਕੀਤਾ ਤਾਂ ਉਹ ਕਦੇ ਮੇਰੇ ਹੱਥ ਤੇ ਕਦੇ ਨੌਕਰ ਦੇ ਹੱਥ ਦਾਊਜੀ ਦੇ ਘਰ ਦੁੱਧ, ਫਲ ਤੇ ਚੀਨੀ ਵਗੈਰਾ ਭੇਜਣ ਲੱਗੀ। ਪਰ ਇਸ ਭੇਜਣ ਤੋਂ ਦਾਊਜੀ ਨੂੰ ਕਦੇ ਵੀ ਕੁਝ ਨਸੀਬ ਨਾ ਹੁੰਦਾ। ਹਾਂ ਬੇਬੇ ਦੀਆਂ ਨਜ਼ਰਾਂ ਵਿਚ ਮੇਰੀ ਕਦਰ ਵੱਧ ਗਈ ਤੇ ਉਹਨਾਂ ਨੇ ਕਿਸੇ ਹੱਦ ਤੀਕ ਮੇਰੇ ਨਾਲ ਰਵਾਇਤੀ ਵਿਹਾਰ ਕਰਨਾ ਸ਼ੁਰੂ ਕਰ ਦਿੱਤਾ।

ਦਾਊਜੀ ਦੇ ਜੀਵਨ ਵਿਚ ਬੇਬੇ ਵਾਲਾ ਪੱਖ ਬੜਾ ਹੀ ਕਮਜ਼ੋਰ ਸੀ। ਜਦੋਂ ਉਹ ਵੇਖਦੇ ਕਿ ਘਰ ਦਾ ਮਾਹੌਲ ਸਾਫ ਹੈ ਤੇ ਬੇਬੇ ਦੇ ਚਿਹਰੇ ਤੇ ਕੋਈ ਗੱਲ ਨਹੀਂ ਹੈ ਤਾਂ ਉਹ ਪੁਕਾਰ ਕੇ ਆਖਦੇ, "ਸਭ ਇਕ ਇਕ ਸ਼ਿਅਰ ਸੁਣਾਉ।" ਪਹਿਲਾਂ ਮੇਰੇ ਤੇ ਆਸ ਹੁੰਦੀ ਤੇ ਮੈਂ ਸ਼ੁਰੂ ਕਰਵਾ ਹੀ ਆਖਦਾ।"

ਲਾਜ਼ਿਮ ਥਾ ਕਿ ਦੇਖੋ ਮੇਰਾ ਰਾਸਤਾ ਕੋਈ ਦਿਨ ਔਰ
ਤਨਹਾ ਗਏ ਕਿਓਂ ਅਬ ਰਹੋ ਤਨਹਾ ਕੋਈ ਦਿਨ ਔਰ

ਬੀਬੀ ਜੀ ਮੇਰੇ ਵਾਂਗ ਇਸ ਸ਼ਿਅਰ ਨਾਲ ਸ਼ੁਰੂ ਕਰਦੇ।

ਸ਼ਨੀਦਮ ਕਿ ਸ਼ਾਹਪੁਰ ਦਮ ਦਰ ਕਸ਼ੀਦ
ਚੂੰ ਖਸਾਰੋਂ ਬਰੀ ਮਾਸ ਕਲਪ ਦਰ ਕਸ਼ੀਦ

(ਮੈਂ ਤੇ ਸੁਣਿਆ ਹੈ ਸ਼ਾਹਪੁਰ ਸਾਹ ਵੀ ਨਾ ਲੈ ਸਕਾ। ਜਦ ਖੁਸਰੋ ਬਾਦਸ਼ਾਹ ਨੇ ਇਸ ਦੇ ਨਾਂ ਤੇ ਕਲਮ ਚਲਾ ਕੇ ਮੌਤ ਦੀ ਆਗਿਆ ਦਿੱਤੀ।)

ਇਸ ਉਤੋਂ ਦਾਊਜੀ ਫਿਰ ਆਰਡਰ ਆਰਡਰ ਕਹਿੰਦੇ ਬੀਬੀ ਕੈਂਚੀ ਰੱਖਕੇ ਆਖਦੀ-- ,

ਸ਼ੋਰੇ ਸ਼ੁਦਬਾਜ਼ ਬੜ ਬਾਬੇ ਅਦਮ ਮਸਮ ਕੁਸ਼ ਦੇਸ
ਦੀ ਦੇਸ ਕੇ ਬਾਰਕੀਸਤ ਸ਼ਬੇ ਫਿਤਨਾ ਗੁਰੂਦੇਸ਼

(ਦੁਨੀਆਂ ਦੇ ਸ਼ੋਰ ਵਿਚ ਮੈਂ ਸਵਰਗ ਦੇ ਸੁਪਨੇ ਤੋਂ ਜਾਗ ਕੇ ਦੁਨੀਆਂ ਵਿਚ ਆਇਆ ਸੀ, ਪਰ ਏਥੇ ਉਥਲ ਪੁਥਲ ਵੇਖ ਕੇ ਫਿਰ ਅੱਖਾਂ ਬੰਦ ਕਰ ਲਈਆਂ ਤੇ ਮੌਤ ਦੀ ਸ਼ਰਨ ਲਈ।)

ਦਾਊਜੀ ਸ਼ਾਬਾਸ਼ ਤਾਂ ਜ਼ਰੂਰ ਕਹਿ ਦਿੰਦੇ, ਪਰ ਨਾਲ ਹੀ ਇਹ ਕਹਿ ਦਿੰਦੇ, "ਬੇਟਾ ਇਹ ਸ਼ਿਅਰ ਤਾਂ ਕਈ ਵਾਰ ਸੁਣਾ ਚੁੱਕਾ ਹੈਂ ?

ਫਿਰ ਬੇਬੇ ਵੱਲ ਵੇਖ ਕੇ ਕਹਿੰਦੇ "ਕਹ ਭਾਈ, ਅੱਜ ਤੁਹਾਡੀ ਬੇਬੇ ਵੀ ਇੱਕ ਸ਼ਿਅਰ ਸੁਣਾਵੇਂਗੀ।" ਪਰ ਇੱਕ ਇੱਕ ਹੀ ਰੁੱਖਾ ਜਿਹਾ ਉੱਤਰ ਦਿੰਦੀ "ਮੈਨੂੰ ਨਹੀਂ ਆਉਂਦੇ ਸ਼ਿਅਰ-ਕਵਿਤਾ।" ਇਸ ਤੇ ਦਾਊਜੀ ਆਖਦੇ, "ਘੋੜੀਆਂ ਹੀ ਸੁਣਾ ਦੇ।"

"ਆਪਣੇ ਬੇਟਿਆਂ ਦੇ ਵਿਆਹ ਦੀਆਂ ਘੋੜੀਆਂ ਹੀ ਗਾ ਦੇ।" ਇਸ ਤੇ ਬੇਬੇ ਦੇ ਹੋਂਠ ਮੁਸਕਰਾਉਣ ਨੂੰ ਕਰਦੇ, ਪ੍ਰੰਤੂ ਉਹ ਮੁਸਕਰਾ ਨਾ ਸਕਦੀ ਤੇ ਦਾਊਜੀ ਔਰਤਾਂ ਦੀ ਤਰ੍ਹਾਂ ਘੋੜੀਆਂ ਗਾਉਣ ਲੱਗਦੇ। ਇਸ ਵਿਚਕਾਰ ਅਮੀਂ ਚੰਦ ਤੇ ਕਦੀ ਮੇਰਾ ਨਾਂ ਟਾਂਕ ਦਿੰਦੇ। ਫਿਰ ਆਖਦੇ, "ਮੈਂ ਆਪਣੇ ਇਸ ਗੋਲੂ-ਮੋਲੂ ਦੀ ਸ਼ਾਦੀ ਤੇ ਦਸਤਖਤ ਕਰਾਂਗਾ।" ਮੈਂ ਰਵਾਇਤ ਦੇ ਮੁਤਾਬਕ ਸ਼ਰਮਾ ਕੇ ਨਜ਼ਰਾਂ ਨੀਵੀਆਂ ਕਰ ਲੈਂਦਾ ਤਾਂ ਉਹ ਆਖਦੇ "ਪਤਾ ਨਹੀਂ ਇਸ ਦੇਸ਼ ਦੇ ਕਿਸ ਸ਼ਹਿਰ ਵਿਚ ਮੇਰੀ ਛੋਟੀ-ਜਹੀ ਬਹੂ ਪੰਜਵੀਂ ਜਾਂ ਛੇਵੀਂ ਜਮਾਤ ਵਿਚ ਪੜ੍ਹ ਰਹੀ ਹੋਵੇਗੀ। ਮੈਂ ਤੇ ਉਸ ਨੂੰ ਫਾਰਸੀ ਪੜ੍ਹਾਵਾਂਗਾ। ਪਹਿਲਾਂ ਉਸ ਨੂੰ ਸੁਲੇਖ ਦੀ ਸਿਖਿਆ ਦੇਵਾਂਗਾ। ਫਿਰ ਘਸੀਟ ਲੇਖ ਸਿਖਾਊਂਗਾ। ਔਰਤਾਂ ਨੂੰ ਘਸੀਟ ਲਿਖਨਾ ਨਹੀਂ ਆਉਂਦਾ, ਮੈਂ ਬਹੂ ਨੂੰ ਸਿਖਾ ਦੇਵਾਂਗਾ।"

ਮੇਰੀ ਤੇ ਅਮੀਂ ਚੰਦ ਦੀ ਗੱਲ ਚਲਦੀ ਸੀ, ਪ੍ਰੰਤੂ 12 ਜਨਵਰੀ ਨੂੰ ਬੀਬੀ ਦੀ ਜੰਞ ਸੱਚ-ਮੁੱਚ ਆ ਗਈ। ਜੀਜਾ ਰਾਮ ਪ੍ਰਤਾਪ ਦੇ ਬਾਰੇ ਵਿਚ ਦਾਊਜੀ ਬਹੁਤ ਦੱਸ ਚੁੱਕੇ ਸੀ ਕਿ ਉਹ ਬਹੁਤ ਚੰਗਾ ਲੜਕਾ ਹੈ ਤੇ ਸਭ ਤੋਂ ਜ਼ਿਆਦਾ ਖੁਸ਼ੀ ਦਾਊਜੀ ਨੂੰ ਇਸ ਗੱਲ ਦੀ ਸੀ, ਕਿ ਉਹਨਾਂ ਦੇ ਸਬੰਧੀ ਫਾਰਸੀ ਦੇ ਉਸਤਾਦ ਸੀ ਤੇ ਕਬੀਰ ਪੰਥੀ ਸੰਪ੍ਰਦਾਏ ਨਾਲ ਸੰਬੰਧ ਰਖਦੇ ਸੀ।

ਬਾਰਾਂ ਤਾਰੀਖ ਦੀ ਸ਼ਾਮ ਨੂੰ ਜਦੋਂ ਬੀਬੀ ਵਿਦਾ ਹੋਣ ਲੱਗੀ ਤਾਂ ਘਰ ਵਿਚ ਸ਼ੋਰ ਮੱਚ ਗਿਆ। ਬੇਬੇ ਫੁੱਟ ਫੁੱਟ ਫੁੱਟ ਕੇ ਰੋ ਰਹੀ ਸੀ। ਅਮੀਂ ਚੰਦ ਅੱਥਰੂ ਵਹਾ ਰਿਹਾ ਸੀ ਤੇ ਮਹੱਲੇ ਦੀਆਂ ਔਰਤਾਂ ਫੁਸ-ਫੁਸ ਕਰ ਰਹੀਆਂ ਸਨ। ਮੈਂ-ਕੰਧ ਦੇ ਨਾਲ ਖੜੋਤਾ ਸੀ, ਦਾਊਜੀ ਮੇਰੇ ਮੋਢੇ ਤੇ ਹੱਥ ਰੱਖੀ ਖੜੇ ਸੀ, ਤੇ ਬਾਰ ਬਾਰ ਕਹਿ ਰਹੇ ਸੀ, "ਅੱਜ ਜ਼ਮੀਨ ਕੁਝ ਮੇਰੇ ਪੈਰ ਨਹੀਂ ਪਕੜਦੀ, ਮੈਂ ਤਾਂ ਸਦਾ ਸਥਿਰ ਨਹੀਂ ਰਹਿ ਸਕਦਾ।"

ਬਰਾਤ ਵਾਲੇ ਯੱਕਿਆਂ ਤੇ ਟਾਂਗਿਆਂ ਤੇ ਸਵਾਰ ਸੀ। ਬੀਬੀ ਰਥ ਵਿਚ ਜਾ ਰਹੀ ਸੀ। ਉਸ ਦੇ ਪਿੱਛੇ ਅਮੀਂ ਚੰਦ ਤੇ ਮੈਂ ਸੀ। ਦਾਊਜੀ ਸਾਡੇ ਵਿਚਕਾਰ ਪੈਦਲ ਚੱਲ ਰਹੇ ਸੀ। ਜੇ ਬੀਬੀ ਦੀ ਚੀਕ ਜ਼ੋਰ ਨਾਲ ਨਿਕਲ ਜਾਂਦੀ ਤਾਂ ਦਾਊਜੀ ਅੱਗੇ ਵਧਕੇ ਰੱਥ ਦਾ ਪਰਦਾ ਚੁੱਕ ਕੇ ਆਖਦੇ, "ਲਾਹੌਲ ਪੜ੍ਹ ਬੇਟਾ" ਤੇ ਅੱਖਾਂ ਤੇ ਰੱਖਿਆ ਉਹਨਾਂ ਦੀ ਪੱਗ ਦਾ ਪੱਲਾ ਭਿੱਜ ਗਿਆ ਸੀ....।

ਰਾਣੂ ਸਾਡੀ ਮੁਹੱਲੇ ਦਾ ਬੜਾ ਹੀ ਗੰਦਾ ਵਿਅਕਤੀ ਸੀ। ਬੁਰਾਈ ਕਰਨਾ ਤੇ ਮਨ ਵਿਚ ਰੰਜਸ਼ ਰੱਖਣੀ ਉਸ ਦਾ ਸੁਭਾਅ ਸੀ। ਉਸ ਦਾ ਇਕ ਵਾੜਾ ਸੀ। ਜਿਸ ਵਿਚ ਵੀਹ-ਪੰਜੀ ਬੱਕਰੀਆਂ ਤੇ ਦੋ ਗਾਈਆਂ ਸੀ। ਜਿਹਨਾਂ ਦਾ ਦੁੱਧ ਸਵੇਰੇ-ਸ਼ਾਮ ਗਲੀ ਦੇ ਲਾਗਲੇ ਮੈਦਾਨ ਵਿਚ ਉਹ ਵੇਚਿਆ ਕਰਦਾ ਸੀ। ਸਾਰੇ ਮੁਹੱਲੇ ਉਸੇ ਕੋਲੋਂ ਹੀ ਦੁੱਧ ਲੈਂਦੇ ਸੀ। ਉਸ ਦੀਆਂ ਸ਼ਰਾਰਤਾਂ ਤੋਂ ਡਰਦੇ ਵੀ ਸੀ। ਸਾਡੇ ਘਰ ਦੇ ਅੱਗੋਂ ਦੀ ਲੰਘਦੇ ਹੋਏ ਉਹ ਸ਼ੌਕੀਆ ਲਾਠੀ ਜ਼ਮੀਨ ਤੇ ਵਜਾ ਕੇ ਦਾਊਜੀ ਨੂੰ ਪੰਡਤ ਜੈ ਰਾਮ ਜੀ ਦੀ ਕਹਿ ਕੇ ਸਲਾਮ ਕਰਦਾ। ਦਾਊਜੀ ਨੂੰ ਉਸ ਨੂੰ ਕਈ ਵਾਰ ਸਮਝਾਇਆ ਕਿ ਉਹ ਪੰਡਤ ਨਹੀਂ ਹਨ, ਮਾਮੂਲੀ ਆਦਮੀ ਹਨ ਕਿਉਂਕਿ ਉਹਨਾਂ ਦੇ ਵਿਚਾਰ ਵਿਚ ਪੰਡਤ ਪੜ੍ਹੇ ਲਿਖੇ ਤੇ ਵਿਦਵਾਨ ਨੂੰ ਆਖਦੇ ਹਨ, ਪ੍ਰੰਤੂ ਰਾਣੂ ਨਹੀਂ ਮੰਨਦਾ ਸੀ। ਉਹ ਆਪਣਾ ਮੂੰਹ ਰਬਾ ਕੇ ਕਹਿੰਦਾ, "ਲੈ ਭਾਈ ਜਿਸ ਦੇ ਸਿਰ ਤੇ ਬੋਦੀ ਹੁੰਦੀ ਹੈ, ਜਾਂ ਚੁਟੀਆ। ਉਹ ਪੰਡਤ ਹੁੰਦਾ ਹੈ।" ਉਹ ਸਭ ਤੋਂ ਜ਼ਿਆਦਾ ਮਜ਼ਾਕ ਦਾਊਜੀ ਦੀ ਚੋਟੀ ਦਾ ਉਡਾਉਂਦਾ। ਸੱਚੀ ਗੱਲ ਇਹ ਕਿ ਦਾਊਜੀ ਦੇ ਸਿਰ ਤੇ ਬੋਦੀ ਉਸ ਨੂੰ ਚੰਗੀ ਨਹੀਂ ਸੀ ਲੱਗਦੀ।

ਮੈਂ ਹਜ਼ਰਤ ਮੌਲਾਨਾ ਦੇ ਸਾਹਮਣੇ ਵੀ ਪਗੜੀ ਉਤਾਰਨ ਦਾ ਹੌਸਲਾ ਨਹੀਂ ਕੀਤਾ ਸੀ। ਪ੍ਰੰਤੂ ਉਹ ਜਾਣਦੇ ਸੀ ਕਿ ਇਹ ਪਗੜੀ ਮੈਨੂੰ ਆਪਣੇ ਜੀਵਨ ਵਾਂਗ ਪਿਆਰੀ ਹੈ। ਕਿਉਂਕਿ ਇਹ ਮੇਰੀ ਮਾਂ ਦੀ ਨਿਸ਼ਾਨੀ ਸੀ। ਉਹ ਕਹਿੰਦੇ, "ਆਪਣੀ ਗੋਦ ਵਿਚ ਰੱਖ ਕੇ ਦਹੀਂ ਨਾਲ ਧੋਂਦੀ ਸੀ। ਮੈਨੂੰ ਯਾਦ ਹੈ ਜਦੋਂ



ਮੈਂ ਦਿਆਲ ਚੰਦ ਹਾਈ ਸਕੂਲ ਤੋਂ ਇਕ ਸਾਲ ਵਿਚ ਛੁੱਟੀਆਂ ਵਿਚ ਪਿੰਡ ਆਇਆ, ਤਾਂ ਹਜ਼ੂਰ ਨੇ ਪੁੱਛਿਆ, "ਸ਼ਹਿਰ ਜਾ ਕੇ ਚੋਟੀ ਤਾਂ ਨਹੀਂ ਕਟਵਾ ਦਿੱਤੀ ?" ਤਾਂ ਮੈਂ ਨਾਹ ਵਿਚ ਉੱਤਰ ਦਿੱਤਾ। ਇਸ ਤੇ ਉਹ ਬਹੁਤ ਖੁਸ਼ ਹੋਏ ਤੇ ਫ਼ਰਮਾਇਆ "ਤੇਰੇ ਵਰਗਾ ਬੇਟਾ ਬਹੁਤ ਘੱਟ ਮਾਵਾਂ ਨੂੰ ਮਿਲਦਾ ਹੈ ਤੇ ਸਾਡੇ ਵਰਗਾ ਭਾਗਸ਼ਾਲੀ ਵੀ ਘੱਟ ਹੋਵੇਗਾ, ਜਿਸ ਨੂੰ ਤੇਰੇ ਵਰਗਾ ਸ਼ਾਗਿਰਦ ਪੜ੍ਹਾਉਣ ਦਾ ਅਵਸਰ ਪ੍ਰਾਪਤ ਹੋਇਆ ਹੋਵੇ।"

ਮੈਂ ਉਹਨਾਂ ਦੇ ਚਰਨ ਛੂਹਦੇ ਹੋਏ ਕਿਹਾ, "ਹਜ਼ੂਰ ਆਪ ਮੈਨੂੰ ਸ਼ਰਮਿੰਦਾ ਕਰਦੇ ਹੋ। ਇਹ ਸਭ ਆਪਦੇ ਕਦਮਾਂ ਦਾ ਫਲ ਹੈ।" ਇਸ ਤੇ ਕਹਿਣ ਲੱਗੇ, ਚਿੰਤ ਰਾਮ, ਸਾਡੇ ਪੈਰ ਨਾ ਛੂਹਿਆ ਕਰ, ਭਲਾ ਇਸ ਤਰ੍ਹਾਂ ਛੂਹਣ ਦਾ ਕੀ ਲਾਭ, ਜਿਸ ਦਾ ਸਾਨੂੰ ਅਨੁਭਵ ਨਾ ਹੋਵੇ।"

ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਮੈਂ ਕਿਹਾ, "ਜੇ ਕੋਈ ਮੈਨੂੰ ਦੱਸ ਦੇਵੇ ਤਾਂ ਮੈਂ ਸਮੁੰਦਰ ਚੀਰ ਕੇ ਆਪ ਦੇ ਲਈ ਦਵਾਈ ਲੈ ਆਵਾਂ। ਆਪਣੀ ਜ਼ਿੰਦਗੀ ਦੇ ਸਾਰੇ ਸੁੱਖ ਹਜ਼ੂਰ ਦੀਆਂ ਲੱਤਾਂ ਲਈ ਕੁਰਬਾਨ ਕਰ ਦੇਵਾਂ, ਪਰ ਮੇਰਾ ਵੱਸ ਨਹੀਂ ਚਲਦਾ..।"

ਉਹ ਖਾਮੋਸ਼ ਹੋ ਗਏ ਤੇ ਨਜ਼ਰਾਂ ਉੱਪਰ ਚੁੱਕ ਕੇ ਬੋਲੇ, "ਖੁਦਾ ਦੀ ਇਹ ਮਰਜ਼ੀ ਹੈ ਤਾਂ ਇੰਝ ਹੀ ਸਹੀ। ਤੂੰ ਜੀਉਂਦਾ ਰਹੁ, ਤੇਰੇ ਮੋਢਿਆਂ ਤੇ ਮੈਂ ਸਾਰੇ ਪਿੰਡ ਵੇਖ ਲਿਆ ਹੈ।"

ਦਾਊਜੀ ਬੀਤੀਆਂ ਗੱਲਾਂ ਦੀ ਡੂੰਘਾਈ ਵਿਚੋਂ ਆਖਣ ਲੱਗੇ। "ਮੈਂ ਸੁਬਾਹ ਸਵੇਰੇ ਹਵੇਲੀ ਦੀ ਡਿਉੜੀ ਤੇ ਜਾ ਕੇ ਆਵਾਜ਼ ਦਿੰਦਾ, "ਗੁਲਾਮ ਆ ਗਿਆ। ਔਰਤਾਂ ਇਕ ਪਾਸੇ ਹੋ ਜਾਂਦੀਆਂ ਤਾਂ ਹਜ਼ੂਰ ਮੈਨੂੰ ਆਵਾਜ਼ ਦਿੰਦੇ ਤੇ ਮੈਂ ਆਪਣੇ ਭਾਗਾਂ ਦੀ ਸਿਫਤ ਕਰਦਾ, ਹੱਥ ਜੋੜੇ ਜੋੜੇ ਉਹਨਾਂ ਵੱਲ ਵਧਦਾ। ਚਰਨ ਛੂਹਦਾ ਤੇ ਆਗਿਆ ਦੀ ਪ੍ਰਤੀਖਿਆ ਕਰਦਾ। ਉਹ ਦੁਆ ਦਿੰਦੇ ਮੇਰੇ ਮਾਤਾ-ਪਿਤਾ ਦੇ ਬਾਰੇ ਪੁੱਛਦੇ। ਪਿੰਡ ਦਾ ਹਾਲ-ਚਾਲ ਪੁਛਦੇ ਤੇ ਫਿਰ ਆਖਦੇ, "ਲੈ ਭਾਈ, ਚਿੰਤ ਰਾਮ ਗੁਨਾਹਾਂ ਦੀ ਗੰਢ ਨੂੰ ਚੁੱਕ ਲੈ। ਮੈਂ ਫੁੱਲ ਦੀ ਪੰਖੜੀ ਵਾਂਗੂ ਉਹਨਾਂ ਨੂੰ ਚੁੱਕਦਾ ਤੇ ਕਮਰ ਤੇ ਲੱਦਕੇ ਹਵੇਲੀ ਤੋਂ ਬਾਹਰ ਆਉਂਦਾ। ਕਦੇ ਫ਼ਰਮਾਉਂਦੇ ਕਿ ਸਾਨੂੰ ਬਾਗ਼ ਦਾ ਚੱਕਰ ਲਵਾ ਦੇ ਕਦੇ ਹੁਕਮ ਹੁੰਦਾ," ਸਿੱਧੇ ਖੂਹ ਤੇ ਲੈ ਚਲੋ। ਕਦੇ ਕਦੇ ਬੜੇ ਤਰਲੇ ਨਾਲ ਆਖਦੇ "ਚਿੰਤ ਰਾਮ ਜੇ ਥੱਕ ਨਾ ਜਾਵੇਂ ਤਾਂ ਮੈਨੂੰ ਮਸਜਦ ਤੀਕ ਲੈ ਚੱਲ।" ਮੈਂ ਕਈ ਵਾਰ ਕਿਹਾ, "ਹਜ਼ੂਰ ਰੋਜ਼ ਮਸਜਦ ਤੀਕ ਲੈ ਜਾਇਆ ਕਰੂੰਗਾ ਪਰ ਮੰਨੇ ਨਹੀਂ। ਇਹੋ ਕਹਿੰਦੇ ਰਹੇ ਕਿ ਕਦੇ ਕਦੇ ਹੀ ਜੀ ਚਾਹੁੰਦਾ ਹੈ ਤੇ ਜਦੋਂ ਜੀ ਕਰਦਾ ਹੈ, ਤੈਨੂੰ ਕਹਿ ਦਿੰਦਾ ਹਾਂ।"

ਜਿਸ ਦਿਨ ਮੈਂ ਸਿਕੰਦਰਨਾਮਾ ਜ਼ਬਾਨੀ ਯਾਦ ਕਰਕੇ ਸੁਣਾਇਆ ਏਨੇ ਖੁਸ਼ ਹੋਏ, ਜਿਵੇਂ ਸਾਰੀ ਦੁਨੀਆਂ ਦੇ ਸੁੱਖ ਮਿਲ ਗਏ ਹੋਣ। ਸਾਰੀ ਦੁਨੀਆਂ ਦੀਆਂ ਦੁਆਵਾਂ ਨਾਲ ਮੈਨੂੰ ਮਾਲੋ ਮਾਲ ਕਰ ਦਿੱਤਾ, ਪਿਆਰ-ਭਰਿਆ ਹੱਥ ਫੇਰਿਆ ਤੇ ਜੇਬ ਵਿਚੋਂ ਇਕ ਰੁਪਈਆ ਕੱਢ ਕੇ ਮੈਨੂੰ ਇਨਾਮ ਦਿੱਤਾ। ਮੈਂ ਇਸ ਨੂੰ ਹਜਰੇ ਅਸਵਦ (ਖ਼ਾਨਾ-ਏ, ਕਾਬਾ ਦੀ ਕੰਧ ਵਿਚ ਲੱਗਾ ਪੱਥਰ) ਸਮਝਕੇ ਚੁੰਮਿਆ। ਅੱਖਾਂ ਨੂੰ ਲਗਾਇਆ ਤੇ ਸਿਕੰਦਰ ਦਾ ਅਫਸਰ ਸਮਝ ਕੇ ਪਗੜੀ ਵਿਚ ਰੱਖ ਲਿਆ। ਉਹ ਦੋਨੋਂ ਹੱਥ ਉਠਾ ਕੇ ਦੁਆਵਾਂ ਦੇ ਰਹੇ ਸੀ ਤੇ ਫਰਮਾ ਰਹੇ ਸੀ, ਜੋ ਕੰਮ ਸਾਥੋਂ ਨਹੀਂ ਹੋ ਸਕਿਆ ਤੂੰ ਕਰ ਦਿੱਤਾ। ਤੂੰ ਨੇਕ ਹੈਂ, ਖੁਦਾ ਨੇ ਤੈਨੂੰ ਇਹ ਆਦਤ ਬਖਸ਼ੀ। ਚਿੰਤ ਰਾਮ, ਮੇਰਾ ਪੇਸ਼ਾ ਬਕਰੀਆਂ ਚਾਰਨਾ ਹੈ, ਤੂੰ ਸ਼ਾਹੇ ਬਿਆ ਦਾ ਪੈਰੋ (ਮੁਹੰਮਦ ਸਾਹਿਬ ਦੇ ਰਸਤੇ ਤੇ ਚੱਲਣ ਵਾਲਾ) ਹੈਂ। ਇਸ ਕਾਰਨ ਖੁਦਾ ਜੋ ਮਹਾਨ ਹੈ, ਉਹੀ ਤੈਨੂੰ ਬਰਕਤ ਦੇਵੇਗਾ।"

ਮੇਰਾ ਇਮਤਿਹਾਨ ਨੇੜੇ ਸੀ ਤੇ ਦਾਊਜੀ ਸਖਤ ਹੁੰਦੇ ਜਾ ਰਹੇ ਸੀ। ਉਹਨਾਂ ਨੇ ਮੇਰੇ ਹਰ ਖਾਲੀ ਵਕਤ ਤੇ ਕੋਈ ਨਾ ਕੋਈ ਕੰਮ ਫੈਲਾ ਦਿੱਤਾ ਸੀ। ਇੱਕ ਵਿਸ਼ੇ ਤੋਂ ਛੁਟਕਾਰਾ ਹੁੰਦਾ, ਦੂਸਰੇ ਦੀਆਂ ਪੁਸਤਕਾਂ ਕੱਢ ਕੇ ਸਿਰ ਤੇ ਸਵਾਰ ਹੋ ਜਾਂਦੇ ਸਨ। ਪਾਣੀ ਪੀਣ ਉਠਣਾ ਤਾਂ ਪ੍ਰਛਾਵੇਂ ਵਾਂਗ ਪਿੱਛੇ ਪਿੱਛੇ ਜਾਂਦੇ ਤੇ ਹੋਰ ਕੁਝ ਨਹੀਂ ਤਾਂ ਇਤਿਹਾਸ ਦੀ ਸੰਮਤ ਪੁੱਛ ਲੈਂਦੇ। ਸ਼ਾਮ ਨੂੰ ਸਕੂਲ ਪਹੁੰਚਣ ਦਾ ਸੁਭਾਅ ਬਣਾ ਲਿਆ ਸੀ। ਇਕ ਦਿਨ ਸਕੂਲ ਦੇ ਵੱਡੇ ਦਰਵਾਜੇ ਵਿਚੋਂ ਦੀ ਨਿਕਲਣ ਦੀ ਥਾਂ ਬੋਰਡਿੰਗ ਹਾਊਸ

ਦੀ ਰਾਹ ਨਿਕਲ ਗਏ ਤਾਂ ਉਹਨਾਂ ਨੇ ਕਲਾਸ ਦੇ ਦਰਵਾਜ਼ੇ ਪਰ ਜਾਕੇ ਬੈਠਣਾ ਸ਼ੁਰੂ ਕਰ ਦਿੱਤਾ। ਮੈਂ ਚਿੜਚਿੜਾ ਤੇ ਜ਼ਿੱਦੀ ਹੋਣ ਤੋਂ ਇਲਾਵਾ ਬਦਜ਼ੁਬਾਨ ਵੀ ਹੋ ਗਿਆ ਸੀ। ਦਾਊਜੀ ਦੇ ਬੱਚੇ ਮਰਾ ਤਕੀਆ-ਕਲਾਮ ਬਣ ਗਿਆ ਤੇ ਕਦੀ ਕਦੀ ਤਾਂ ਉਹਨਾਂ ਦੇ ਸਵਾਲਾਂ ਦੀ ਸਖਤੀ ਵੱਧ ਜਾਂਦੀ, ਤਾਂ ਮੈਂ ਉਹਨਾਂ ਨੂੰ ਕੁੱਤਾ ਤੱਕ ਕਹਿਣ ਤੋਂ ਵੀ ਰੁਕਦਾ ਨਹੀਂ ਸੀ। ਨਾਰਾਜ਼ ਹੋ ਜਾਂਦੇ ਤਾਂ ਬੱਸ ਏਸ ਤਰ੍ਹਾਂ ਕਹਿੰਦੇ, "ਵੇਖ ਲੈ, ਤੂੰ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਹੈ। ਤੇਰੀ ਬੀਬੀ ਵਿਆਹ ਕੇ ਲਿਆਵਾਂਗਾ ਤਾਂ ਸਭ ਤੋਂ ਪਹਿਲਾਂ ਉਸ ਨੂੰ ਏਹੋ ਦੱਸਾਂਗਾ ਕਿ ਜਾਨੇ-ਪਿਦਰ, ਇਹ ਤੇਰੇ ਬੁੱਢੇ ਨੂੰ ਕੁੱਤਾ ਕਹਿੰਦਾ ਸੀ।"

ਫਰਵਰੀ ਦੇ ਦੂਸਰੇ ਹਫਤੇ ਦੀ ਗੱਲ ਹੈ। ਇਮਤਿਹਾਨ ਵਿਚ ਸਿਰਫ ਡੇੜ ਮਹੀਨਾ ਰਹਿ ਗਿਆ ਸੀ ਤੇ ਮੇਰੇ ਸਿਰ ਤੇ ਆਉਣ ਵਾਲੇ ਖਤਰਨਾਕ ਵਕਤ ਦਾ ਡਰ ਭੂਤ ਬਣਕੇ ਸਵਾਰ ਸੀ। ਮੈਂ ਆਪਣੀ ਪੜ੍ਹਾਈ ਪਹਿਲਾਂ ਨਾਲੋਂ ਤੇਜ਼ ਕਰ ਦਿੱਤੀ ਸੀ ਤੇ ਬਹੁਤ ਸੰਜੀਦਾ ਹੋ ਗਿਆ ਸੀ, ਪਰ ਜਿਓਮੇਟਰੀ ਦੇ ਫਾਰਮੂਲੇ ਮੇਰੀ ਸਮਝ ਵਿਚ ਨਹੀਂ ਸੀ ਆਉਂਦੇ। ਦਾਊਜੀ ਦੀ ਕੋਸ਼ਿਸ਼ ਨਾਲ ਵੀ ਕੋਈ ਗੱਲ ਨਾ ਬਣੀ। ਅਖੀਰ ਉਹਨਾਂ ਕਿਹਾ, "ਕੁੱਲ 52 ਮਾਧਿਅਮ ਹਨ ਯਾਦ ਕਰ, ਇਸ ਦੇ ਬਿਨਾਂ ਕੋਈ ਚਾਰਾ ਨਹੀਂ ਹੈ।" ਮੈਂ ਉਹਨਾਂ ਨੂੰ ਰਟਣ ਤੇ ਲੱਗ ਪਿਆ ਪ੍ਰੰਤੂ ਜੋ ਮਾਧਿਅਮ ਯਾਦ ਕਰਦਾ, ਸਵੇਰ ਨੂੰ ਭੁੱਲ ਜਾਂਦਾ। ਮੈਂ ਥੱਕਕੇ ਹਿੰਮਤ ਛੱਡ ਬੈਠਾ।"

ਦਾਊਜੀ ਨੇ ਮੇਰਾ ਸਿਰ ਚੁੰਮ ਕੇ ਆਖਿਆ, "ਲੈ ਭਾਈ ਤੰਬਰੇ ਮੈਂ ਤੇ ਇੰਝ ਨਹੀਂ ਸੀ ਸਮਝਦਾ, ਤੂੰ ਤੇ ਬਹੁਤ ਹੀ ਘੱਟ ਹਿੰਮਤ ਵਾਲਾ ਨਿਕਲਿਆ। ਫਿਰ ਉਹਨਾਂ ਨੇ ਮੈਨੂੰ ਆਪਣੇ ਸਾਥ ਕੰਬਲ ਵਿਚ ਲਪੇਟ ਲਿਆ ਤੇ ਬੈਠਕ ਵਿਚ ਲੈ ਗਏ। ਬਿਸਤਰੇ ਵਿਚ ਬਿਠਾਕੇ ਮੇਰੇ ਚਾਰੇ ਪਾਸੇ ਰਜਾਈ ਲਪੇਟੀ ਤੇ ਆਰਾਮ ਨਾਲ ਪੈਰ ਕੁਰਸੀ ਤੇ ਰੱਖ ਕੇ ਬਹਿ ਗਏ

ਉਹਨਾਂ ਨੇ ਕਿਹਾ, "ਰੇਖਾ-ਗਣਿਤ ਚੀਜ ਹੀ ਐਸੀ ਹੈ। ਤੂੰ ਇਸ ਤੋਂ ਐਵੇਂ ਹੀ ਪ੍ਰੇਸ਼ਾਨ ਹੈਂ।" ਮੈਂ ਹੋਰ ਤਰ੍ਹਾਂ ਨਾਲ ਤੰਗ ਹੋਇਆ। ਹਜ਼ਰਤ ਮੌਲਾਨਾ ਦੇ ਕੋਲ ਬੀਜ ਗਣਿਤ ਤੇ ਰੇਖਾ-ਗਣਿਤ ਦੀਆਂ ਜਿੰਨੀਆਂ ਵਾਧੂ ਪੁਸਤਕਾਂ ਸਨ, ਉਹਨਾਂ ਨੂੰ ਮੈਂ ਚੰਗੀ ਤਰ੍ਹਾਂ ਪੜ੍ਹ ਕੇ ਆਪਣੀਆਂ ਕਾਪੀਆਂ ਤੇ ਉਤਾਰ ਚੁੱਕਾ ਸੀ। ਕੋਈ ਗੱਲ ਐਸੀ ਨਹੀਂ ਸੀ ਜਿਸ ਵਿਚ ਉਲਝਣ ਹੁੰਦੀ। ਮੈਂ ਇਹ ਸਮਝਿਆ ਕਿ ਮੈਂ ਹਿਸਾਬ ਵਿਚ ਵਿਸ਼ੇਸ਼ਗ (expert) ਹੋ ਗਿਆ ਹਾਂ। ਪ੍ਰੰਤੂ ਇਕ ਰਾਤ ਮੈਂ ਆਪਣੀ ਦਰੀ ਤੇ ਲੇਟਿਆ ਸਮਾਂਤਰ ਰੇਖਾਵਾਂ ਦੇ ਫਾਰਮੂਲਿਆਂ ਤੇ ਗੌਰ ਕਰ ਰਿਹਾ ਸੀ ਕਿ ਗੱਲ ਉਲਝ ਗਈ। ਮੈਂ ਦੀਵਾ ਬਾਲ ਕੇ ਸ਼ਕਲ ਬਣਾਈ ਤੇ ਉਸ ਤੇ ਵਿਚਾਰ ਕਰਨ ਲੱਗਾ। ਬੀਜ-ਗਣਿਤ ਦੇ ਹਿਸਾਬ ਨਾਲ ਮੰਨਿਆ ਹੋਇਆ ਉੱਤਰ ਠੀਕ ਆਉਂਦਾ ਸੀ ਪਰ ਗਣਿਤ ਨਾਲ ਠੀਕ ਉੱਤਰ ਨਹੀਂ ਨਿਕਲਦਾ ਸੀ। ਮੈਂ ਸਾਰੀ ਰਾਤ ਕਾਗਜ਼ ਕਾਲੇ ਕਰਦਾ ਰਿਹਾ ਪ੍ਰੰਤੂ ਤੇਰੇ ਵਾਂਗ ਸੁੱਤਾ ਨਹੀਂ। ਸਵੇਰੇ ਸਵੇਰੇ ਮੈਂ ਹਜ਼ਰਤ ਦੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਉਹਨਾਂ ਨੇ ਆਪਣੇ ਹੱਥ ਨਾਲ ਕਾਗਜ਼ ਤੇ ਸ਼ਕਲ ਖਿੱਚ ਕੇ ਸਮਝਾਉਣਾ ਸ਼ੁਰੂ ਕੀਤਾ, ਪਰ ਜਿਥੇ ਮੈਨੂੰ ਉਲਝਣ ਆਈ ਸੀ ਉਥੇ ਹਜ਼ਰਤ ਮੌਲਾਣਾ ਦੀ ਬੁੱਧੀ ਨੂੰ ਵੀ ਮੁਸ਼ਕਿਲ ਆਈ। ਕਹਿਣ ਲੱਗੇ, "ਚਿੰਤ ਰਾਮ ਹੁਣ ਅਸੀਂ ਤੈਨੂੰ ਨਹੀਂ ਪੜ੍ਹਾ ਸਕਦੇ। ਜਦੋਂ ਉਸਤਾਦ ਤੇ ਸ਼ਾਗਿਰਦ ਦਾ ਇਲਮ ਬਰਾਬਰ ਹੋ ਜਾਵੇ ਤਾਂ ਸ਼ਾਗਿਰਦ ਨੂੰ ਕਿਸੇ ਦੂਸਰੇ ਉਸਤਾਦ ਕੋਲ ਜਾਣਾ ਚਾਹੀਦਾ।"

ਮੈਂ ਹਿੰਮਤ ਕਰਕੇ ਕਹਿ ਦਿੱਤਾ, "ਕੋਈ ਦੂਸਰਾ ਜੇ ਇਹ ਸ਼ਬਦ ਕਹਿੰਦਾ ਤਾਂ ਉਸ ਨੂੰ ਮੈਂ ਨਾਸਤਿਕ ਦੇ ਬਰਾਬਰ ਸਮਝਦਾ, ਪ੍ਰੰਤੂ ਆਪ ਦਾ ਹਰ ਲਫ਼ਜ ਤੇ ਹਰ ਪਾਈ ਭਗਵਾਨ ਦੀ ਆਗਿਆ ਤੋਂ ਘੱਟ ਨਹੀਂ ਹੁੰਦੀ। ਇਸ ਕਾਰਨ ਚੁੱਪ ਹਾਂ। ਭਲਾ ਅਕਾਏ ਗਜ਼ਨਵੀ ਦੇ ਸਾਹਮਣੇ ਅੱਯਾਜ (ਇਕ ਗੁਲਾਮ) ਦੀ ਕੀ ਮਜਾਲ। ਪ੍ਰੰਤੂ ਹਜ਼ੂਰ ਮੈਨੂੰ ਦੁੱਖ ਬਹੁਤ ਹੋਇਆ।"

ਉਹ ਕਹਿਣ ਲੱਗੇ, "ਜਜ਼ਬਾਤੀ ਆਦਮੀ, ਗੱਲ ਤਾਂ ਸੁਣ ਲਈ ਹੁੰਦੀ।" ਮੈਂ ਸਿਰ ਝੁਕਾ ਕੇ ਆਖਿਆ "ਕਹੋ"।

ਉਹਨਾਂ ਨੇ ਆਖਿਆ, "ਦਿੱਲੀ ਵਿਚ ਹਕੀਮ ਨਾਸਿਖ ਅਲੀਂ ਤੀਸਤਾਨੀ ਗਣਿਤ ਦੇ ਮਾਹਿਰ



ਹਨ। ਜੇ ਤੈਨੂੰ ਇਸ ਦਾ ਐਸਾ ਹੀ ਸ਼ੌਕ ਹੈ ਤਾਂ ਉਹਨਾਂ ਦੇ ਪਾਸ ਚਲੇ ਜਾਓ ਤੇ ਅਭਿਆਸ ਕਰੋ। ਅਸੀਂ ਉਹਨਾਂ ਦੇ ਨਾਂ ਖਤ ਲਿਖ ਦੇਵਾਂਗੇ।"

ਮੈਂ ਇੱਛਾ ਪ੍ਰਗਟ ਕੀਤੀ ਤਾਂ ਕਿਹਾ, "ਆਪਣੀ ਮਾਂ ਨੂੰ ਪੁੱਛ ਲੈਣਾ, ਜੇ ਉਹ ਸਹਿਮਤ ਹੋਵੇ ਤਾਂ ਮੇਰੇ ਕੋਲ ਆ ਜਾਣਾ।"

ਮਾਂ ਨੂੰ ਪੁੱਛਣਾ ਤੇ ਆਗਿਆ ਲੈਣੀ ਤੇ ਆਪਣੀ ਇੱਛਾ ਅਨੁਸਾਰ ਜਵਾਬ ਪਾ ਲੈਣਾ ਕਠਨ ਕੰਮ ਸੀ। ਥੋੜ੍ਹੇ ਦਿਨ ਬਹੁਤ ਬੇਚੈਨੀ ਨਾਲ ਲੰਘੇ। ਮੈਂ ਦਿਨ ਰਾਤ ਇਸ ਮੁਸ਼ਕਿਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ। ਪਰ ਠੀਕ ਜਵਾਬ ਨਾ ਮਿਲਦਾ। ਇਸ ਨਾ ਹੱਲ ਹੋਣ ਵਾਲੇ ਕਿੱਸੇ ਵਿਚ ਤਬੀਅਤ ਵਿਚ ਖਿੰਡਾਅ ਪੈਦਾ ਹੋਇਆ। ਮੈਂ ਦਿੱਲੀ ਜਾਣਾ ਚਾਹੁੰਦਾ ਸੀ ਪਰ ਹਜ਼ੂਰ ਤੋਂ ਮਾਂ ਦੀ ਆਗਿਆ ਦੇ ਬਿਨਾ ਇਜ਼ਾਜਤ ਨਹੀਂ ਮਿਲ ਸਕਦੀ ਸੀ। ਮਾਂ ਇਸ ਬੁਢਾਪੇ ਵਿਚ ਕਿਵੇਂ ਸਹਿਮਤ ਹੋ ਸਕਦੀ ਸੀ।

"ਇਕ ਰਾਤ ਜਦੋਂ ਸਾਰਾ ਪਿੰਡ ਸੌਂ ਰਿਹਾ ਸੀ ਤੇ ਮੈਂ ਵੀ ਤੇਰੇ ਵਾਂਗ ਪ੍ਰੇਸ਼ਾਨ ਸੀ ਤਾਂ ਮੈਂ ਆਪਣੀ ਮਾਂ ਦੀ ਪਟਾਰੀ ਵਿਚੋਂ ਉਸ ਦੀ ਕੁੱਲ ਪੂੰਜੀ ਵਿਚੋਂ ਦੋ ਰੁਪਏ ਚੁਰਾ ਲਏ ਤੇ ਪਿੰਡ ਛੱਡ ਕੇ ਨਿਕਲ ਗਿਆ, ਖੁਦਾ ਸਾਨੂੰ ਮੁਆਫ ਕਰੇ ਤੇ ਆਪਣੇ ਦੋਵਾਂ ਬਜ਼ੁਰਗਾਂ ਦੀ ਆਤਮਾ ਨੂੰ ਮੇਰੇ ਤੇ ਰਾਜ਼ੀ ਰੱਖੇ। ਅਸਲ ਵਿਚ ਮੈਂ ਵੱਡਾ ਪਾਪ ਕੀਤਾ ਸੀ ਤੇ ਕਿਆਮਤ ਤੀਕ ਮੇਰਾ ਸਿਰ ਇਹਨਾਂ ਦੋਹਾਂ ਮਿਹਰਬਾਨਾਂ ਸਾਹਮਣੇ ਝੁਕਿਆ ਰਹੇਗਾ। ਪਿੰਡ ਤੋਂ ਨਿਕਲ ਕੇ ਮੈਂ ਹਜ਼ੂਰ ਦੀ ਹਵੇਲੀ ਦੇ ਪਿੱਛੇ ਮਸਜਦ ਦੇ ਕੋਲ ਪਹੁੰਚਿਆ ਜਿਥੇ ਬਹਿ ਕੇ ਉਹ ਪੜ੍ਹਾਉਂਦੇ ਸਨ। ਗੋਡਿਆਂ ਦੇ ਭਾਰ ਮੈਂ ਜ਼ਮੀਨ ਨੂੰ ਚੁੰਮਿਆਂ ਤੇ ਮਨ ਵਿਚ ਆਖਿਆ, "ਅਭਾਗਾ ਹਾਂ, ਜੋ ਬਿਨਾਂ ਇਜਾਜ਼ਤ ਦੇ ਜਾ ਰਿਹਾ ਹਾਂ, ਪਰ ਆਪ ਦੀਆਂ ਦੁਆਵਾਂ ਸਦਕਾ ਸਾਰਾ ਜੀਵਨ ਭਰਪੂਰ ਰਹੇਗਾ। ਜੇ ਮੇਰਾ ਅਪਰਾਧ ਬਖਸ਼ਿਆ ਨਾ ਗਿਆ ਤਾਂ ਆਪ ਦੇ ਚਰਨਾਂ ਵਿਚ ਜਾਨ ਦੇ ਦੇਵਾਂਗਾ। ਏਨਾ ਕਹਿ ਕੇ ਤੇ ਮੋਢੇ ਤੇ ਲਾਠੀ ਰੱਖ ਕੇ ਮੈਂ ਉੱਥੋਂ ਤੁਰ ਪਿਆ। ਸੁਣ ਰਿਹਾ ਹੈਂ ?" ਦਾਊਜੀ ਨੇ ਮੇਰੇ ਵੱਲ ਗਹੁ ਨਾਲ ਵੇਖਿਆ।

"ਹਾਂ" ਰਜਾਈ ਵਿਚ ਬੈਠੇ ਮੈਂ ਹੌਲੀ ਜਹੀ ਕਿਹਾ। ਦਾਊਜੀ ਨੇ ਫਿਰ ਕਹਿਣਾ ਸ਼ੁਰੂ ਕੀਤਾ।" ਖੁਦਾ ਨੇ ਮੇਰੀ ਕਮਾਲ ਦੀ ਮਦਦ ਕੀਤੀ, ਉਨ੍ਹੀਂ ਦਿਨੀਂ ਜਾਖੁਲ, ਜਨੇਤ, ਸਿਰਸਾ ਹਿਸਾਰ ਵਾਲੀ ਰੇਲ ਦੀ ਪਟੜੀ ਬਣ ਰਹੀ ਸੀ। ਇਹੀ ਸਿੱਧਾ ਰਾਹ ਦਿੱਲੀ ਨੂੰ ਜਾਂਦਾ ਸੀ ਤੇ ਏਥੇ ਹੀ ਮਜ਼ਦੂਰੀ ਮਿਲਦੀ ਸੀ। ਇਕ ਦਿਨ ਮੈਂ ਮਜ਼ਦੂਰੀ ਕਰਦਾ ਤੇ ਦੋ ਦਿਲ ਚੱਲਦਾ। ਇਸ ਤਰ੍ਹਾਂ ਨਾ ਵਿਖਾਈ ਦੇਣ ਵਾਲੀ ਮਦਦ ਦੇ ਸਹਾਰੇ ਸੋਲਾਂ ਦਿਨ ਵਿਚ ਦਿੱਲੀ ਪਹੁੰਚ ਗਿਆ।

ਮੰਜ਼ਿਲ ਤਾਂ ਹੱਥ ਲੱਗ ਗਈ, ਪਰ ਉਹ ਚੀਜ਼ ਨਾ ਮਿਲ ਸਕੀ। ਜਿਸ ਨੂੰ ਪੁੱਛਦਾ, "ਹਕੀਮ ਨਾਸਿਖ ਅਲੀ ਸੀਸਤਾਨੀ ਦਾ ਘਰ ਕਿੱਥੇ ਹੈ, "ਨਹੀਂ" ਵਿਚ ਉੱਤਰ ਮਿਲਦਾ। ਦੋ ਦਿਨ ਖੋਜ ਜਾਰੀ ਰਹੀ, ਘਰ ਪਤਾ ਨਾ ਲੱਭ ਸਕਿਆ। ਭਾਗ ਚੰਗੇ ਤੇ ਸਿਹਤ ਚੰਗੀ ਸੀ। ਅੰਗਰੇਜ਼ਾਂ ਲਈ ਕੋਠੀਆਂ ਬਣ ਰਹੀਆਂ ਸਨ। ਉਥੇ ਕੰਮ ਤੇ ਜਾਣ ਲੱਗਾ। ਸ਼ਾਮ ਨੂੰ ਵਿਹਲਾ ਹੋ ਕੇ ਹਕੀਮ ਦਾ ਪਤਾ ਲੱਭਦਾ ਤੇ ਰਾਤ ਨੂੰ ਇਕ ਧਰਮਸ਼ਾਲਾ ਵਿਚ ਖੇਸ ਵਿਛਾ ਕੇ ਗੂਹੜੀ ਨੀਂਦ ਸੌਂ ਜਾਂਦਾ।

ਇਕ ਕਹਾਵਤ ਮਸ਼ਹੂਰ ਹੈ, ਜੋ ਲੱਭਦਾ ਹੈ, ਸੋ ਪਾ ਲੈਂਦਾ ਹੈ, ਆਖਰ ਇਕ ਦਿਨ ਮੈਨੂੰ ਹਕੀਮ ਦੀ ਥਾਂ ਲੱਭ ਪਈ। ਉਹ ਪੱਥਰ ਤੋੜਨ ਵਾਲਿਆਂ ਦੀ ਇਕ ਹਨੇਰੀ ਗਲੀ ਵਿਚ ਰਹਿੰਦੇ ਸੀ। ਸ਼ਾਮ ਵੇਲੇ ਮੈਂ ਉਹਨਾਂ ਦੀ ਸੇਵਾ ਵਿਚ ਹਾਜ਼ਰ ਹੋਇਆ। ਇਕ ਛੋਟੀ ਜਹੀ ਕੋਠੜੀ ਵਿਚ ਬੈਠੇ ਸੀ ਤੇ ਕੁਝ ਦੋਸਤਾਂ ਨਾਲ ਉੱਚੀ ਉੱਚੀ ਗੱਲ-ਬਾਤ ਹੋ ਰਹੀ ਸੀ। ਮੈਂ ਜੁੱਤੀ ਲਾਹ ਕੇ ਚੌਖਟ ਦੇ ਅੰਦਰ ਖੜਾ ਹੋ ਗਿਆ।

ਇਕ ਸਾਹਿਬ ਨੇ ਪੁੱਛਿਆ "ਕੌਣ ਹੈ ?"

ਮੈਂ ਸਵਾਲ ਕਰਦੇ ਕਿਹਾ, "ਹਕੀਮ ਸਾਹਿਬ ਨੂੰ ਮਿਲਣਾ ਹੈ।" ਹਕੀਮ ਸਾਹਿਬ ਮਿੱਤਰਾਂ ਦੀ ਮੰਡਲੀ ਵਿਚ ਸਿਰ ਝੁਕਾਈ ਬੈਠੇ ਸੀ ਤੇ ਉਹਨਾਂ ਦੀ ਪਿੱਠ ਮੇਰੇ ਵੱਲ ਸੀ। ਏਸੇ ਤਰ੍ਹਾਂ ਬੈਠੇ ਬੈਠੇ ਬੋਲੇ "ਨਾਂ?"

ਮੈਂ ਹੱਥ ਜੋੜ ਕੇ ਆਖਿਆ "ਪੰਜਾਬ ਤੋਂ ਆਇਆ ਹਾਂ ਤੇ....।"

ਮੈਂ ਗੱਲ ਪੂਰੀ ਵੀ ਨਾ ਕਰ ਸਕਿਆ ਸੀ ਕਿ ਜ਼ੋਰ ਨਾਲ ਬੋਲੇ, "ਚਿੰਤ ਰਾਮ ਹੈ।" ਮੈਂ ਉੱਤਰ ਨਾ ਦੇ ਸਕਿਆ। ਫੁਰਮਾਉਣ ਲੱਗੇ। ਮੈਨੂੰ ਇਸਮਾਈਲ ਦਾ ਖਤ ਮਿਲਿਆ ਹੈ, ਸ਼ਾਇਦ ਚਿੰਤ ਰਾਮ ਤੁਹਾਡੇ ਕੋਲ ਆਏ। ਸਾਨੂੰ ਦੱਸੇ ਬਿਨਾਂ ਘਰੋਂ ਭੱਜ ਗਿਆ ਹੈ। ਉਸ ਦੀ ਮਦਦ ਕਰਨਾ। ਮੈਂ ਉਸੇ ਤਰ੍ਹਾਂ ਚੁੱਪ ਰਿਹਾ ਤਾਂ ਗੰਭੀਰ ਆਵਾਜ਼ ਵਿਚ ਬੋਲੇ, "ਮੀਆਂ ਅੰਦਰ ਆ ਜਾਓ। ਕੀ ਚੁੱਪ ਦਾ ਰੋਜ਼ਾ ਰੱਖਿਆ ਹੈ ?" ਮੈਂ ਜ਼ਰਾ ਅੱਗੇ ਵਧਿਆ ਤਾਂ ਵੀ ਮੇਰੇ ਵੱਲ ਨਹੀਂ ਵੇਖਿਆ ਵੈਸੇ ਹੀ ਨਵੀਂ ਵਹੁਟੀ ਵਾਂਗ ਬੈਠੇ ਰਹੇ, ਫਿਰ ਥੋੜ੍ਹੀ ਦੇਰ ਬਾਅਦ ਹੁਕਮ ਦੇਣ ਵਾਲੀ ਮੁਦਰਾ ਵਿਚ ਕਿਹਾ, "ਬੇਟਾ, ਬੈਠ ਜਾਓ।"

ਮੈਂ ਉਥੇ ਹੀ ਬੈਠ ਗਿਆ ਤਾਂ ਆਪਣੇ ਦੋਸਤਾਂ ਨੂੰ ਕਿਹਾ...."ਭਾਈ ਜ਼ਰਾ ਮੈਨੂੰ, ਇਸ ਨਾਲ ਦੋ ਦੋ ਹੱਥ ਕਰ ਲੈਣ ਦਿਓ।" ਫਿਰ ਹੁਕਮ ਹੋਇਆ, "ਦੱਸੋ ਹਿੰਦਸੇ ਦਾ ਨਾਂ, ਗਿਣਤੀ ਦਾ ਕਿਹੜਾ ਮਸਲਾ ਜਾਂ ਪ੍ਰਯੋਗ ਤੈਨੂੰ ਸਮਝ ਨਹੀਂ ਆਉਂਦਾ ?"

ਮੈਂ ਡਰਦੇ ਡਰਦੇ ਦੱਸਿਆ ਤਾਂ ਉਹਨਾਂ ਨੇ ਉਸੇ ਤਰ੍ਹਾਂ ਮੋਢਿਆਂ ਵੱਲ ਆਪਣੇ ਹੱਥ ਵਧਾਏ ਤੇ ਹੌਲੀ ਹੌਲੀ ਇਸ ਤਰ੍ਹਾਂ ਆਪਣੇ ਵੱਲ ਖਿਚ ਲਏ ਕਿ ਉਹਨਾਂ ਦੀ ਪਿੱਠ ਨੰਗੀ ਹੋ ਗਈ, ਫਿਰ ਬੋਲੇ, "ਬਣਾਓ ਆਪਣੀ ਉਂਗਲੀ ਨਾਲ ਮੇਰੀ ਪਿੱਠ ਤੇ ਸਮਾਤਰ ਰੇਖਾ।" ਮੇਰੇ ਤੇ ਚੁੱਪ ਛਾਈ ਹੋਈ ਸੀ। ਨਾ ਅੱਗੇ ਵਧਣ ਦੀ ਹਿੰਮਤ ਨਾ ਪਿੱਛੇ ਹਟਣ ਦੀ ਤਾਕਤ। ਇਕ ਪਲ ਦੇ 'ਬਾਅਦ ਬੋਲੇ, ਮੀਆਂ ਜਲਦੀ ਕਰੋ, ਅੰਨ੍ਹਾ ਹੈ ? ਕਾਗਜ਼ ਕਲਮ ਕੁਝ ਨਹੀਂ ਸਮਝਾਉਂਦਾ। ਮੈਂ ਡਰਦੇ ਡਰਦੇ ਅੱਗੇ ਵਧਿਆ ਤੇ ਉਨ੍ਹਾਂ ਦੀ ਚੌੜੀ ਚਕਲੀ ਪਿੱਠ ਤੇ ਕੰਬਦੀ ਹੋਈ ਉਂਗਲੀ ਨਾਲ ਸਮਾਂਤਰ ਰੇਖਾ ਬਣਾਉਣ ਲੱਗਾ, ਜਦ ਉਹ ਨਾਮਲੂਮ-ਜਿਹੀ ਸ਼ਕਲ ਬਣ ਗਈ ਤਾਂ ਬੋਲੇ, "ਕਿ ਹੁਣ ਇਹ ਨੁਕਤਾ ਜਿਹਾ ਹੈ ਕੀ ?" ਫਿਰ ਆਪ ਹੀ ਬੋਲੇ, "ਹੌਲੀ ਹੌਲੀ ਆਦੀ ਹੋ ਜਾਉਂਗੇ। ਖੱਬੇ ਮੋਢੇ ਤੋਂ ਕੋਈ ਛੇ ਉਂਗਲ ਹੇਠਾ ਨੁਕਤਾ ਜਾਂ ਨਿਸ਼ਾਨ 'ਸਾ' ਹੈ, ਉਥੋਂ ਲਕੀਰ ਖਿਚੋ।"

ਹੇ ਖੁਦਾ, ਕੀ ਅਵਾਜ਼ ਸੀ, ਕੀ ਵਿਧੀ ਸੀ ਤੇ ਕਿੰਨਾ ਤੇਜ਼ ਸਨ। ਉਹ ਬੋਲ ਰਹੇ ਸੀ ਤੇ ਮੈਂ ਚੁੱਪ ਬੈਠਾ ਸੀ। ਇਓਂ ਲੱਗ ਰਿਹਾ ਸੀ ਕਿ ਹੁਣ ਇਹਨਾਂ ਦੇ ਵਾਕ ਦੇ ਨਾਲ ਨੂਰ ਦੀ ਲਕੀਰ ਸਮਾਂਤਰ ਰੇਖਾ ਬਣ ਕੇ ਉਹਨਾਂ ਦੀ ਪਿੱਠ ਤੇ ਉਭਰ ਆਵੇਗੀ। ...ਫਿਰ ਦਾਊਜੀ ਦਿੱਲੀ ਦੇ ਦਿਨਾਂ ਵਿਚ ਡੁੱਬ ਗਏ। ਉਹਨਾਂ ਦੀਆਂ ਅੱਖਾਂ ਗਿੱਲੀਆਂ ਸਨ। ਮੇਰੇ ਵੱਲ ਵੇਖ ਰਹੇ ਸਨ।

ਮੈਂ ਬੇਚੈਨ ਹੋ ਕੇ ਪੁੱਛਿਆ, "ਫਿਰ ਕੀ ਹੋਇਆ ਦਾਊਜੀ ?"

ਉਹਨਾਂ ਨੇ ਕੁਰਸੀ ਤੋਂ ਉਠਦੇ ਹੋਏ ਕਿਹਾ, "ਰਾਤ ਬਹੁਤ ਗੁਜ਼ਰ ਚੁੱਕੀ ਹੈ। ਹੁਣ ਤੂੰ ਸੌਂ ਜਾ, ਫਿਰ ਦੱਸੂਗਾ। ਮੈਂ ਜ਼ਿੱਦੀ ਬੱਚੇ ਵਾਂਗੂ ਉਹਨਾਂ ਦੇ ਪਿੱਛੇ ਪੈ ਗਿਆ ਤਾਂ ਉਹਨਾਂ ਕਿਹਾ, "ਪਹਿਲੇ ਵਾਅਦਾ ਕਰ ਕਿ ਹੁਣ ਨਿਰਾਸ ਨਹੀਂ ਹੋਵੇਂਗਾ ਤੇ ਇਹਨਾਂ ਛੋਟੀਆਂ ਛੋਟੀਆਂ ਮਾਯੂਸੀਆਂ ਨੂੰ ਪਤਾਸੇ ਸਮਝੇਂਗਾ।

ਮੈਂ ਉੱਤਰ ਦਿੱਤਾ, "ਹਲਵਾ ਸਮਝਾਂਗਾ, ਆਪ ਚਿੰਤਾ ਨਾ ਕਰੋ। ਉਹਨਾਂ ਨੇ ਖੜੇ ਖੜੇ ਕੰਬਲ ਲਪੇਟਦੇ ਹੋਏ ਕਿਹਾ, "ਬੱਸ ਸੰਖੇਪ ਇਹ ਕਿ ਮੈਂ ਇਕ ਸਾਲ ਹਕੀਮ ਦੀ ਜੀ-ਹਜ਼ੂਰੀ ਵਿਚ ਰਿਹਾ ਤੇ ਉਸ ਵਿਧਾ ਦੇ ਸਮੁੰਦਰ ਵਿਚੋਂ ਕੁਝ ਬੂੰਦਾਂ ਪ੍ਰਾਪਤ ਕਰਕੇ ਮੈਂ ਆਪਣੀਆਂ ਅੰਨ੍ਹੀਆਂ ਅੱਖਾਂ ਨੂੰ ਧੋਤਾ। ਫੁਰਮਾਉਣ ਲੱਗੇ, "ਚਿੰਤ ਰਾਮ ਜੇ ਸਾਡੇ ਵਿਚ ਸ਼ਕਤੀ ਹੁੰਦੀ ਤਾਂ ਇਹਨਾਂ ਪੈਰਾਂ ਨੂੰ ਖਿੱਚ ਲੈਂਦਾ।"

ਮੈਂ ਰੋ ਪਿਆ ਤਾਂ ਪਿਆਰ ਨਾਲ ਹੱਥ ਫੇਰਦੇ ਹੋਏ ਕਹਿਣ ਲੱਗੇ, "ਅਸੀਂ ਤੇਰੇ ਨਾਲ ਨਰਾਜ਼ ਨਹੀਂ ਹਾਂ, ਪ੍ਰੰਤੂ ਇਕ ਸਾਲ ਦੀ ਦੂਰੀ ਬਹੁਤ ਤਗੜੀ ਹੈ। ਜੇ ਅੱਗੇ ਤੋਂ ਜਾਣਾ ਹੈ ਤਾਂ ਸਾਨੂੰ ਵੀ ਨਾਲ ਲਈ ਜਾਣਾ।" ਇਹ ਕਹਿੰਦੇ ਹੋਏ ਦਾਊਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਮੈਨੂੰ ਏਸੇ ਤਰ੍ਹਾਂ ਗੁੰਮ ਸੁੰਮ ਛੱਡ ਕੇ ਬੈਠਕ ਤੋਂ ਬਾਹਰ ਨਿਕਲ ਗਏ।

ਸਾਡੇ ਕਸਬੇ ਵਿਚ ਹਾਈ ਸਕੂਲ ਜ਼ਰੂਰ ਸੀ, ਪਰ ਮੈਟ੍ਰਿਕ ਦਾ ਕੇਂਦਰ ਨਹੀਂ ਸੀ। ਇਮਤਿਹਾਨ ਦੇਣ ਲਈ ਸਾਨੂੰ ਜ਼ਿਲ੍ਹੇ ਵਿਚ ਜਾਣਾ ਹੁੰਦਾ ਸੀ, ਇਸ ਕਾਰਣ ਉਹ ਸਵੇਰ ਆ ਗਈ, ਸਾਡੀ ਕਲਾਸ



ਪ੍ਰੀਖਿਆ ਦੇਣ ਲਈ ਜਾ ਰਹੀ ਸੀ ਤੇ ਗੱਡੀ ਦੇ ਚਾਰੇ ਪਾਸੇ ਮਾਤਾ ਪਿਤਾ ਵਰਗੇ ਲੋਕਾਂ ਦੀ ਭੀੜ ਸੀ। ਤੇ ਇਸ ਭੀੜ ਤੋਂ ਦਾਊਜੀ ਕਿਵੇਂ ਪਿੱਛੇ ਰਹਿ ਸਕਦੇ ਸੀ। ਸਭ ਲੜਕਿਆਂ ਦੇ ਘਰ ਵਾਲੇ ਉਹਨਾਂ ਨੂੰ ਚੰਗੀਆਂ ਦੁਆਵਾਂ ਤੇ ਅਨੇਕ ਸ਼ੁਭ-ਕਾਮਨਾਵਾਂ ਦੇ ਰਹੇ ਸੀ, ਤੇ ਦਾਊਜੀ ਸਾਰੇ ਸਾਲ ਦੀ ਪੜ੍ਹਾਈ ਦਾ ਸਾਰ ਜਮ੍ਹਾ ਕਰਕੇ ਜਲਦੀ ਜਲਦੀ ਪ੍ਰਸ਼ਨ ਪੁੱਛ ਰਹੇ ਸੀ ਤੇ ਮੇਰੇ ਨਾਲ ਨਾਲ ਉਤਾਰ-ਚੜ੍ਹਾਅ ਪਰ ਪਹੁੰਚ ਜਾਂਦੇ। ਉਥੋਂ ਪਰਤੇ ਤਾਂ ਉਸ ਦੇ ਬਾਅਦ ਇਕ ਹੋਰ ਬਾਦਸ਼ਾਹ ਆਇਆ ਜੋ ਆਪਣੀ ਪੁਸ਼ਾਕ ਤੋਂ ਹਿੰਦੂ ਲਗਦਾ ਸੀ। ਉਹ ਨਸ਼ੇ ਵਿਚ ਚੂਰ ਸੀ। ਇਕ ਹੋਰ... ਜਹਾਂਗੀਰ, ਮੈਂ ਜਵਾਬ ਦਿੱਤਾ ਤੇ ਉਹ ਔਰਤ ਨੂਰਜਹਾਂ-ਅਸੀਂ ਦੋਵੇਂ ਇਕ ਸਾਥ ਬੋਲੇ। "ਗੁਣ ਉਪਮਾ ਤੇ ਕਿਰਿਆ ਵਿਚ ਅੰਤਰ ?" ਮੈਂ ਦੋਵਾਂ ਦੀ ਤਾਰੀਫ ਬਿਆਨ ਕੀਤੀ। ਬੋਲੇ ਉਦਾਹਰਣ ? ਮੈਂ ਉਦਾਹਰਣ ਦਿੱਤੇ। ਸਭ ਲੜਕੇ ਗੱਡੀ ਵਿਚ ਬੈਠ ਗਏ ਤੇ ਮੈਂ ਉਹਨਾਂ ਤੋਂ ਜਾਨ ਛੁਡਾ ਕੇ ਜਲਦੀ ਨਾਲ ਅੰਦਰ ਦਾਖਿਲ ਹੋਇਆ ਤਾਂ ਧੁੱਸ ਦੇ ਕੇ ਖਿੜਕੀ ਦੇ ਕੋਲ ਆ ਗਏ ਤੇ ਪੁੱਛਣ ਲੱਗੇ Break In ਅਤੇ Break into ਨੂੰ ਵਾਕਾਂ ਵਿਚ ਵਰਤੋ। ਉਹ ਨਾਂ ਦਾ ਪ੍ਰਯੋਗ ਵੀ ਹੋ ਗਿਆ ਤੇ ਮੋਟਰ ਸਟਾਰਟ ਹੋ ਕੇ ਚੱਲੀ ਤੇ ਉਸ ਦੇ ਨਾਲ ਉਹਨਾਂ ਦੇ ਪੈਰ ਉੱਠੇ।

ਪਹਿਲੇ ਦਿਨ ਇਮਤਿਹਾਨ ਦਾ ਪਰਚਾ ਹੋਇਆ ਬਹੁਤ ਚੰਗਾ। ਦੂਸਰੇ ਦਿਨ ਭੂਗੋਲ ਦਾ ਉਸ ਤੋਂ ਵੀ ਵਧੀਆ। ਤੀਸਰੇ ਦਿਨ ਐਤਵਾਰ ਸੀ ਤੇ ਉਸ ਪਿੱਛੋਂ ਹਿਸਾਬ ਦੀ ਵਾਰੀ ਸੀ। ਐਤਵਾਰ ਦਾਊਜੀ ਦਾ ਲੰਮਾ ਖਤ ਮਿਲਿਆ ਜਿਸ ਵਿਚ ਬੀਜ-ਗਣਿਤ ਦੇ ਫਾਰਮੂਲੇ ਤੇ ਹਿਸਾਬ ਦੇ ਕਾਇਦਿਆ ਤੋਂ ਬਿਨਾ ਕੋਈ ਨਹੀਂ ਸੀ। ਹਿਸਾਬ ਦਾ ਪਰਚਾ ਕਰਨ ਪਿੱਛੋਂ ਵਰਾਂਡੇ ਵਿਚ ਲੜਕਿਆਂ ਦੇ ਜਵਾਬ ਮਿਲਾਏ ਤਾਂ 100 ਵਿਚੋਂ 80 ਦਾ ਪਰਚਾ ਠੀਕ ਸੀ। ਹਾਂ, ਮੈਂ ਖੁਸ਼ੀ ਵਿਚ ਪਾਗਲ ਹੋ ਉਠਿਆ। ਭੋਂ ਤੇ ਪੈਰ ਨਹੀਂ ਸੀ ਲੱਗਦੇ ਤੇ ਮੇਰੇ ਮੂੰਹ ਵਿਚੋਂ ਖੁਸ਼ੀ ਦੇ ਨਾਹਰੇ ਨਿਕਲ ਰਹੇ ਸੀ। ਜਿਉਂ ਹੀ ਮੈਂ ਬਰਾਂਡੇ ਵਿਚੋਂ ਪੈਰ ਹੇਠਾਂ ਰੱਖੇ, ਦਾਊਜੀ ਖੇਸ ਮੋਢੇ ਤੇ ਰੱਖੀ ਇਕ ਲੜਕੇ ਦਾ ਪਰਚਾ ਵੇਖ ਰਹੇ ਸੀ। ਮੈਂ ਚੀਕ ਮਾਰ ਕੇ ਲਿਪਟ ਗਿਆ ਤੇ 80 ਨੰਬਰ ਦੇ ਨਾਹਰੇ ਲਗਾਉਣੇ ਸ਼ੁਰੂ ਕਰ ਦਿੱਤੇ।

ਉਹਨਾਂ ਨੇ ਪਰਚਾ ਮੇਰੇ ਹੱਥੋਂ ਖੋਹ ਕੇ ਕੁੜੱਤਣ ਨਾਲ ਪੁੱਛਿਆ, "ਕਿਹੜਾ ਸਵਾਲ ਗਲਤ ਹੋ ਗਿਆ?"

ਮੈਂ ਝੁੱਕ ਕੇ ਕਿਹਾ, "ਚਾਰ ਦੀਵਾਰੀ ਵਾਲਾ।" ਝੁੰਜਲਾ ਕੇ ਬੋਲੇ "ਤੂੰ ਖਿੜਕੀਆਂ ਤੇ ਦਰਵਾਜ਼ੇ ਘਟਾਏ ਨਹੀਂ ਹੋਣੇ।"

ਮੈਂ ਉਹਨਾਂ ਦੀ ਪਿੱਠ ਤੇ ਹੱਥ ਪਾ ਕੇ ਰੁੱਖ ਵਾਂਗ ਝੂਲਦੇ ਹੋਏ ਕਿਹਾ, "ਹਾਂ ਜੀ, ਜੀ ਹਾਂ। ਗੋਲੀ ਮਾਰੋ ਖਿੜਕੀਆਂ ਨੂੰ।"

ਦਾਊਜੀ ਡੁੱਬੀ ਅਵਾਜ਼ ਵਿਚ ਬੋਲੇ, ਤੂੰ ਮੈਨੂੰ ਬਰਬਾਦ ਕਰ ਦਿੱਤਾ। ਤੰਬੂਰੇ ਸਾਲ ਦੇ 365 ਦਿਨ ਮੈਂ ਪੁਕਾਰ-ਪੁਕਾਰ ਕੇ ਕਹਿੰਦਾ ਰਿਹਾ "ਜ਼ਮੀਨਾਂ ਦਾ ਸਵਾਲ ਅੱਖਾਂ ਖੋਲ੍ਹ ਕੇ ਕਰਨਾ, ਪਰ ਤੂੰ ਮੇਰੀ ਗੱਲ ਨਾ ਮੰਨੀ। ਤੂੰ ਮੇਰੀ ਗੱਲ, ਨਾ ਮੰਨ ਕੇ 20 ਨੰਬਰ ਖਰਾਬ ਕਰ ਦਿੱਤੇ। ਪੂਰੇ ਵੀਹ ਨੰਬਰ ਤੇ ਦਾਊਜੀ ਦਾ ਚਿਹਰਾ ਵੇਖ ਕੇ ਮੇਰੀ 80 ਫੀਸਦੀ ਸਫਲਤਾ 20 ਫੀਸਦੀ ਅਸਫਲਤਾ ਵਿਚ ਇੰਝ ਡੁੱਬ ਗਈ, ਜਿਵੇਂ ਉਸ ਦਾ ਵਜੂਦ ਹੀ ਨਾ ਹੋਵੇ।"

ਸਾਰੇ ਰਾਹ ਉਹ ਆਪਣੇ ਆਪ ਨੂੰ ਕਹਿੰਦੇ ਰਹੇ, "ਜੇ ਪ੍ਰੀਖਿਅਕ ਚੰਗੇ ਦਿਲ ਵਾਲਾ ਹੋਇਆ ਤਾਂ ਉਹ ਨੰਬਰ ਜ਼ਰੂਰ ਦੇਵੇਗਾ। ਤੇਰਾ ਬਾਕੀ ਹੱਲ ਤਾਂ ਠੀਕ ਹੈ। ਇਸ ਪਰਚੇ ਦੇ ਪਿੱਛੋਂ ਦਾਊਜੀ ਪ੍ਰੀਖਿਆ ਦੇ ਅੰਤਿਮ ਦਿਨ ਤੀਕ ਮੇਰੇ ਨਾਲ ਰਹੇ। ਉਹ ਰਾਤ ਦੇ 12 ਵਜੇ ਤੱਕ ਮੈਨੂੰ ਉਸ ਸਰਾਂ ਵਿਚ ਪੜ੍ਹਾਉਂਦੇ ਜਿਥੇ ਸਾਡੀ ਕਲਾਸ ਠਹਿਰੀ ਹੋਈ ਸੀ ਤੇ ਉਸ ਤੋਂ ਪਿੱਛੋਂ, ਉਹਨਾਂ ਦੇ ਕਹਿਣ ਅਨੁਸਾਰ ਆਪਣੇ ਮਿੱਤਰ ਦੇ ਘਰ ਚਲੇ ਜਾਂਦੇ। ਸਵੇਰੇ 8 ਵਜੇ ਆ ਜਾਂਦੇ ਤੇ ਫਿਰ ਇਮਤਿਹਾਨ ਵਾਲੇ ਕਮਰੇ ਤੱਕ ਮੇਰੇ ਨਾਲ ਰਹਿੰਦੇ।

ਪ੍ਰੀਖਿਆ ਸਮਾਪਤ ਹੁੰਦੇ ਹੀ ਮੈਂ ਦਾਊਜੀ ਨੂੰ ਇਸ ਤਰ੍ਹਾਂ ਛੱਡ ਦਿੱਤਾ, ਜਿਵੇਂ ਮੇਰੀ ਕੋਈ ਵਾਕਫੀ

ਹੀ ਨਾ ਹੋਵੇ। ਸਾਰਾ ਦਿਨ ਦੋਸਤਾਂ ਦੇ ਨਾਲ ਘੁੰਮਣਾ ਤੇ ਸ਼ਾਮ ਨੂੰ ਨਾਵਲ ਪੜ੍ਹਦਾ। ਇਸ ਵਿਚਕਾਰ ਜੇ ਸਮਾਂ ਮਿਲਦਾ, ਤਾਂ ਦਾਊਜੀ ਨੂੰ ਸਲਾਮ ਕਰਨ ਚਲੇ ਜਾਂਦਾ। ਉਹ ਇਸ ਗੱਲ ਤੇ ਦ੍ਰਿੜ ਸਨ ਕਿ ਹਰ ਰੋਜ਼ ਕੁਝ ਸਮਾਂ ਉਹਨਾਂ ਕੋਲ ਕੱਟਿਆ ਕਰ, ਤਾਂ ਕਿ ਮੈਨੂੰ ਕਲਾਸ ਦੀ ਪੜ੍ਹਾਈ ਲਈ ਵੀ ਤਿਆਰ ਕਰ ਦੇਣ। ਪਰ ਮੈਂ ਉਹਨਾਂ ਦੇ ਜਾਲ ਵਿਚ ਫਸਣ ਵਾਲਾ ਨਹੀਂ ਸੀ। ਪੜ੍ਹਨ ਨੂੰ ਛੱਡੋ, ਉਹਨਾਂ ਨਾਲ ਗੱਲਾਂ ਕਰਨਾ ਵੀ ਕਠਨ ਸੀ। ਮੈਂ ਕੁਝ ਪੁੱਛਿਆ ਉਹਨਾਂ ਨੇ ਕਿਹਾ, "ਇਸ ਦਾ ਫਾਰਸੀ ਵਿਚ ਅਨੁਵਾਦ ਕਰੋ।" ਮੈਂ ਉੱਤਰ ਦਿੱਤਾ। ਫੁਰਮਾਇਆ ਇਸ ਦਾ ਵਿਸ਼ਲੇਸ਼ਣ ਕਰੋ "ਹਵਾਲਦਾਰ ਦੀ ਗਾਂ ਅੰਦਰ ਆ ਵੜੀ ਸੀ। ਮੈਂ ਉਸ ਨੂੰ ਲੱਕੜੀ ਨਾਲ ਬਾਹਰ ਕੱਢ ਰਿਹਾ ਹਾਂ। ਤੇ ਦਾਊਜੀ ਪੁੱਛ ਰਹੇ ਹਨ, "ਗਾਂ ਸੰਗਿਆ ਹੈ ਜਾਂ ਕਿਰਿਆ।" ਹੁਣ ਹਰ ਅਕਲ ਦਾ ਅੰਨਾ ਤੇ ਪੰਜਵੀਂ ਜਮਾਤ ਦਾ ਪੜ੍ਹਿਆ ਜਾਣਦਾ ਹੈ ਕਿ ਗਾਂ ਸੰਗਿਆ ਹੈ। ਪਰ ਦਾਊਜੀ ਫੁਰਮਾ ਰਹੇ ਹਨ ਕਿ ਸੰਗਿਆ ਵੀ ਹੈ ਤੇ ਕਿਰਿਆ ਵੀ। 'ਟੂ ਕਾਊ' ਦਾ ਅਰਥ ਹੈ ਡਰਾਉਣਾ ਧਮਕਾਉਣਾ।

ਜਿਸ ਦਿਨ ਨਤੀਜਾ ਨਿਕਲਿਆ, ਮੈਂ ਤੇ ਅੱਬਾ ਜੀ ਲੱਡੂਆਂ ਦਾ ਇੱਕ ਛੋਟੀ ਜਿਹੀ ਟੋਕਰੀ ਲੈ ਕੇ ਉਹਨਾਂ ਦੇ ਘਰ ਗਏ। ਦਾਊਜੀ ਸਿਰ ਝੁਕਾਈ ਆਪਣੇ ਹਮੀਰ ਉੱਤੇ ਬੈਠੇ ਸੀ। ਅੱਬਾ ਜੀ ਨੂੰ ਵੇਖ ਕੇ ਖੜੇ ਹੋਏ, ਅੰਦਰ ਤੋਂ ਕੁਰਸੀ ਲੈ ਆਏ, ਤੇ ਆਪਣੇ ਬੋਰੀਏ ਦੇ ਲਾਗੇ ਰੱਖ ਕੇ ਬੋਲੇ, "ਡਾਕਟਰ ਸਾਹਿਬ ਆਪ ਦੇ ਸਾਹਮਣੇ ਸ਼ਰਮਿੰਦਾ ਹਾਂ, ਪਰ ਇਸਨੂੰ ਵੀ ਕਰਮਾਂ ਦੀ ਲਿਖੀ ਖੂਬੀ ਸਮਝੋ ਕਿ ਮੇਰਾ ਵਿਚਾਰ ਸੀ ਇਸਦੀ ਫਸਟ ਡਵੀਜ਼ਨ ਆ ਜਾਵੇਗੀ ਪਰ ਆ ਨਾ ਸਕੀ। ਬੁਨਿਆਦੀ ਕਮਜ਼ੋਰੀ ਸੀ।"

"ਇਕ ਨੰਬਰ ਹੀ ਘੱਟ ਹੈ।" ਮੈਂ ਚਹਿਕ ਕੇ ਗੱਲ ਕੱਟੀ ਤੇ ਉਹ ਮੇਰੇ ਵੱਲ ਵੇਖ ਕੇ ਬੋਲੇ, "ਤੂੰ ਨਹੀਂ ਜਾਣਦਾ ਕਿ ਇਸ ਇਕ ਨੰਬਰ ਨਾਲ ਮੇਰਾ ਦਿਲ ਦੋ ਟੁਕੜੇ ਹੋ ਗਿਆ। ਖੈਰ ਖ਼ੁਦਾ ਦੀ ਮਰਜ਼ੀ।" ਫਿਰ ਅੱਬਾ ਤੇ ਇਹ ਗੱਲਾਂ ਕਰਨ ਲੱਗੇ, ਤੇ ਮੈਂ ਬੇਬੇ ਦੇ ਨਾਲ ਗੱਲਾਂ ਵਿਚ ਰੁਝ ਗਿਆ।

ਹੁਣ ਉਹ ਸਵਾਲ ਆਦਿ ਨਹੀਂ ਪੁਛਦੇ ਸਨ, ਕੋਟ ਪਤਲੂਣ ਤੇ ਟਾਈ ਵੇਖ ਕੇ ਬਹੁਤ ਖੁਸ਼ ਹੁੰਦੇ। ਮੰਜੀ ਤੇ ਬੈਠਣ ਨਾ ਦਿੰਦੇ। ਕਿਹਾ ਕਰਦੇ, "ਜੇ ਮੈਨੂੰ ਉੱਠਣ ਨਹੀਂ ਦਿੰਦਾ ਤਾਂ ਆਪ ਕੁਰਸੀ ਲੈ ਆ।" ਤੇ ਮੈਂ ਕੁਰਸੀ ਖਿੱਚ ਕੇ ਉਨ੍ਹਾਂ ਦੇ ਕੋਲ ਡਟ ਜਾਂਦਾ। ਕਾਲਜ ਲਾਇਬ੍ਰੇਰੀ ਤੋਂ ਜੋ ਕਿਤਾਬਾਂ ਨਾਲ ਲਿਆਉਂਦਾ ਉਹਨਾਂ ਨੂੰ ਵੇਖਣ ਦੀ ਇੱਛਾ ਜ਼ਰੂਰ ਕਰਦੇ ਤੇ ਮੇਰੇ ਇਕਰਾਰਾਂ ਦੇ ਬਾਵਜੂਦ ਅਗਲੇ ਦਿਨ ਖੁਦ ਸਾਡੇ ਘਰ ਕਿਤਾਬਾਂ ਦੇ ਜਾਂਦੇ।

ਉਮੀਂ ਚੰਦ ਕੁਝ ਕਾਰਨਾ ਕਰਕੇ, ਕਾਲਜ ਛੱਡ ਕੇ, ਬੈਂਕ ਵਿਚ ਨੌਕਰ ਹੋ ਗਿਆ ਸੀ ਤੇ ਦਿੱਲੀ ਚਲਾ ਗਿਆ ਸੀ। ਬੇਬੇ ਦੀ ਸਿਲਾਈ ਦਾ ਕੰਮ ਬਰਾਬਰ ਜਾਰੀ ਸੀ। ਦਾਊਜੀ ਦੀ ਮੁਨਸਿਫੀ ਤੇ ਜਾਣ ਉੱਤੇ ਕੁਝ ਨਾ ਲਿਆਉਂਦੇ ਸੀ। ਬੀਬੀ ਦੇ ਖਤ ਆਉਂਦੇ ਸੀ, ਤੇ ਉਹ ਆਪਣੇ ਘਰ ਬਹੁਤ ਖੁਸ਼ ਸੀ। ਕਾਲਜ ਦੀ ਇਕ ਇਕ ਸਾਲ ਦੀ ਜ਼ਿੰਦਗੀ ਮੈਨੂੰ ਦਾਊਜੀ ਤੋਂ ਬਹੁਤ ਦੂਰ ਖਿੱਚ ਲਿਆਈ। ਉਹ ਕੁੜੀਆਂ ਜੋ ਦੋ ਸਾਲ ਪਹਿਲਾਂ ਮੇਰੇ ਨਾਲ ਆਪੂ ਟਾਪੂ ਖੇਡਿਆ ਕਰਦੀਆਂ ਸਨ, ਚਾਚੇ ਦੀਆਂ ਕੁੜੀਆਂ ਬਣ ਗਈਆਂ ਸਨ।

ਘਰ ਵੱਲ ਮਾਮੂਲੀ ਤੌਰ ਤੇ ਆਉਣ ਜਾਣ ਦੇ ਸਾਹਮਣੇ ਏਬਟਾਬਾਦ ਦੀ ਲੰਮੀ ਯਾਤਰਾ ਸ਼ਾਂਤ ਸੁਹਾਣੀ ਸੀ। ਏਸੇ ਸਮੇਂ ਮੈਂ ਪਹਿਲੀ ਵਾਰ ਇਕ ਖੂਬਸੂਰਤ ਗੁਲਾਬੀ ਪੈਡ ਤੇ ਏਸੇ ਤਰ੍ਹਾਂ ਦੇ ਲਿਫਾਫਿਆਂ ਦਾ ਇੱਕ ਪੈਕੇਟ ਖਰੀਦਿਆ ਤੇ ਉਸ ਉੱਤੇ ਨਾ ਅੱਬਾ ਨੂੰ ਖਤ ਲਿਖੇ ਨਾ ਹੀ ਦਾਊਜੀ ਨੂੰ। ਦੁਸਹਿਰੇ ਦੀਆਂ ਛੁੱਟੀਆਂ ਵਿਚ ਦਾਊਜੀ ਨਾਲ ਮੁਲਾਕਾਤ ਨਾ ਹੋਈ। ਤੇ ਨਾ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ। ਏਸੇ ਤਰ੍ਹਾਂ ਈਸਟਰ ਲੰਘ ਗਿਆ ਤੇ ਇੰਝ ਹੀ ਦਿਨ ਲੰਘ ਗਏ।

ਦੇਸ਼ ਨੂੰ ਆਜ਼ਾਦੀ ਮਿਲੀ। ਕੁਝ ਝਗੜੇ ਹੋਏ, ਫਿਰ ਲੜਾਈਆਂ ਸ਼ੁਰੂ ਹੋ ਗਈਆਂ। ਹਰ ਪਾਸਿਓਂ ਫਸਾਦ ਦੀਆਂ ਖਬਰਾਂ ਆਉਣ ਲੱਗੀਆਂ ਤੇ ਅੰਮਾ ਨੇ ਸਾਨੂੰ ਸਭ ਨੂੰ ਘਰ ਸੱਦ ਲਿਆ। ਸਾਡੇ ਲਈ ਇਹ ਜਗ੍ਹਾ ਬੜੀ ਸੁਰਖਿਅਤ ਸੀ। ਬਾਣੀਏ, ਸ਼ਾਹੂਕਾਰ ਭੱਜ ਰਹੇ ਸਨ, ਪਰ ਦੂਸਰੇ ਲੋਕ ਚੁੱਪ ਸੀ। ਥੋੜ੍ਹੇ



ਹੀ ਦਿਨਾਂ ਪਿੱਛੋਂ ਸ਼ਰਨਾਰਥੀਆਂ ਦੇ ਆਉਣ ਦਾ ਸਿਲਸਿਲਾ ਸ਼ੁਰੂ ਹੋਇਆ ਤੇ ਇਹ ਲੋਕ ਇਹ ਖਬਰ ਲਿਆਏ ਕਿ ਆਜ਼ਾਦੀ ਮਿਲ ਗਈ ਹੈ। ਇਕ ਦਿਨ ਸਾਡੇ ਕਸਬੇ ਵਿਚ ਵੀ ਕੁਝ ਘਰਾਂ ਨੂੰ ਅੱਗ ਲੱਗੀ ਤੇ ਦੋ ਗੱਲਾਂ ਤੇ ਖੂਬ ਲੜਾਈ ਹੋਈ। ਥਾਣੇ ਵਾਲਿਆਂ ਤੇ ਮਿਲਟਰੀ ਦੇ ਸਿਪਾਹੀਆਂ ਨੇ ਕਰਫੀਓ ਲਗਾ ਦਿੱਤਾ। ਤੇ ਜਦੋਂ ਕਰਫੀਓ ਖਤਮ ਹੋਇਆ ਤਾਂ ਸਭ ਹਿੰਦੂ-ਸਿੱਖ ਕਸਬਾ ਛੱਡ ਕੇ ਚਲੇ ਗਏ। ਦੁਪਹਿਰ ਨੂੰ ਅੰਮਾ ਨੇ ਦਾਊਜੀ ਦੀ ਖਬਰ ਲੈਣ ਲਈ ਭੇਜਿਆ, ਤਾਂ ਉਸ ਜਾਣੀ-ਪਛਾਣੀ ਗਲੀ ਵਿਚ ਅਜੀਬ ਨਵੀਆਂ ਨਵੀਆਂ ਸ਼ਕਲਾਂ ਨਜ਼ਰ ਆਈਆਂ। ਸਾਡੇ ਘਰ ਅਰਥਾਤ ਡਿਉੜੀ ਵਿਚ ਇਕ ਬਲਦ ਬੰਨਿਆ ਹੋਇਆ ਸੀ ਉਸ ਦੇ ਪਿੱਛੇ ਟਾਟ ਦਾ ਪਰਦਾ ਲਟਕ ਰਿਹਾ ਸੀ। ਇਹ ਕਹਿੰਦੇ ਹੋਏ ਮੇਰਾ ਗਲਾ ਭਰ ਆਇਆ। ਉਸ ਦਿਨ ਇੰਝ ਲੱਗਿਆ, ਜਿਵੇਂ ਦਾਊਜੀ ਸਦਾ ਲਈ ਚਲੇ ਗਏ ਹਨ ਤੇ ਹੁਣ ਵਾਪਸ ਨਹੀਂ ਆਉਣਗੇ।

ਕੋਈ ਤੀਸਰੇ ਦਿਨ ਸੂਰਜ ਡੁੱਬਣ ਪਿੱਛੋਂ ਮਸਜਿਦ ਵਿਚ ਨਵੇਂ ਸ਼ਰਨਾਰਥੀਆਂ ਦੇ ਨਾਂ ਨੋਟ ਕਰਨ ਤੇ ਹੋਰ ਕੰਬਲ ਭਿਜਵਾਉਣ ਦਾ ਇਕਰਾਰ ਕਰਕੇ ਉਸ ਗਲੀ ਚੋਂ ਲੰਘਿਆ ਤਾਂ ਖੁੱਲੇ ਮੈਦਾਨ ਵਿਚ ਸੌ ਦੋ ਸੌ ਲੋਕਾਂ ਦੀ ਭੀੜ ਵੇਖੀ। ਸ਼ਰਨਾਰਥੀ ਮੁੰਡੇ ਲਾਠੀਆਂ ਲਈ ਨਾਹਰੇ ਲਗਾ ਰਹੇ ਸੀ। ਮੈਂ ਵੇਖਣ ਵਾਲਿਆਂ ਨੂੰ ਹਟਾ ਕੇ ਵਿਚੋਂ ਦੀ ਘੁਸਣ ਦੀ ਕੋਸ਼ਿਸ਼ ਕੀਤੀ ਪਰ ਖੂੰਖਾਰ ਅੱਖਾਂ ਵੇਖ ਕੇ ਡਰ ਗਿਆ।

ਇਕ ਮੁੰਡਾ ਕਿਸੇ ਬੁੱਢੇ ਨੂੰ ਕਹਿ ਰਿਹਾ ਸੀ, "ਨਾਲ ਦੇ ਪਿੰਡ ਗਿਆ ਹੋਇਆ ਸੀ ਜਦੋਂ ਵਾਪਸ ਆਇਆ ਤਾਂ ਆਪਣੇ ਘਰ ਵਿਚ ਘੁਸਦਾ ਚਲਾ ਗਿਆ।"

"ਕਿਹੜੇ ਘਰ ਵਿਚ ?" ਬੁੱਢੇ ਨੇ ਪੁੱਛਿਆ।

"ਰੋਹਤਕ ਦੇ ਸ਼ਰਨਾਰਥੀਆਂ ਦੇ ਘਰ ਵਿਚ "ਲੜਕੇ ਨੇ ਕਿਹਾ। ਫਿਰ ਬੁੱਢੇ ਨੂੰ ਉਹਨਾਂ ਨੇ ਫੜ ਲਿਆ, ਵੇਖਿਆ ਤਾਂ ਹਿੰਦੂ ਨਿਕਲਿਆ। ਏਨੇ ਵਿਚ ਭੀੜ ਵਿਚੋਂ ਕਿਸੇ ਨੇ ਚੀਕ ਕੇ ਆਖਿਆ, "ਓਏ ਰਾਣੂ ਜਲਦੀ ਆ, ਤੇਰਾ ਪਿਆਰਾ ਪੰਡਿਤ।" ਰਾਣੂ ਬਕਰੀਆਂ ਦਾ ਇੱਜੜ ਵਾੜੇ ਵੱਲ ਲਈ ਜਾ ਰਿਹਾ ਸੀ। ਉਹਨਾਂ ਨੂੰ ਰੋਕ ਕੇ ਲਾਠੀ ਵਾਲੇ ਲੜਕੇ ਨੂੰ ਉਨ੍ਹਾਂ ਦੇ ਅੱਗੇ ਖੜਾ ਕਰਕੇ ਉਹ ਭੀੜ ਵਿਚ ਜਾ ਵੜਿਆ ਸੀ। ਮੇਰੇ ਦਿਲ ਨੂੰ ਇੱਕ ਧੱਕਾ ਜਿਹਾ ਲੱਗਿਆ, ਜਿਵੇਂ ਉਹਨਾਂ ਨੇ ਦਾਊਜੀ ਨੂੰ ਪਕੜ ਲਿਆ ਹੋਵੇ।

ਮੈਂ ਬਿਨਾਂ ਵੇਖੇ ਲਾਗਲੇ ਲੋਕਾਂ ਨੂੰ ਕਿਹਾ, "ਇਹ ਬੜਾ ਚੰਗਾ ਆਦਮੀ ਹੈ। ਬੜਾ ਨੇਕ ਆਦਮੀ ਹੈ। ਇਸ ਨੂੰ ਮੱਤ ਕੁਝ ਕਹੋ। ਇਹ ਤਾਂ... ਇਹ ਤਾਂ....।"

ਲਹੂ ਵਿਚ ਨਹਾਈਆਂ ਕੁਝ ਅੱਖਾਂ ਨੇ ਮੇਰੇ ਵੱਲ ਵੇਖਿਆ ਤੇ ਇਕ ਨੌਜਵਾਨ ਗੰਡਾਸੀ ਤੋਲ ਕੇ ਬੋਲਿਆ, "ਦਾਊ....ਤੈਨੂੰ ਵੀ...ਆ ਗਿਆ ਵੱਡੇ ਹਿਮਾਇਤੀ ਬਣ ਕੇ.....ਤੇਰੇ ਨਾਲ ਕੁਝ ਨਹੀਂ।" ਤੇ ਲੋਕਾਂ ਨੇ ਗਾਲੀਆਂ ਦਿੰਦੇ ਕਿਹਾ, "ਜੁਲਾਹਿਆ ਹੋਵੇਗਾ ਸ਼ਾਇਦ।"

ਮੈਂ ਦੌੜ ਕੇ ਭੀੜ ਦੀ ਦੂਸਰੀ ਤਰਫ ਜਾ ਵੜਿਆ। ਰਾਣੂ ਦੀ ਲੀਡਰੀ ਵਿਚ ਉਸਦੇ ਦੋਸਤ ਦਾਊਜੀ ਨੂੰ ਘੇਰੀ ਖਲੋਤੇ ਸੀ ਤੇ ਮਨੂੰ ਦਾਊਜੀ ਦੀ ਠੋਡੀ ਫੜਕੇ ਪੁੱਛ ਰਿਹਾ ਸੀ। "ਹੁਣ ਬੋਲ ਬੇਟਾ, ਹੁਣ ਬੋਲ" ਰਾਣੂ ਨੇ ਛਾਪੇ ਲਾਹੁਣ ਵਾਲੀ ਦਾਤਰੀ ਨਾਲ ਦਾਊਜੀ ਦੀ ਬੋਦੀ ਕੱਟ ਦਿੱਤੀ। ਉਹੋ ਲੜਕਾ ਫਿਰ ਬੋਲਿਆ, "ਮੇਰੇ ਨਾਲ ਬੱਕਰੀਆਂ ਚਿਰਾਇਆ ਕਰੇਗਾ।" ਤੇ ਉਸਨੇ ਦਾਊਜੀ ਦੀ ਠੋਡੀ ਉਪਰ ਉਠਾਉਂਦੇ ਹੋਏ ਕਿਹਾ, "ਕਲਮਾ ਪੜ੍ਹ ਪੰਡਿਤ" ਤੇ ਦਾਊਜੀ ਹੌਲੀ ਜਹੀ ਬੋਲੇ, "ਕਿਹੜਾ ?" ਰਾਣੂ ਨੇ ਉਹਨਾਂ ਦੇ ਨੰਗੇ ਸਿਰ ਤੇ ਐਸਾ ਥੱਪੜ ਮਾਰਿਆ ਕਿ ਉਹ ਡਿਗਦੇ ਡਿਗਦੇ ਬਚੇ। "ਸਾਲਿਆ ਕਲਮੇ ਵੀ ਕੋਈ ਪੰਜ ਸੱਤ ਨੇ।"

ਜਦ ਉਹ ਕਲਮਾ ਪੜ੍ਹ ਚੁੱਕੇ ਤਾਂ ਰਾਣੂ ਨੇ ਆਪਣੀ ਲਾਠੀ ਉਹਨਾਂ ਦੇ ਹੱਥਾਂ ਵਿਚ ਦੇ ਦਿੱਤੀ ਤੇ ਕਿਹਾ, "ਚੱਲ ਭਈ, ਬੱਕਰੀਆਂ ਤੇਰੀ ਉਡੀਕ ਕਰ ਰਹੀਆਂ ਹੋਣਗੀਆਂ।" ਤੇ ਨੰਗੇ ਸਿਰ ਦਾਊਜੀ ਬੱਕਰੀਆਂ ਮਗਰ ਇਸ ਤਰ੍ਹਾਂ ਤੁਰੇ ਜਿਵੇਂ ਲੰਮੇ ਲੰਮੇ ਵਾਲਾਂ ਵਾਲਾ ਕੋਈ ਜਿੰਨ ਚੱਲ ਰਿਹਾ ਹੋਵੇ।

*(ਅਨੁਵਾਦ.... ਹ.ਸ.ਹ.)*

## .ਗ਼ਜ਼ਲਾਂ

### ਸੁਰਿੰਦਰਪ੍ਰੀਤ ਘਣੀਆਂ

**1.**

ਹਸਦੇ-ਵਸਦੇ ਘਰਾਂ 'ਤੇ ਚੁੱਪ ਦਾ ਪਹਿਰਾ ਕਿਉਂ ਹੈ ? ਸੋਚ!
ਦਰਿਆਵਾਂ ਜਿਹੇ ਰਿਸ਼ਤੇ ਬਣ ਗਏ ਸਹਿਰਾ ਕਿਉਂ ਹੈ ? ਸੋਚ!

ਉਹਨਾਂ ਦੇ ਤਾਂ ਚਿਹਰੇ ਜਾਪਣ, ਸੂਹੇ ਫੁੱਲਾਂ ਵਾਂਗ,
ਤੇਰਾ ਚਿਹਰਾ ਐਪਰ ਹਲਦੀ ਰੰਗਾ, ਕਿਉਂ ਹੈ । ਸੋਚ!

ਸੋਚ ਕਿ ਤੇਰੇ ਮੱਥੇ ਉੱਤੇ ਸੋਚਾਂ ਦੀ ਕਿਉਂ ਲੀਕ,
ਬੁੱਲਾਂ ਉੱਤੇ ਹੌਕੇ ਵਰਗਾ ਹਾਸਾ ਕਿਉਂ ਹੈ । ਸੋਚ!

ਕਹਿ ਨਾ ਮੇਰੀ ਕਿਸਮਤ ਦੇ ਵਿੱਚ ਲਿਖਿਆ ਏਹੀ ਹਾਲ,
ਹਾਲ ਤੇਰਾ ਐ ਮਿੱਤਰਾ! ਏਨਾਂ ਮੰਦਾ ਕਿਉਂ ਹੈ ? ਸੋਚ!

ਮਨ ਦੇ ਅੰਦਰ ਸਹਿਕ ਰਹੀ ਹੈ ਹਰ ਇੱਕ ਸਾਡੀ ਰੀਝ,
ਗੂੰਗਾ ਬਹਿਰਾ ਹਰ ਇੱਕ ਸਾਡਾ ਸੁਪਨਾ ਕਿਉਂ ਹੈ ? ਸੋਚ!

**2.**

ਹਨ੍ਹੇਰਾ ਚੀਰ ਜਾਵਾਂਗੇ, ਜ਼ਮਾਨਾ ਸਾਥ ਦੇਊ ਜਦ।
ਅਸੀਂ ਚਾਨਣ ਖਿੰਡਾਵਾਂਗੇ, ਜ਼ਮਾਨਾ ਸਾਥ ਦੇਊ ਜਦ।

ਅਸੀਂ ਭੋਰਾ ਨਹੀਂ ਝੁਕਣਾ, ਅਸੀਂ ਪਿੱਛੇ ਨਹੀਂ ਹਟਣਾ,
ਅਸੀਂ ਮਕਤਲ ਨੂੰ ਜਾਵਾਂਗੇ, ਜ਼ਮਾਨਾ ਸਾਥ ਦੇਊ ਜਦ।

ਅਸਾਡੇ ਚਿਹਰਿਆਂ ਤੋਂ ਉੱਠ ਜਾਣੈਂ ਫਿਰ ਉਦਾਸੀ ਨੇ,
ਖ਼ੁਸ਼ੀ ਦੇ ਗੀਤ ਗਾਵਾਂਗੇ, ਜ਼ਮਾਨਾ ਸਾਥ ਦੇਊ ਜਦ।

ਹਨ੍ਹੇਰੀ ਰਾਤ ਦਾ ਦਾਮਨ ਕਰਾਂਗੇ ਪਾੜ ਕੇ ਲੀਰਾਂ,
ਸੁਬ੍ਹਾ ਸੋਹਣੀ ਲਿਆਵਾਂਗੇ, ਜ਼ਮਾਨਾ ਸਾਥ ਦੇਊ ਜਦ।

ਲੁਟੇਰੇ ਫਿਰ ਰਹੇ ਏਥੇ, ਮਖੌਟੇ ਪਹਿਨ ਕੇ ਯਾਰੋ,
ਮਖੌਟੇ ਮੁੱਖ ਤੋਂ ਲਾਵ੍ਹਾਂਗੇ, ਜ਼ਮਾਨਾ ਸਾਥ ਦੇਊ ਜਦ।

ਅਸਾਡੇ ਜ਼ਿਹਨ ਅੰਦਰ ਹੈ, ਜੋ ਧੁਖਦੀ ਅੱਗ ਬਦਲੇ ਦੀ,
ਇਨੂੰ ਸ਼ੋਅਲਾ ਬਣਾਂਵਾਗੇ, ਜ਼ਮਾਨਾ ਸਾਥ ਦੇਊ ਜਦ।

ਅਸਾਡਾ ਖ਼ੂਨ ਪੀ ਕੇ ਵੀ, ਜੋ ਦੇਂਦੈ ਦੋ ਟਕੇ ਸਾਨੂੰ,
ਉਹਨੂੰ ਮਾਹੁਰਾ ਪਿਲਾਂਵਾਂਗੇ, ਜ਼ਮਾਨਾ ਸਾਥ ਦੇਊ ਜਦ।

*(19877/20 ਅਜੀਤ ਰੋਡ, ਬਠਿੰਡਾ)*



### ਮੱਖਣ ਕੁਹਾੜ

ਜੇਕਰ ਸੂਰਜ ਚਾਹੁੰਦਾ ਹੋਊ ਡੁੱਬਣ ਲਈ।
ਕੋਈ ਤਾਕਤ ਦੁਨੀਆਂ ਵਿੱਚ ਨਈਂ ਡੱਕਣ ਲਈ।

ਸਧਰ ਨਹੀਂ ਤਾਂ ਸਾਰੀ ਧਰਤ ਹੈ ਨੱਚਣ ਲਈ।
ਖੰਭ ਨਹੀਂ ਤਾਂ ਕੁਲ ਅਸਮਾਨ ਹੈ ਉੱਡਣ ਲਈ।

ਲਹਿਰ ਦਵੇਗੀ ਮੈਨੂੰ ਮੌਕਾ ਕੁੱਦਣ ਲਈ,
ਮੈਂ ਦੇਵਾਂਗਾ ਲਹਿਰ ਨੂੰ ਮੌਕਾ ਪਰਖਣ ਲਈ।

ਮੇਰੇ ਸਾਰੇ ਚਿਹਰੇ ਹੈਨ ਮਖੌਟਿਆਂ ਕੋਲ,
ਇਕ ਵੀ ਚਿਹਰਾ ਬਚਿਆ ਨਈਂ ਹੈ ਦਰਪਣ ਲਈ।

ਸਾਗਰ ਦੀ ਹਰ ਲਹਿਰ ਮੁਖ਼ਾਤਬ ਹੈ ਮੈਨੂੰ,
ਮੈਂ ਜਦ ਤੋਂ ਤੁਰਿਆ ਹਾਂ ਕਸ਼ਤੀ ਠੇਲ੍ਹਣ ਲਈ।

ਦੂਰ ਨਹੀਂ ਹੈ ਸੂਰਜ, ਇਹ ਧਰਵਾਸ ਰਹੇ,
ਬਹੁਤ ਹੈ ਧੁੱਪ ਦੀ ਇੱਕ ਹੀ ਕਾਤਰ ਮੌਲਣ ਲਈ।

ਐਧਰ ਤੱਕਲਾ ਵਿੰਗਾ ਹੋ ਹੋ ਜਾਂਦਾ ਹੈ,
ਓਧਰ ਗੋੜ੍ਹਾ ਭਰਿਆ ਪਿਆ ਹੈ ਕੱਤਣ ਲਈ।

ਬਰਫ਼ ਹਾਂ ਫਿਰ ਵੀ ਸੀਨੇ ਭਾਫ਼ ਛੁਪਾਈ ਹੈ,
ਰਹਿਬਰ ਸਾਨੂੰ ਬਾਲਣ ਤਾਂ ਦੇ ਉਬਲਣ ਲਈ।

ਬਾਘ ਤੇ ਲੇਲੇ ਕੱਠੇ ਘਾਟ ਤੇ ਜਾਣ ਦਿਓ,
ਲੇਲੇ ਨੂੰ ਵੀ ਮੌਕਾ ਦੇਵੋ ਪਨਪਣ ਲਈ।

*(ਅਮਨ ਨਿਵਾਸ, ਹਰਦੋਛੰਨੀ ਰੋਡ, ਗੁਰਦਾਸਪੁਰ)*

## ਵਧਾਈਆਂ

ਪੰਜਾਬੀ ਨਾਇਕ ਹੰਸ ਰਾਜ ਹੰਸ ਨੇ ਪਿਛਲੇ ਸਾਲ ਵਿਚ ਕਈ ਪ੍ਰਾਪਤੀਆਂ ਕੀਤੀਆਂ ਹਨ। ਹੁਣੇ ਜਿਹੇ ਉਹਨੇ ਅਮਰੀਕਾ ਵਿਚ ਅਮਰੀਕਾ ਦੇ ਸਾਬਕ ਰਾਸ਼ਟਰਪਤੀ ਸ੍ਰੀ ਕਲਿੰਟਨ ਦੀ ਪਰਧਾਨਗੀਂ ਹੇਠ ਹੋਏ ਇਕ ਸਮਾਗਮ ਵਿਚ ਹਿੱਸਾ ਲਿਆ ਤੇ ਆਪਣੀ ਬਹੁ-ਚਰਚਤ ਕੈਸਟ ਚੋਰਨੀ ਦੇ ਗੀਤ ਸਟੇਜ 'ਚ ਪੇਸ਼ ਕੀਤੇ। ਇਹਨਾਂ ਵਿਚ ਗੀਤਕਾਰ ਅਮਰਦੀਪ ਗਿੱਲ ਦਾ ਲਿਖਿਆ ਪਿਆਰਾ ਗੀਤ ..ਸਿਲੀ ਸਿਲੀ ਆਉਦੀ ਏ ਹਵਾ .... ਵੀ ਸ਼ਾਮਲ ਸੀ। ਸ੍ਰੀ ਕਲਿੰਟਨ ਨੇ ਹੰਸ ਰਾਜ ਹੰਸ ਦੀ ਪ੍ਰਸੰਸਾ ਕੀਤੀ। ਇਹ ਸਮਾਗਮ ਗੁਜਰਾਤ ਦੇ ਭੂਚਾਲ ਪੀੜਤਾਂ ਲਈ ਫੰਡ ਇੱਕਠਾ ਕਰਨ ਲਈ ਕੀਤਾ ਗਿਆ ਸੀ। ਇਸ ਵਿਚ ਦਸ ਕਰੋੜ ਕਰੀਬ ਪੈਸੇ ਇੱਕਠੇ ਹੋਏ।

ਦੇਸ਼ ਅੰਦਰ ਲਿਸ਼ਕਾਰਾ ਪੰਜਾਬੀ ਚੈਨਲ ਨੇ ਹੰਸ ਰਾਜ ਹੰਸ ਨੂੰ ਸ਼੍ਰੇਸ਼ਟ ਨਾਇਕ ਹੋਣ ਦਾ ਪਹਿਲਾ ਲਿਸ਼ਕਾਰਾ ਐਵਾਰਡ ਦਿੱਤਾ ਹੈ।

ਇਸੇ ਲਿਸ਼ਕਾਰਾ ਚੈਨਲ ਨੇ ਅਮਰਦੀਪ ਗਿੱਲ ਨੂੰ ਸ੍ਰੇਸ਼ਟ ਗੀਤਕਾਰ ਹੋਣ ਲਈ ਪਹਿਲਾ ਲਿਸ਼ਕਾਰਾ ਐਵਾਰਡ ਦਿੱਤਾ ਹੈ। ਇਹ ਚੈਂਨਲ ਨੌਜਵਾਨ ਕਲਾਕਾਰ ਚਿਰਾ.ਗ ਦੇ ਪਾਠਕ ਤੇ ਸ਼ੁਭਚਿੰਤਕ ਹਨ। ਅਦਾਰਾ ਚਿਰਾ.ਗ ਉਹਨਾਂ ਦੀਆਂ ਇਹਨਾਂ ਪਰਾਪਤੀਆਂ ਤੇ ਉਹਨਾਂ ਨੂੰ ਵਧਾਈਆਂ ਦਿੰਦਾ ਹੈ ਅਤੇ ਹੋਰ ਪਰਾਪਤੀਆਂ ਦੀ ਕਾਮਨਾ ਕਰਦਾ ਹੈ।

*-ਅਦਾਰਾ ਚਿਰਾ.ਗ*

## ਸ਼ਾਮ ਸੁੰਦਰ

1.

ਮੇਰੇ ਦਿਲ ਵਿਚ ਅਜੇ ਕੁਝ ਸੁਲਗਦੇ ਜਜ਼ਬਾਤ ਬਾਕੀ ਨੇ,
ਉਗਾਣੇ ਨੇ ਜਿਨ੍ਹਾਂ ਸੂਰਜ ਬੜੇ ਖ਼ਿਆਲਾਤ ਬਾਕੀ ਨੇ।

ਇਮਾਰਤ ਢਹਿ ਗਈ ਦਿਲ ਦੀ, ਹੈ ਇਸਦਾ ਬਹੁਤ ਗ਼ਮ ਮੈਨੂੰ,
ਜੋ ਦਿੰਦੇ ਹੌਂਸਲਾ ਮੈਨੂੰ ਖੜ੍ਹੇ ਖ਼ੰਡਾਤ ਬਾਕੀ ਨੇ।

ਹਨੇਰੇ ਨੇ ਮਿਟਾਇਆ ਚਾਨਣਾ ਹਰ ਪਾਸਿਓਂ, ਫਿਰ ਵੀ,
ਫਟੇਗੀ ਪਹੁ, ਸਵੇਰਾ ਹੋਣ ਦੇ ਹਾਲਾਤ ਬਾਕੀ ਨੇ।

ਉਹ ਮਰ ਤਾਂ ਜਾਣਗੇ ਛੱਡਣਗੇ ਨਾ ਦਾਮਨ ਸੱਚਾਈ ਦਾ,
ਪਿਆਲੇ ਜ਼ਹਿਰ ਦੇ ਪੀਣੇ ਲਈ ਸੁਕਰਾਤ ਬਾਕੀ ਨੇ।

ਨਵੇਲੀ ਸੋਚ ਦਾ ਕਰਨਾ ਪਊ ਪ੍ਰਸਾਰ ਹਰ ਪਾਸੇ
ਪਿਛਾਂਹ ਖਿੱਚੂ ਵਿਚਾਰਾਂ ਦੇ ਅਜੇ ਅਸਰਾਤ ਬਾਕੀ ਨੇ।

2.

ਏਸ ਨਗਰ ਵਿਚ ਕਿੱਥੇ ਭਾਲਾਂ ਚਾਨਣ ਦਾ ਸਿਰਨਾਵਾਂ
ਹਰ ਬੂਹੇ ਅੱਗੇ ਬੈਠਾ ਹੈ ਨ੍ਹੇਰੇ ਦਾ ਪਰਛਾਵਾਂ।

ਉੱਜੜੇ. ਜੰਗਲ ਅੰਦਰ ਪੰਛੀ ਭਟਕਣ ਪਰ ਨਾ ਸੋਚਣ
ਕੌਣ ਏਸ ਦੇ ਬਿਰਖ ਖਾ ਗਿਆ ਕੌਣ ਲੈ ਗਿਆ ਛਾਵਾਂ।

ਕਿਉਂ ਪਰਾਈਆਂ ਨਦੀਆਂ ਸਿੰਜਣਾ ਇਸ ਬੰਜਰ ਧਰਤੀ ਨੂੰ
ਇਸ ਤੋਂ ਹੀ ਮੁੱਖ ਮੋੜ ਲਿਆ ਜਦ ਇਸਦੇ ਪੁੱਤ ਦਰਿਆਵਾਂ।

ਆਪ ਸੁਆਗਤ ਕਰੇ ਉਹਨਾਂ ਦਾ ਅੱਗੇ ਹੋ-ਹੋ ਮਾਲੀ
ਫੁੱਲਾਂ ਨੂੰ ਸਾੜ੍ਹਨ ਆਈਆਂ ਜੋ ਮਾਰੂ ਗਰਮ ਹਵਾਵਾਂ।

ਇੱਕ ਤਿਆਗੀ ਉਪਦੇਸ਼ਕ ਸੀ ਏਦਾਂ ਭੇਖ ਬਣਾਇਆ
ਸੋਨੇ ਦੇ ਸਨ ਬਸਤਰ ਉਸਦੇ ਚਾਂਦੀ ਦੀਆਂ ਖੜ੍ਹਾਵਾਂ।

ਹਾਰ ਬਣਾ ਕੇ ਫੁੱਲਾਂ ਦੇ ਨਾ ਪੱਥਰਾਂ ਗਲ ਪਾਓ
ਫੁੱਲ ਨਾਜ਼ਕ ਹਨ ਝੱਲ ਨਹੀਂ ਸਕਦੇ ਇੰਨੀਆਂ ਸਖ਼ਤ ਸਜ਼ਾਵਾਂ।

ਜਾਗੇ ਸੁੱਤੀ ਖ਼ਲਕਤ ਸਾਰੀ, ਖੁੱਲ੍ਹੇ ਤੀਜਾ ਨੇਤਰ
ਸਿੱਧਾ ਜਾ ਮਸਤਕ ਵਿਚ ਲੱਗੇ ਐਸਾ ਤੀਰ ਚਲਾਵਾਂ।





# ਸਾਹਿਤ ਨੂੰ ਸਭਿਆਚਾਰਿਕ ਕਰਮ ਦੇ ਰੂਪ ਵਿਚ ਦੇਖਣ ਦਾ ਅਰਥ

*—ਡਾ. ਓਮ ਪ੍ਰਕਾਸ਼ ਗ੍ਰੇਵਾਲ*

ਸਾਹਿਤ ਦੇ ਅਧਿਐਨ ਨਾਲ਼ ਜੁੜੇ ਸਾਨੂੰ ਸਭ ਲੋਕਾਂ ਨੂੰ ਸਭਿਆਚਾਰ ਦੀਆਂ ਗਿਆਨ ਸ਼ਾਸਤਰੀ ਸਮਸਿਆਵਾਂ ਤੇ ਧਿਆਨ ਦੇਣਾ ਖਾਸ ਤੌਰ ਤੇ ਪ੍ਰਾਸੰਗਿਕ ਤੇ ਜ਼ਰੂਰੀ ਲੱਗਣ ਲੱਗਾ ਹੈ ਕਿਉਂਕਿ ਹੁਣ ਸਾਹਿਤ ਨੂੰ ਅਸੀਂ ਇਕ ਸਭਿਆਚਾਰਕ ਕਰਮ (cultural practice) ਦੇ ਰੂਪ ਵਿਚ ਚਿਤਵਣ ਲੱਗੇ ਹਾਂ। ਇਸ ਦਾ ਸਿੱਧਾ ਨਤੀਜਾ ਤਾਂ ਇਹ ਹੋਇਆ ਕਿ ਸਾਹਿਤ ਨੂੰ ਸਮਝਣ ਅਤੇ ਉਸਦਾ ਮੁਲਾਂਕਣ ਕਰਨ ਲਈ ਹੁਣ ਅਸੀਂ ਉਨ੍ਹਾਂ ਨਿਯਮਾਂ ਅਤੇ ਤੌਰ ਤਰੀਕਿਆਂ ਦਾ ਸਹਾਰਾ ਲੈਣ ਲੱਗੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਸਮੁੱਚੇ ਸਭਿਆਚਾਰਕ ਜੀਵਨ ਨੂੰ, ਉਸ ਵਿਚ ਸ਼ਾਮਿਲ ਵਿਭਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਕ੍ਰਿਆਂਵਾਂ ਤੇ ਵਿਹਾਰਾਂ ਨੂੰ ਸਮਝਣ ਲਈ ਇਸਤੇਮਾਲ ਕਰਦੇ ਹਾਂ। ਸਾਹਿਤ ਨੂੰ ਅਸੀਂ ਹੁਣ ਕੋਈ ਵਿਲੱਖਣ ਸੁਹਜ ਪ੍ਰਵਰਗ (aesthetics category) ਨਹੀਂ ਮੰਨਦੇ ਜਿਸਦੀ ਸਾਡੇ ਜੀਵਨ ਦੀਆਂ ਦੂਸਰੀਆਂ ਕ੍ਰਿਆਂਵਾਂ ਤੋਂ ਕੱਟੀ ਹੋਈ ਆਪਣੀ ਵੱਖਰੀ ਅੱਲਗ ਥੱਲਗ ਹੋਂਦ ਹੋਵੇ। ਹੁਣ ਸਾਨੂੰ ਸਾਹਿਤ ਸਭਿਆਚਾਰਿਕ ਜੀਵਨ ਦੀਆਂ ਕਿਰਿਆਵਾਂ ਨਾਲ਼ ਉਲ਼ਝਿਆ ਅਤੇ ਗੁੰਝਿਆ ਹੋਇਆ ਇਕ ਤੱਤ ਦਿਖਾਈ ਦਿੰਦਾ ਹੈ। ਸਾਹਿਤਕ ਵਿਵੇਚਨ ਦਾ ਸਾਰੇ ਦਾ ਸਾਰਾ ਢਾਂਚਾ ਇਸੇ ਲਈ ਹੁਣ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਅਨ ਉਪਰ ਆ ਟਿਕਿਆ ਹੈ।

ਸਭਿਆਚਾਰ ਦੀ ਸਾਡੀ ਧਾਰਣਾ ਕੀ ਹੈ ? ਇਸਦੇ ਨਿਰਮਾਣ ਤੇ ਵਿਕਾਸ ਦੀਆਂ ਪ੍ਰਕ੍ਰਿਆਵਾਂ ਵਿਚ ਸਾਡੀ ਸਮਝ ਕਿਸ ਤਰ੍ਹਾਂ ਦੀ ਹੈ ? ਅਤੇ ਇਸ ਪ੍ਰਕ੍ਰਿਆ ਵਿਚ ਹਿੱਸਦਾਰੀ ਕਰਨ ਦੀਆਂ ਸਾਡੀਆਂ ਪਰਿਕਲਪਨਾਵਾਂ ਕੀ ਹਨ ? ਇਨ੍ਹਾਂ ਸਵਾਲਾਂ ਦੇ ਆਧਾਰ ਤੇ ਵਿਭਿੰਨ ਕਿਰਤਾਂ ਦਾ ਪਾਠ ਤੈਅ ਹੁੰਦਾ ਹੈ। ਸਾਹਿਤਕਾਰਾਂ ਅਤੇ ਆਲੋਚਕਾਂ ਵਿਚ ਕਿਉਂਕਿ ਇਨ੍ਹਾਂ ਮਸਲਿਆਂ ਉਪਰ ਜਾਣੇ ਅਣਜਾਣੇ ਮੱਤ ਭੇਦ ਬਣੇ ਰਹਿੰਦੇ ਹਨ ਇਸੇ ਲਈ ਸਭਿਆਚਾਰ ਦੇ ਗਿਆਨ ਸ਼ਾਸ਼ਤਰ ਦੀਆਂ ਸਮੱਸਿਆਵਾਂ ਉਪਰ ਗੰਭੀਰਤਾ ਨਾਲ਼ ਵਿਚਾਰ ਕਰਦਿਆਂ ਹੋਇਆਂ ਇਨ੍ਹਾਂ ਮੱਤ ਭੇਦਾਂ ਨੂੰ ਖੁੱਲ ਕੇ ਸਾਹਮਣੇ ਲਿਆਉਣਾ ਤੇ ਫਿਰ ਵਿਚਾਰਾਂ ਦੇ ਆਦਾਨ ਰਾਹੀਂ ਸਭਿਆਚਾਰ ਸੰਬੰਧੀ ਇਕ ਸਾਂਝਾ ਆਧਾਰ ਤਿਆਰ ਕਰਨ ਦੀ ਕੋਸ਼ਿਸ਼ ਕਰਨਾ; ਸਾਹਿਤ ਦੀ ਚਰਚਾ ਨੂੰ ਸਹੀ ਦਿਸ਼ਾ ਵਿਚ ਅਗਾਂਹ ਵਧਾਉਣ ਲਈ ਜ਼ਰੂਰੀ ਹੋ ਗਿਆ ਹੈ।

ਸਾਹਿਤ ਨੂੰ ਸਭਿਆਚਾਰਕ ਕਰਮ ਮੰਨਣ ਦਾ ਇਕ ਨਤੀਜਾ ਇਹ ਹੋਇਆ ਹੈ ਕਿ ਹੁਣ ਸਾਨੂੰ ਹਰ ਸਾਹਿਤਕ ਕਿਰਤ ਕਿਸੇ ਵਿਅਕਤੀ-ਵਿਸ਼ੇਸ਼ ਦੀ ਲੱਗਣ ਦੀ ਬਜਾਇ ਪੂਰੇ ਸਮੂਹ ਦੀ ਰਚਨਾਤਮਕ ਊਰਜਾ (creative energy) ਦਾ ਪ੍ਰਗਟਾਅ ਨਜ਼ਰ ਆਉਂਦੀ ਹੈ। ਸਭਿਆਚਾਰ ਤੇ ਭਾਸ਼ਾ ਕੋਈ ਇਕ ਵਿਅਕਤੀ ਦੀ ਸਿਰਜਣਾ ਨਹੀਂ ਹੋ ਸਕਦੀ। ਇਹ ਪੀੜ੍ਹੀ ਦਰ ਪੀੜ੍ਹੀ ਚਲ ਰਹੀ ਇਕ ਸਾਮੂਹਿਕ ਰਚਨਾਤਮਕ ਪ੍ਰਕ੍ਰਿਆ ਦਾ ਨਤੀਜਾ ਹੁੰਦੀ ਹੈ। ਇਸੇ ਸਾਂਝੀ ਨਿਰਮਾਣ ਪ੍ਰਕ੍ਰਿਆ ਦੇ ਨਤੀਜੇ ਵਜੋਂ ਸਾਹਿਤਕ ਕਿਰਤਾਂ ਸਾਡੇ ਸਾਹਮਣੇ ਆਉਂਦੀਆਂ ਹਨ। ਸ਼ਿਲਪ ਦੇ ਢਾਂਚੇ ਘੜੇ ਜਾਂਦੇ ਹਨ ਅਤੇ ਸਾਹਿਤ ਦੇ ਵਿਭਿੰਨ ਰੂਪ ਉਭਰਦੇ ਰਹਿੰਦੇ ਹਨ। ਸਾਹਿਤ ਨੂੰ ਸਭਿਆਚਾਰਕ ਕਰਮ ਮੰਨਣ ਕਰਕੇ ਅਸੀਂ ਲਿਖਤੀ ਸਾਹਿਤ ਤੇ ਮੌਖਿਕ ਰੂਪ ਵਿਚ ਪ੍ਰਚਲਿਤ ਸਾਹਿਤ ਵਿਚ ਆਧਾਰਭੂਤ ਸਮਾਨਤਾ ਦੇਖਣ ਲੱਗੇ ਹਾਂ ਕਿਉਂਕਿ ਦੋਨਾਂ ਵਿਚ ਪੂਰੇ ਸਮੂਹ ਦੀ ਵੱਖ-ਵੱਖ ਢੰਗ ਨਾਲ ਸਿਰਜਣਾਤਮਿਕ ਸ਼ਕਤੀ ਉਜਾਗਰ ਹੁੰਦੀ ਹੈ। ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਐਨ ਦੀਆਂ ਕੁਝ ਸਮੱਸਿਆਵਾਂ ਪੈਦਾ ਹੋਣ ਦਾ

ਇਕ ਕਾਰਣ ਤਾਂ ਇਹ ਹੈ ਕਿ ਕੁਝ ਵਿਦਵਾਨ ਇਸ ਸਾਮੂਹਿਕ ਰਚਨਾਸ਼ੀਲਤਾ ਦੇ ਪ੍ਰਗਟਾਅ ਦੇ ਦਾਇਰੇ ਨੂੰ ਵਿਚਾਰਾਂ, ਆਦਰਸ਼ਾਂ ਅਤੇ ਭਾਵਨਾਤਮਕ ਰੁਝਾਨਾਂ ਦੀ ਸਾਂਝ ਤਕ ਸੀਮਤ ਰੱਖਦੇ ਹਨ ਜਦਕਿ ਦੂਸਰੇ ਵਿਦਵਾਨ ਇਨ੍ਹਾਂ ਸਮਾਜਿਕ ਜੀਵਨ ਨੂੰ ਵਿਹਾਰਾਂ, ਸੰਸਥਾਨਾਂ ਦੀਆਂ ਕਾਰਜ ਪ੍ਰਣਾਲੀਆਂ ਅਤੇ ਵਸਤੂਗਤ ਪ੍ਰਸਥਿਤੀਆਂ ਤੋਂ ਪੈਦਾ ਹੋਈਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਸਮੂਹਿਕ ਉੱਦਮਾਂ ਅਤੇ ਢੰਗਾਂ ਤਰੀਕਿਆਂ ਨੂੰ ਵੀ ਸ਼ਾਮਿਲ ਕਰ ਲੈਂਦੇ ਹਨ। ਇਸ ਤੋਂ ਇਲਾਵਾ ਸੱਤਾ ਦੇ ਜਿਨ੍ਹਾਂ ਰਿਸ਼ਤਿਆਂ ਤੇ ਸਾਮੂਹਿਕਤਾ ਵਿਚ ਸਾਡੀਆਂ ਸਾਂਝ ਦੀਆਂ ਸ਼ਰਤਾਂ ਟਿਕੀਆਂ ਹੋਈਆਂ ਹਨ ਉਨ੍ਹਾਂ ਦੀ ਕਿਹੋ ਜਿਹੀ ਛਾਪ ਸਾਮੂਹਿਕ ਸ਼ਕਤੀ ਤੇ ਲੱਗਦੀ ਹੈ ਇਸ ਪਾਸੇ ਵਲ ਕੁਝ ਆਲੋਚਕਾਂ ਦਾ ਧਿਆਨ ਤਾਂ ਜਾਂਦਾ ਹੈ ਪਰੰਤੂ ਕੁਝ ਦੂਸਰੇ ਸਾਮੂਹਿਕਤਾ ਵਿਚ ਸਾਡੀ ਸਾਂਝ ਨੂੰ ਪੂਰੀ ਤਰ੍ਹਾਂ ਨਿਰਵਿਵਾਦ ਤਾਲਮੇਲ ਪੂਰਣ (harmonious) ਮੰਨ ਲੈਂਦੇ ਹਨ। ਇਨ੍ਹਾਂ ਮੱਤ ਭੇਦਾਂ ਨੂੰ ਵੀ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਐਨ ਵਿਚ ਕਈ ਤਰ੍ਹਾਂ ਦੀਆਂ ਗੁੰਝਲਾਂ ਪੈ ਜਾਂਦੀਆਂ ਹਨ। ਇਨ੍ਹਾਂ ਭਿੰਨਤਾਵਾਂ ਦੇ ਨਾਲ਼ ਨਾਲ਼ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਐਨ ਦੀਆਂ ਕੁਝ ਸਮੱਸਿਆਵਾਂ ਦਾ ਸੰਬੰਧ ਸਭਿਆਚਾਰਕ ਵਿਰਾਸਤ ਨਾਲ਼ ਜੁੜਨ, ਉਸਤੋਂ ਸ਼ਕਤੀ ਹਾਸਿਲ ਕਰਨ ਅਤੇ ਉਸ ਦੀ ਵਰਤੋਂ ਕਰਨ ਦੇ ਤੌਰ ਤਰੀਕਿਆਂ ਨਾਲ਼ ਸੰਬੰਧਿਤ ਮਤਭੇਦਾਂ ਨਾਲ਼ ਵੀ ਹੈ। ਇਨ੍ਹਾਂ ਸਾਰੇ ਮੱਤਭੇਦਾਂ ਦੇ ਕਾਰਣ ਵਿਕਸਿਤ ਗਿਆਨ ਸ਼ਾਸਤਰੀ ਅਧਿਐਨ ਦੀਆਂ ਵੱਖ-ਵੱਖ ਪ੍ਰਣਾਲੀਆਂ ਵਿਚੋਂ ਮੈਂ ਕੁਝ ਉਪਰ ਆਪਣੀਆਂ ਸੰਖੇਪ ਟਿੱਪਣੀਆਂ ਤੁਹਾਡੇ ਸਾਹਮਣੇ ਰੱਖਣਾ ਚਾਹਾਂਗਾ।

ਸਾਹਿਤ ਨੂੰ ਸਭਿਆਚਾਰਿਕ ਕਰਮ ਮੰਨ ਕੇ ਇਸ ਨੂੰ ਜਿਸ ਤਰ੍ਹਾਂ ਅਸੀਂ ਆਪਣੇ ਸਾਮਾਜਿਕ ਜੀਵਨ ਨਾਲ ਜੋੜਨ ਲੱਗਦੇ ਹਾਂ ਉਸ ਦੀ ਇਕ ਪੱਖ ਵਿਸ਼ੇਸ਼ਤਾ ਵਲ ਸਭ ਤੋਂ ਪਹਿਲਾਂ ਧਿਆਨ ਜ਼ਰੂਰੀ ਹੈ। ਸਾਡੇ ਸਾਮਾਜਿਕ ਜੀਵਨ ਦੇ ਦੋ ਪਹਿਲੂ ਹਨ। ਪਹਿਲਾ ਤਾਂ ਉਹ ਯਥਾਰਥਿਕ ਜਾਂ ਵਸਤੂਵਗਤ ਪ੍ਰਸਥਿਤੀਆਂ ਹਨ ਜਿਨ੍ਹਾਂ ਵਿਚ ਅਸੀਂ ਜੀਅ ਰਹੇ ਹੁੰਦੇ ਹਾਂ ਅਤੇ ਦੂਸਰਾ ਹੈ ਇਨ੍ਹਾਂ ਪ੍ਰਸਥਿਤੀਆਂ ਵਲ ਸਾਡੀਆਂ ਸਾਮੂਹਿਕ ਪ੍ਰਤਿਕਿਰਿਆਵਾਂ ਜਿਸ ਵਿਚ ਉਨ੍ਹਾਂ ਬਾਰੇ ਅਪਣਾਈ ਜਾਣ ਵਾਲ਼ੀ ਸਾਡੀ ਸਮਝ, ਮੌਜੂਦਾ ਸਮੱਸਿਆਵਾਂ ਚੁਨੌਤੀਆਂ ਨਾਲ਼ ਨਿਪਟਣ ਦੇ ਸਾਡੇ ਸਾਮੂਹਿਕ ਯਤਨ, ਪਹਿਲਾਂ ਨਾਲੋਂ ਬਿਹਤਰ ਪ੍ਰਸਥਿਤੀਆਂ ਪੈਦਾ ਕਰਨ ਦੀਆਂ ਇੱਛਾਵਾਂ ਅਤੇ ਸੁਪਨਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੀਤੇ ਜਾਣ ਵਾਲ਼ੇ ਸਾਡੇ ਸੰਘਰਸ਼ ਵਰਗੇ ਸਾਰੇ ਪਹਿਲੂ ਇਸ ਵਿਚ ਸ਼ਾਮਿਲ ਹਨ। ਸਭਿਆਚਾਰ ਸਾਡੇ ਇਨ੍ਹਾਂ ਸਾਂਝੇ ਜੀਵਨ ਅਨੁਭਵਾਂ (lived experiences) ਦਾ ਹੀ ਦੂਸਰਾ ਨਾਮ ਹੈ। ਇਸ ਤਰ੍ਹਾਂ ਸਾਹਿਤ ਨੂੰ ਸਭਿਆਚਾਰਕ ਕਰਮ ਮੰਨਣ ਦਾ ਮਤਲਬ ਇਹ ਹੋਇਆ ਕਿ ਸਾਡੀ ਸਮਾਜਿਕ ਦੁਨੀਆਂ ਦੇ ਵਸਤੂਗਤ ਪਹਿਲੂ (objective reality) ਨਾਲ਼ ਇਸਦਾ ਸਿੱਧਾ ਸੰਬੰਧ ਨਹੀਂ ਜੋੜਿਆ ਜਾਂਦਾ ਸਗੋਂ ਇਸ ਦਾ ਇਹ ਸੰਬੰਧ ਇਸ ਦੁਨੀਆਂ ਦੇ ਦੂਸਰੇ ਪਹਿਲੂਆਂ, ਸਾਮੂਹਿਕ ਤੌਰ ਤੇ ਜੀਏ ਜਾਣ ਵਾਲ਼ੇ ਯਥਾਰਥ ਨੂੰ ਮਾਧਿਅਮ ਬਣਾ ਕੇ ਅਪ੍ਰੱਤਖ ਜਾਂ ਪਰੱਤਖ ਰੂਪ ਵਿਚ ਜੋੜਿਆ ਜਾਂਦਾ ਹੈ। ਅਪ੍ਰੱਤਖ ਤੇ ਸੂਖਮ ਹੋਣ ਕਾਰਣ ਕੁਝ ਲੋਕ ਇਸ ਸੰਬੰਧ ਦੀ ਅਣਦੇਖੀ ਕਰਦੇ ਹਨ। ਪਰੰਤੂ ਜੋ ਆਲੋਚਕ ਸਾਹਿਤ ਦੇ ਸੰਬੰਧਾਂ ਦੀ ਵਸਤੂਗਤ ਸਥਿਤੀ ਨਾਲ਼ ਪਹਿਚਾਣ ਕਰਦੇ ਹਨ ਉਹ ਵੀ ਇਹ ਸਵੀਕਾਰ ਕਰਨ ਲੱਗਦੇ ਹਨ ਕਿ ਸਾਹਿਤ ਵਿਚ ਵਸਤੂਗਤ ਸਥਿਤੀ ਸਿੱਧਿਆਂ ਸਿੱਧਿਆਂ ਉਪਸਥਿਤ ਨਹੀਂ ਹੋ ਸਕਦੀ। ਆਲੋਚਨਾ ਦੇ ਜਿਸ ਸਿਧਾਂਤ ਅਨੁਸਾਰ ਸਾਹਿਤ ਨੂੰ ਯਥਾਰਥ ਦਾ ਦਰਪਣ ਮੰਨਿਆ ਜਾਂਦਾ ਹੈ, ਇਸ ਵਸਤੂਗਤ ਯਥਾਰਥ ਨੂੰ ਸਾਹਿਤ ਵਿਚ ਸਿੱਧੇ ਸਿੱਧੇ ਹੂ-ਬ-ਹੂ ਇਸਦੇ ਅਸਲੀ ਰੂਪ ਵਿਚ ਦੇਖਿਆ ਜਾ ਸਕਦਾ ਹੈ। ਸਾਹਿਤ ਨੂੰ ਸਭਿਆਚਾਰਕ ਕਰਮ ਮੰਨਣ ਵਾਲ਼ੇ ਆਲੋਚਕਾਂ ਨੂੰ ਵਸਤੂ ਸਥਿਤੀ ਦੇ ਪ੍ਰਤਿਬਿੰਬ (representation) ਦੀ ਇਸ ਮਾਨਤਾ ਨੂੰ ਲਗਭਗ ਛੱਡਣਾ ਹੀ ਪੈਂਦਾ ਹੈ। ਜਿਸ ਤਰ੍ਹਾਂ ਅਸੀਂ ਭਾਸ਼ਾ ਨੂੰ ਚਿੰਨ੍ਹਾਂ ਦੇ ਮਨਮਾਨੇ ਢੰਗ ਨਾਲ਼ ਘੜੇ ਗਏ ਅਜਿਹੇ ਸੰਯੋਜਨ (arbitrary system of signs) ਦੇ ਰੂਪ ਵਿਚ ਵੇਖਦੇ ਹਾਂ ਜਿਸਦੀ ਵਸਤੂਗਤ ਦੁਨੀਆਂ ਦੇ ਤੱਥਾਂ ਅਤੇ ਘਟਨਾਵਾਂ ਨੂੰ ਇਕ



ਦੂਜੇ ਨੂੰ ਜੋੜਨ ਵਾਲ਼ੀ ਤਰਕ ਯੋਜਨਾ ਨਾਲ ਕਈ ਅਨੁਰੂਪਤਾ (cognience) ਨਹੀਂ ਹੁੰਦੀ, ਉਸ ਤਰ੍ਹਾਂ ਸਭਿਆਚਾਰ ਦੀਆਂ ਸੰਰਚਨਾਵਾਂ ਵੀ ਵਸਤੂਗਤ ਦੁਨੀਆਂ ਦੀ ਤਰਕਸੰਗਤਾ (rationality) ਉਪਰ ਸਿੱਧੇ ਸਿੱਧੇ ਆਧਾਰਿਤ ਨਹੀਂ ਹੁੰਦੀ। ਇਥੇ ਵਸਤੂਗਤ ਦੁਨੀਆਂ ਹੂ-ਬ-ਹੂ ਪੇਸ਼ ਨਾ ਹੋ ਕੇ ਨਵੇਂ ਨਵੇਂ ਰੂਪਾਂ ਵਿਚ ਢਲ ਕੇ ਅਤੇ ਅਪ੍ਰੱਤਖ ਤੌਰ ਤੇ ਹੀ ਆਭਾਸ ਦਿੰਦੀ ਹੈ। ਇਸੇ ਲਈ ਪ੍ਰਤਿਬਿੰਬ ਦੇ ਸਿਧਾਂਤ ਦੀ ਬਜਾਇ ਸਾਨੂੰ ਪ੍ਰਤੀਕੀਕਰਣ (figuration) ਦੇ ਸਿਧਾਂਤ ਦਾ ਸਹਾਰਾ ਲੈਣਾ ਪੈਂਦਾ ਹੈ। ਪੰਜਾਬੀ ਲੋਕ ਸਾਹਿਤ ਵਿਚ ਔਰਤਾਂ ਦੇ ਗੀਤਾਂ ਵਿਚ ਜਿਹੜੇ ਵਿਵਰਣਾਂ ਦੀ ਕੜੀ ਅਕਸਰ ਮੌਜੂਦ ਹੁੰਦੀ ਹੈ ਉਸਦਾ ਕੀ ਅਰਥ ਲਗਾਇਆ ਜਾਏ ਅਤੇ ਜਿਹੜੇ ਪਾਤਰ ਤੇ ਸਥਿਤੀਆਂ ਉਥੇ ਕੱਥ ਬਣ ਕੇ ਸਾਹਮਣੇ ਆਉਂਦੇ ਹਨ ਉਨ੍ਹਾਂ ਦਾ ਅਸਲੀ ਅਰਥ ਕੀ ਹੈ ? ਇਹ ਸਭ ਕੁਝ ਸਾਨੂੰ ਸਿੱਧੇ ਸਿੱਧੇ ਪ੍ਰਤਿਬਿੰਬ ਦੇ ਸਿਧਾਂਤ ਦੀ ਬਜਾਇ ਪ੍ਰਤੀਕੀਕਰਣ ਦੀ ਜਟਿਲ, ਅਪਰਤੱਖ ਤੇ ਉਪਰੋਂ ਅਤਾਰਕਿਕ ਲੱਗਣ ਵਾਲ਼ੀਆਂ ਤਰਤੀਬਾਂ ਦੇ ਆਧਾਰ ਤੇ ਹੀ ਜਾਣ ਸਕਦੇ ਹਾਂ।

ਪੰਜਾਬੀ ਸਾਹਿਤ ਵਿਚ "ਅੰਬੀ ਦਾ ਬੂਟਾ", "ਬਾਜ਼", "ਚਿੜੀ", "ਬਾਜ਼ਾਰ", "ਸੂਦਖੋਰ", "ਸਾਹਿਬ" ਅਤੇ ਤੁਰਕ ਵਰਗੇ ਬਿੰਬਾਂ ਦਾ ਲਾਖਣਿਕ ਅਰਥ ਵੀ ਪ੍ਰਤਿਬਿੰਬ ਦੇ ਸਿਧਾਂਤ ਅਨੁਸਾਰ ਨਹੀਂ ਸਮਝਿਆ ਜਾ ਸਕਦਾ। ਮਿੱਥਾਂ, ਦੰਤ ਕਥਾਵਾਂ, ਲੋਕ ਕਥਾਵਾਂ ਦੇ ਪ੍ਰਤੀਕੀਕਰਣ ਦੀਆਂ ਇਹ ਪ੍ਰਕ੍ਰਿਆਵਾਂ ਹੋਰ ਵੀ ਤਿੱਖੇ ਰੂਪ ਵਿਚ ਮੌਜੂਦ ਹੁੰਦੀਆਂ ਹਨ। ਇਸੇ ਲਈ ਲੋਕ ਸਾਹਿਤ ਲੋਕ ਸਭਿਆਚਾਰ ਦੀਆਂ ਤਰਤੀਬਾਂ ਦੇ ਗਿਆਨ ਸ਼ਾਸਤਰੀ ਅਧਿਐਨ ਦੇ ਦਾਇਰੇ ਬੜੇ ਜਟਿਲ ਹੋ ਜਾਂਦੇ ਹਨ। ਕਿਸੇ ਰਚਨਾ ਦਾ ਅਰਥ ਕੱਢਣ ਲਈ ਕਈ ਵਾਰ ਉਸਦੇ ਕੱਥ ਦੀ ਬਜਾਇ ਉਸਦੇ ਰੂਪ ਉਪਰ ਜ਼ਿਆਦਾ ਨਜ਼ਰ ਰੱਖਣੀ ਪੈਂਦੀ ਹੈ। ਸਾਹਿਤ ਨੂੰ ਸਭਿਆਚਾਰਿਕ ਕਰਮ ਮੰਨਣ ਵਾਲ਼ੇ ਮਾਰਕਸਵਾਦੀ ਆਲੋਚਕਾਂ ਨੂੰ ਵੀ ਇਸੇ ਲਈ ਆਧਾਰ ਅਤੇ ਉਸਾਰ ਵਿਚਲੇ ਰਿਸ਼ਤਿਆਂ ਦੀ ਆਪਣੀ ਧਾਰਣਾ ਨੂੰ ਅਤੇ ਵਿਚਾਰਧਾਰਾ ਸੰਬੰਧੀ ਆਪਣੀ ਸਮਝ ਨੂੰ ਨਵੇਂ ਸਿਰੇ ਤੋਂ ਵਿਵਸਥਿਤ ਕਰਨ ਦੀ ਲੋੜ ਪੈਂਦੀ ਹੈ। ਉਹ ਹੁਣ ਇਹ ਸਵੀਕਾਰ ਕਰਨ ਲੱਗੇ ਹਨ ਕਿ ਆਧਾਰ ਦੇ ਅੰਦਰ ਮੌਜੂਦ ਸ਼ਕਤੀਆਂ ਅਤੇ ਉਨ੍ਹਾਂ ਦੀਆਂ ਆਪਸੀ ਟਕਰਾਹਟਾਂ ਦੀ ਉਸਾਰ ਵਿਚ ਕਿਸੇ ਹੋਂਦ ਕਾਫੀ ਬਦਲੇ ਹੋਏ ਰੂਪ ਵਿਚ ਹੁੰਦੀ ਹੈ ਅਤੇ ਬਦਲੇ ਹੋਏ ਰੂਪ ਵਿਚ ਇਨ੍ਹਾਂ ਦੀ ਸ਼ਨਾਖਤ ਕਰਨਾ ਬਹੁਤ ਚਣੌਤੀ ਪੂਰਨ ਅਤੇ ਜਟਿਲ ਕੰਮ ਹੈ। ਜਿਸ ਤਰ੍ਹਾਂ ਸੁਪਨਿਆਂ ਦੀਆਂ ਪ੍ਰਕ੍ਰਿਆਵਾਂ ਵਿਚ ਸਾਡੀਆਂ ਇੱਛਾਵਾਂ ਕਾਫੀ ਬਦਲੇ ਹੋਏ ਰੂਪ ਵਿਚ ਸਾਹਮਣੇ ਆਉਂਦੀਆਂ ਹਨ ਕੁਝ ਉਸੇ ਤਰ੍ਹਾਂ ਦੀ ਪ੍ਰਕ੍ਰਿਆ ਇਥੇ ਵੀ ਪੂਰੀ ਹੁੰਦੀ ਹੈ। ਸਭਿਆਚਾਰ ਦਾ ਅਧਿਐਨ ਕਰਨ ਵਾਲ਼ੇ ਗਿਆਨ ਸ਼ਾਸਤਰੀਆਂ ਵਿਚ ਕੁਝ ਚਿੰਤਕ ਅਜਿਹੇ ਵੀ ਹਨ ਜੋ ਸਭਿਆਚਾਰ ਨੂੰ ਸਵੈ-ਸੰਪੂਰਣ ਮੰਨਦੇ ਹਨ। ਇਵੇਂ ਉਹ ਆਧਾਰ ਦੀ ਭੂਮਿਕਾ ਨੂੰ ਮੂਲੋਂ ਹੀ ਨਕਾਰ ਦਿੰਦੇ ਹਨ। ਪ੍ਰਤੀਕੀਕਰਣ ਦੀ ਉਨ੍ਹਾਂ ਦੀ ਕਲਪਨਾ ਪੂਰੀ ਤਰ੍ਹਾਂ ਸਵੈ ਇੱਛਾਚਾਰੀ ਹੋ ਜਾਂਦੀ ਹੈ ਅਤੇ ਇਸੇ ਲਈ ਕਈ ਵਾਰ ਸਭਿਆਚਾਰ ਬਾਰੇ ਉਨ੍ਹਾਂ ਦੀਆਂ ਵਿਆਖਿਆਵਾਂ ਸੰਯੋਗਵਸ ਫਿਟ ਬੈਠ ਜਾਣ ਵਾਲ਼ੇ ਅਨੁਮਾਨਾਂ ਦਾ ਰੂਪ ਧਾਰਣ ਕਰ ਲੈਂਦੀਆਂ ਹਨ। ਇਸ ਦੇ ਉਲਟ ਮਾਰਕਸਵਾਦੀ ਆਲੋਚਕਾਂ ਦੀ ਗਿਆਨ ਸ਼ਾਸਤਰੀ ਪੱਧਤੀ ਇਤਿਹਾਸ ਨੂੰ ਹਮੇਸ਼ਾ ਸੰਧਰਭ ਬਿੰਦੂ ਭਾਵ ਬ੍ਰਿਤਾਂਤ (matanarrative) ਦੇ ਰੂਪ ਵਿਚ ਸਾਹਮਣੇ ਰੱਖਦੀ ਹੈ। ਇਸ ਤੋਂ ਇਲਾਵਾ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਸੁਪਰਸਟਰਕਚਰ ਜੋ ਅਸਲ ਵਿਚ ਸਭਿਆਚਾਰ ਜਾਂ ਸਾਮੂਹਿਕ ਜੀਵਨ ਪੱਧਤੀ ਦਾ ਦੂਜਾ ਨਾਮ ਹੈ, ਸਾਰੇ ਦਾ ਸਾਰਾ ਇਕ ਹੀ ਧਰਾਤਲ ਤੇ ਨਹੀਂ ਹੁੰਦਾ। ਇਸ ਦੀਆਂ ਕਈ ਪਰਤਾਂ ਤੇ ਪੱਖ ਹੁੰਦੇ ਹਨ। ਵਿਸ਼ੇਸ਼ ਕਰਕੇ ਉਨ੍ਹਾਂ ਪਰਤਾਂ ਤੇ ਜਿੱਥੇ ਸਾਹਿਤ ਸੰਗੀਤ ਅਤੇ ਨਾਚ ਵਰਗੀਆਂ ਕਲਾਵਾਂ ਅਤੇ ਦਰਸ਼ਨ ਸ਼ਾਸ਼ਤਰ ਅਤੇ ਧਾਰਮਿਕ ਵਿਸ਼ਵਾਸ ਜਿਹੀਆਂ ਸੂਖਮ ਸਿਰਜਣਾਵਾਂ ਮੌਜੂਦ ਰਹਿੰਦੀਆਂ ਹਨ-ਅਧਾਰ- ਪ੍ਰਭਾਵਾਂ ਦਾ ਕਾਫੀ ਜ਼ਿਆਦਾ ਬਦਲੇ ਰੂਪਾਂ ਵਿਚ ਹੀ ਆਭਾਸ ਹੋ ਪਾਉਂਦਾ ਹੈ। ਇਸੇ ਲਈ ਮਾਰਕਸਵਾਦੀ ਆਲੋਚਨਾ ਵਿਚ ਹੁਣ ਆਧਾਰ ਅਤੇ ਉਸਾਰ ਦੇ ਪਸਪਰ ਸੰਬੰਧਾਂ ਦੀ ਵਿਆਖਿਆ ਕਰਦੇ ਸਮੇਂ ਮਾਧਿਅਮ ਦੀ

ਧਾਰਨਾ ਦਾ ਸਹਾਰਾ ਲਿਆ ਜਾਣ ਲੱਗਾ ਹੈ। ਮਾਰਕਸਵਾਦੀ ਚਿੰਤਨ ਤੋਂ ਪ੍ਰਭਾਵਿਤ ਰੇਮੰਡ ਜਿਹੇ ਇਸ ਲਈ ਸਾਹਿਤ ਦੀ ਇਕ ਸਭਿਆਚਾਰਕ ਕਰਮ ਦੇ ਰੂਪ ਵਿਚ ਵਿਆਖਿਆ ਕਰਦੇ ਸਮੇਂ ਵਸਤੂ ਸਥਿਤੀ ਦੇ ਸਿੱਧੇ ਵਿਵਰਣਾਂ ਤੋਂ ਕਿਤੇ ਵੱਧ ਭਾਵਨਾਵਾਂ ਦੀ ਸੰਰਚਨਾ (structure of feelings) ਨੂੰ ਖੋਜਣ ਤੇ ਵਧੇਰੇ ਬਲ ਦਿੰਦੇ ਹਨ। ਵਿਚਾਰਧਾਰਾ ਨੂੰ ਵੀ ਰਾਜਨੀਤੀ ਦਾ ਸਾਫ ਸਾਫ ਪੱਖ ਲੈਣ ਵਾਲੀ ਚੀਜ਼ ਤੱਕ ਸੀਮਤ ਰੱਖਣ ਦੀ ਬਜਾਇ ਇਹ ਮੰਨਿਆ ਜਾਣ ਲੱਗਿਆ ਹੈ ਕਿ ਰੂਪ ਦੇ ਧਰਾਤਲ ਤੱਕ ਇਸ ਦਾ ਪ੍ਰਭਾਵ ਪੈਂਦਾ ਹੈ। ਇਸ ਰਾਹੀਂ ਹੀ ਇਸ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਕਿਸੇ ਰਚਨਾ ਦੀ ਸੰਰਚਨਾ ਵਿਚ ਕੁਝ ਖਾਲੀ ਥਾਂ, ਕੁਝ ਦਰਾਰਾਂ, ਕੁਝ ਲਰਜ਼ਨਾਂ ਤੇ ਕੁਝ ਚੁੱਪ ਥਾਵਾਂ ਬਣੀਆਂ ਰਹਿੰਦੀਆਂ ਹਨ, ਜਿਨ੍ਹਾਂ ਤੇ ਧਿਆਨ ਦੇਣ ਨਾਲ਼ ਰਚਨਾ ਦੇ ਅੰਦਰ ਮੌਜੂਦ ਵਿਚਾਰਧਾਰਾਤਮਿਕ ਟਕਰਾਹਟਾਂ ਦੇ ਸੰਕੇਤ ਮਿਲ਼ ਜਾਂਦੇ ਹਨ। ਪ੍ਰਤੀਕੀ ਕਰਣ ਦੀਆਂ ਤਰਤੀਬਾਂ ਰਾਹੀਂ ਵਿਭਿੰਨ ਸਭਿਆਚਾਰਕ ਸਿਰਜਣਾਵਾਂ ਦੀਆਂ ਸੰਰਚਨਾਵਾਂ ਤੇ ਜ਼ੋਰ ਦਿੱਤੇ ਜਾਣ ਦਾ ਹੀ ਨਤੀਜਾ ਹੈ ਕਿ ਲੋਕ ਸਾਹਿਤ ਤੇ ਸਭਿਆਚਾਰ ਦੇ ਵਧੇਰੇ ਵਿਸ਼ਲੇਸ਼ਣ-ਕਰਤਾ ਹੁਣ ਅਜਿਹੇ ਲੱਖਣ ਵਿਗਿਆਨ (sematics) ਦਾ ਸਹਾਰਾ ਲੈਣ ਲੱਗੇ ਹਨ ਜੋ ਸੋਸ਼ਿਓਲਿੰਗੁਇਸਟਿਕਸ, ਫਰਾਇਡੀਅਨ ਸਾਈਕੋ ਅਨੈਲਿਸਸ ਅਤੇ ਅਨਥਰੋਪੌਲੋਜੀ ਦੀਆਂ ਧਾਰਣਾਵਾਂ ਅਤੇ ਵਿਧੀਆਂ ਨੂੰ ਜੋੜ ਕੇ ਵਿਕਸਿਤ ਕੀਤਾ ਜਾਂਦਾ ਹੈ। ਪ੍ਰਤਿਬਿੰਬਨ ਦੀ ਥਾਂ ਤੇ ਪ੍ਰਤੀਕੀਕਰਣ ਉਪਰ ਭਰੋਸਾ ਕਰਨ ਦੇ ਨਤੀਜੇ ਵਜੋਂ ਹੁਣ ਅਜਿਹੇ ਅਪਿਸਟੀਮਜ਼ (epistimes), ਕਡਜ਼, ਅਤੇ ਪੈਰਾਡਾਈਮਜ਼ (paradigms) ਰਾਹੀਂ ਕਿਸ ਸਾਹਿਤਕ ਕਿਰਤ ਦਾ ਪਾਠ ਕੀਤਾ ਜਾਂਦਾ ਹੈ ਜੋ ਸਮੂਹ ਦੇ ਸਾਂਝੇ ਰੂਪ ਵਿਚ ਆਪਣੀਆਂ ਜ਼ਰੂਰਤਾਂ ਦੇ ਮੁਤਾਬਿਕ ਸਿਰਜੇ ਹੁੰਦੇ ਹਨ ਅਤੇ ਜਿਨ੍ਹਾਂ ਦੀ ਵਸਤੂ ਸਥਿਤੀ ਦੀਆਂ ਕ੍ਰਿਆਵਾਂ-ਪ੍ਰਤਿਕ੍ਰਿਆਵਾਂ ਨਾਲ਼ ਕੋਈ ਸਿੱਧੀ ਅਨੁਰੂਪਤਾ ਨਹੀਂ ਹੁੰਦੀ।

ਪ੍ਰਤੀਕੀਕਰਣ ਅਤੇ ਸੰਰਚਨਾ-ਨਿਰਮਾਣ-ਪ੍ਰਕਿਰਿਆਵਾਂ (structuration) ਤੇ ਧਿਆਨ ਕੇਂਦ੍ਰਿਤ ਕਰਨ ਨਾਲ਼ ਸਾਹਿਤ ਤੇ ਸਭਿਆਚਾਰ ਦੇ ਅਧਿਅਨ ਵਿਚ ਇਕ ਹੋਰ ਪ੍ਰਵਿਰਤੀ ਦੇਖਣ ਵਿਚ ਆਈ ਹੈ। ਸਭਿਆਚਾਰ ਦਾ ਨਿਰਮਾਣ ਕਿਉਂਕਿ ਹੌਲ਼ੀ ਹੌਲ਼ੀ ਅਤੇ ਅਨੇਕਾਂ ਅਜਿਹੀਆਂ ਸਹਿਮਤੀਆਂ ਦੇ ਆਧਾਰ ਤੇ ਹੁੰਦਾ ਹੈ ਜਿਨ੍ਹਾਂ ਨੂੰ ਸਾਫ ਸਾਫ ਸ਼ਬਦਾਂ ਵਿਚ ਪੇਸ਼ ਨਹੀਂ ਕੀਤਾ ਜਾਂਦਾ ਅਤੇ ਕਿਉਂਕਿ ਸਭਿਆਚਾਰ ਦੀ ਸੰਰਚਨਾ ਦੇ ਇਕ ਵਾਰ ਆਕਾਰ ਗ੍ਰਹਿਣ ਕਰ ਲੈਣ ਤੋਂ ਬਾਦ ਉਹ ਦੇਰ ਤਕ ਉਸੇ ਸ਼ਕਲ ਵਿਚ ਬਣੀ ਰਹਿੰਦੀ ਹੈ, ਰੋਜ਼ ਰੋਜ਼ ਬਦਲਦੀ ਨਹੀਂ। ਇਸ ਲਈ ਕਿਸੇ ਸਮੂਹ ਦੀ ਸਭਿਆਚਾਰਕ ਪਛਾਣ ਵਿਚ ਇਕ ਸਥਿਰਤਾ ਬਣੀ ਰਹਿੰਦੀ ਹੈ ਜਿਸ ਕਾਰਣ ਇਸ ਦੀ ਇਕ ਅਜਿਹੀ ਵਿਸ਼ਸ਼ਟਤਾ ਵੀ ਹੈ। ਵਿਸ਼ਲੇਸ਼ਣ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਨਹੀਂ ਆਉਂਦੀ। ਇਸ ਸਥਿਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਸਭਿਆਚਾਰ ਦੇ ਅਧਿਐਨ ਵਿਚ ਸਾਮੂਹਿਕ ਜੀਵਨ ਦੇ ਦੂਰਗਾਮੀ ਸਰੋਕਾਰਾਂ ਤੇ ਸਭਿਆਚਾਰ ਦੇ ਅਧਿਐਨ ਉਪਰ ਵਧੇਰੇ ਬਲ ਦਿੱਤਾ ਜਾਂਦਾ ਹੈ। ਅਤੇ ਰੋਜ਼ਾਨਾ ਦੀ ਜ਼ਿੰਦਗੀ ਦੇ ਉਹ ਮਾਮਲੇ ਜੋ ਤਾਤਕਾਲਿਕ ਚਿੰਤਾਵਾਂ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ ਇਸ ਵਿਸ਼ਲੇਸ਼ਣ ਅਤੇ ਅਧਿਐਨ ਵਿਚ ਵਧੇਰੇ ਥਾਂ ਨਹੀਂ ਪਾ ਸਕਦੇ। ਇਸ ਦਾ ਅਕਸਰ ਇਹ ਅਰਥ ਵੀ ਲੈ ਲਿਆ ਜਾਂਦਾ ਹੈ ਕਿ ਸਭਿਆਚਾਰ ਵਿਚ ਰਾਜਨੀਤੀ ਵਰਗੀਆਂ ਮਾਮੂਲੀ ਚੀਜ਼ਾਂ ਲਈ ਕੋਈ ਥਾਂ ਨਹੀਂ ਬਚਦਾ। ਮੇਰੀ ਰਾਇ ਵਿਚ ਇਹ ਨਿਰਣਾ ਗਲਤ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਰਾਜਨੀਤੀ ਦਾ ਇਕ ਚਿਰਕਾਲੀ ਮਹੱਤਵਪੂਰਣ ਪਾਸਾਰ ਵੀ ਹੁੰਦਾ ਹੈ। ਅਤੇ ਕਿਸੇ ਸਮੂਹ ਦੀ ਸਭਿਆਚਾਰਕ ਪਛਾਣ ਨਿਰਧਾਰਿਤ ਕਰਨ ਵਿਚ ਉਸ ਦੀ ਮਹੱਤਵਪੂਰਣ ਭੂਮਿਕਾ ਹੈ। ਇਹ ਗੱਲ ਦੂਸਰੀ ਹੈ ਕਿ ਸਾਹਿਤ ਤੇ ਸਭਿਆਚਾਰ ਸੰਬੰਧੀ ਗਿਆਨ ਸ਼ਾਸਤ੍ਰੀ ਅਧਿਐਨ ਵਿਚ ਰਾਜਨੀਤਕ ਘਟਨਾਵਾਂ ਦਾ ਦਬਾਅ ਸਿੱਧਿਆਂ ਦਿਖਾਈ ਨਾ ਦੇ ਕੇ ਸਭਿਆਚਾਰ ਦੀਆਂ ਰਚਨਾਵਾਂ ਉੱਤੇ ਪੈਣ ਵਾਲ਼ੀ ਉਸਦੀ ਛਾਪ ਰਾਹੀਂ ਪਹਿਚਾਣਿਆ-ਪਰਖਿਆ ਜਾਂਦਾ ਹੈ। ਉਦਾਹਰਣ ਲਈ ਸਾਡੇ ਦੇਸ਼ ਵਿਚ ਪਿਛਲੇ ਦਿਨੀਂ ਜ਼ੋਰ ਫੜਨ ਵਾਲੇ ਸੰਪ੍ਰਦਾਇਕ ਉਭਾਰ ਨੂੰ ਲਿਆ ਜਾ ਸਕਦਾ ਹੈ। ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਅਨ



ਉਪਰ ਆਧਾਰਿਤ ਵਿਸ਼ਲੇਸ਼ਣ ਵਿਚ ਕਿਸ ਸੰਪ੍ਰਦਾਇਕ ਰਾਜਨੀਤਕ ਪਾਰਟੀ ਨੇ ਕਿਹ ਕਿਹ ਜਿਹ ਗਠਬੰਧਨ ਕਰਕੇ ਸੱਤਾ ਹਥਿਆ ਲਈ ਹੈ ਅਤੇ ਉਸਨੂੰ ਸੱਤਾ ਤੋਂ ਲਾਂਭ ਕਿਵੇਂ ਕੀਤਾ ਜਾਵੇ ? ਇਨ੍ਹਾਂ ਗੱਲਾਂ ਉਪਰ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਸਾਡੀ ਸਭਿਆਚਾਰਕ ਪਛਾਣ ਦੀਆਂ ਸੰਰਚਨਾਵਾਂ ਇਸ ਉਭਾਰ ਕਾਰਣ ਕਿਸ ਤਰ੍ਹਾਂ ਵਿਰੂਪਤ ਹੋ ਰਹੀਆਂ ਹਨ ਜਾਂ ਟੁੱਟ ਰਹੀਆਂ ਹਨ -- ਮੁੱਖ ਤੌਰ ਤੇ ਇਸ ਗੱਲ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਬਣਾਇਆ ਜਾਂਦਾ ਹੈ।

ਕੁਝ ਆਲੋਚਕ ਸਾਡੀ ਸਭਿਆਚਾਰਕ ਪਛਾਣ ਦੇ ਚਿਰਕਾਲ ਤਕ ਸਥਾਈ ਬਣੇ ਰਹਿਣ ਦਾ ਇਹ ਅਰਥ ਕੱਢ ਲੈਂਦੇ ਹਨ ਕਿ ਸਾਡੇ ਸਾਮੂਹਿਕ ਅਨੁਭਵਾਂ ਵਿਚ ਸਿਰਫ ਉਹੀ ਪੱਖ ਧਿਆਨ ਦੇਣ ਯੋਗ ਹਨ ਜੋ ਸਦੀਆਂ ਤੱਕ ਬਦਲਦੇ ਨਹੀਂ ਜਾਂ ਘੱਟ ਘੱਟ ਉਪਰੋਂ ਸਥਿਰ ਰੂਪ ਵਿਚ ਬਣੇ ਨਜ਼ਰ ਆਉਂਦੇ ਹਨ। ਇਸੇ ਸਮਝ ਦੇ ਆਧਾਰ ਤੇ ਆਲੋਚਕ ਸਾਹਿਤ ਤੇ ਸਭਿਆਚਾਰ ਦੇ ਅੰਦਰ ਅਜਿਹੇ ਆਦਿ-ਰੂਪਕਾਂ (archetypes) ਅਤੇ ਮੂਲ ਪ੍ਰਵਿਰਤੀਆਂ (motifs) ਨੂੰ ਲੱਭਣ ਲੱਗਦੇ ਹਨ ਜੋ ਵਿਭਿੰਨ ਸਾਹਿਤਕ ਕਿਰਤਾਂ ਅਤੇ ਲੋਕ ਆਖਿਆਨਾਂ ਵਿਚ ਬਾਰ ਬਾਰ ਇਸਤੇਮਾਲ ਹੁੰਦੇ ਹਨ ਅਤੇ ਉਨ੍ਹਾਂ ਦੇ ਆਪਸ ਵਿਚ ਇਕ-ਮਿੱਕ ਹੋ ਜਾਣ ਤੋਂ ਜੋ ਸੰਰਚਨਾ ਇਕ ਬਾਰ ਬਣ ਗਈ ਉਸੇ ਨੂੰ ਉਹ ਵਿਸ਼ੇਸ਼ ਸਭਿਆਚਾਰਕ ਪਹਿਚਾਣ ਦੀ ਸਥਿਰ ਪਹਿਚਾਣ ਮੰਨ ਬੈਠਦੇ ਹਨ। ਸਾਹਿਤ ਅਤੇ ਸਭਿਆਚਾਰ ਦੇ ਅਜਿਹੇ ਪਾਠ ਵਿਚ ਇਤਿਹਾਸ ਦਾ ਮਹੱਤਵ ਬਿਲਕੁਲ ਸਮਾਪਤ ਹੋ ਜਾਂਦਾ ਹੈ ਅਤੇ ਸਭਿਆਚਾਰਕ ਪਛਾਣ ਇਕ ਸ਼ੁੱਧ ਕਿਸਮ ਦੀ ਗਤੀਹੀਣ ਵਸਤੂ ਬਣ ਕੇ ਰਹਿ ਜਾਂਦੀ ਹੈ। ਪਰ ਸੱਚਾਈ ਇਸ ਤੋਂ ਬਿਲਕੁਲ ਵੱਖਰੀ ਹੈ। ਕਿਸੇ ਸਮੂਹ ਦੀ ਸਭਿਆਚਾਰਕ ਪਛਾਣ ਅਸਲ ਵਿਚ ਉਸ ਦੇ ਇਤਿਹਾਸਕ ਜੀਵਨ ਦੌਰਾਨ ਜਦ-ਕਦ ਉੱਭਰ ਕੇ ਆਉਣ ਵਾਲੀਆਂ ਚੁਨੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਜੋ ਅਨੁਭਵ ਇੱਕਠੇ ਹੁੰਦੇ ਹਨ ਉਨ੍ਹਾਂ ਤੋਂ ਹੀ ਨਿਰਮਿਤ ਅਤੇ ਪੁਨਰ ਨਿਰਮਿਤ ਹੁੰਦੀ ਚਲੀ ਜਾਂਦੀ ਹੈ ਅਤੇ ਸੰਰਚਨਾ ਗ੍ਰਹਿਣ ਕਰਨ (structuration) ਦੀ ਇਸ ਪ੍ਰਕਿਰਿਆ ਨੂੰ, ਹਮੇਸ਼ਾ ਲਈ ਸਥਿਰ ਹੋ ਗਏ ਢਾਂਚੇ ਦੇ ਰੂਪ ਵਿਚ ਸਵੀਕਾਰ ਨਹੀਂ ਕਰਨਾ ਚਾਹੀਦਾ। ਇਸ ਆਲੋਚਨਾ ਪ੍ਰਣਾਲੀ ਦੇ ਅੰਤਰਗਤ ਆਦਿਮ ਸਮਾਜਾਂ ਵਿਚ ਪ੍ਰਕਿਰਤੀ ਨਾਲ ਜੂਝਦਿਆਂ ਹੋਇਆਂ ਜਿਸ ਤਰ੍ਹਾਂ ਕਈ ਸਮੂਹ, ਆਪਣੀ ਸਾਮੂਹਿਕ ਪਛਾਣ ਬਣਾ ਲੈਂਦਾ ਹੈ ਅਸਲ ਵਿਚ ਇਸੇ ਨੂੰ ਹੀ ਲਗਾਤਾਰ ਮਾਡਲ ਦੇ ਰੂਪ ਵਿਚ ਸਾਹਮਣੇ ਰੱਖਿਆ ਜਾਂਦਾ ਹੈ; ਅਤੇ ਇਤਿਹਾਸਕ ਬਦਲਾਅ ਦੀ ਪ੍ਰਕ੍ਰਿਆ ਵਿਚ ਉਭਰੀਆਂ ਵਧੇਰੇ ਜਟਿਲ ਸਮਾਜਿਕ ਵਿਵਸਥਾਵਾਂ ਦੇ ਦੌਰ ਵਿਚ ਜੀਣ ਵਾਲੇ ਸਮੂਹਾਂ ਰਾਹੀਂ ਆਪਣੇ ਸਮੇਂ ਦੀਆਂ ਸਮੱਸਿਆਵਾਂ ਅਤੇ ਚੁਨੌਤੀਆਂ ਨਾਲ ਟਕਰਾਉਂਦਿਆਂ ਹੋਇਆਂ ਇੱਕਠੇ ਕੀਤੇ ਅਨੁਭਵਾਂ ਨਾਲ ਸਿਰਜੀਆਂ ਉਨ੍ਹਾਂ ਦੀਆਂ ਵਿਸ਼ੇਸ਼ ਕਿਸਮ ਦੀਆਂ ਪਛਾਣਾਂ ਨੂੰ ਵੀ ਆਦਿਮ ਸਮੂਹ ਦੀ ਸਾਮੂਹਿਕ ਪਛਾਣ ਦੇ ਢਾਂਚੇ ਵਿਚ ਢਾਲ ਕੇ ਹੀ ਦੇਖਿਆ ਜਾਂਦਾ ਹੈ। ਸਭਿਆਚਾਰ ਦੇ ਗਿਆਨ ਸ਼ਾਸਤਰ ਦੀ ਇਸ ਪ੍ਰਣਾਲੀ ਦੇ ਅੰਤਰਗਤ ਵਿਭਿੰਨ ਸਾਮੂਹਿਕਤਾਵਾਂ ਦੇ ਸਿਰਜਣ ਵਿਚ, ਵਿਸ਼ੇਸ਼ ਪ੍ਰਸਥਿਤੀਆਂ ਦੇ ਨਾਲ਼ ਏਕਤਾ ਸਥਾਪਿਤ ਕਰਕੇ ਉਸ ਤੋਂ ਨਿਜਾਤ ਪਾ ਲੈਣ ਵਿਚ ਜੋ ਗੁਣਾਤਮਕ ਅੰਤਰ ਹੁੰਦਾ ਹੈ ਉਸਦੀ ਵੀ ਅਣਦੇਖੀ ਕੀਤੀ ਜਾਂਦੀ ਹੈ। ਇਥੇ ਇਸਤੇਮਾਲ ਹੋਣ ਵਾਲੇ ਮਾਡਲ ਵਿਚ ਆਦਿਮ ਸਮੂਹ ਦੀਆਂ ਇੱਛਾਵਾਂ ਨੂੰ ਫੈਂਟਸੀ ਰਾਹੀ ਕੁਦਰਤ ਦੀ ਮਿਹਰ ਸਦਕਾ ਪੂਰਾ ਕਰਾਏ ਜਾਣ ਵਾਲੇ ਵਿਕਲਪ ਦੀ ਹੀ ਪ੍ਰਧਾਨਤਾ ਰਹਿੰਦੀ ਹੈ। ਇਸ ਤਰ੍ਹਾਂ ਦੀ ਪਛਾਣ ਦੀ ਸੰਰਚਨਾ ਵਿਚ ਵਸਤੂ ਸਥਿਤੀ ਦੀ ਛਾਪ ਇਕ ਅਜਿਹੇ ਦਬਾਅ ਦੇ ਰੂਪ ਵਿਚ ਤਾਂ ਬਣੀ ਰਹਿੰਦੀ ਹੈ ਜਿਸ ਤੋਂ ਛੁਟਕਾਰਾ ਪਾਉਣਾ ਹੁੰਦਾ ਹੈ ਪਰੰਤੂ ਉਸ ਵਿਚ ਸੰਘਰਸ਼ ਦੀ ਲਾਜਿਕ (logic) ਦਾ ਕੋਈ ਵਿਸ਼ੇਸ਼ ਯੋਗਦਾਨ ਨਹੀਂ ਹੁੰਦਾ।

ਐਨਥਰੋਪੌਲਜੀ ਉਪਰ ਆਧਾਰਿਤ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਅਨ ਪ੍ਰਣਾਲੀ ਦਾ ਕਾਫੀ ਵਿਆਪਕ ਅਸਰ ਸਾਡੇ ਵਿਦਵਾਨਾਂ ਵਿਚ ਵੀ ਮੌਜੂਦ ਹੈ। ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਹੋਵੇ ਜਾਂ ਗੁਰਦਿਆਲ ਸਿੰਘ ਦਾ ਮੜ੍ਹੀ ਦਾ ਦੀਵਾ, ਦੁਆਬੇ ਦੀਆਂ ਔਰਤਾਂ ਦੇ ਲੋਕਗੀਤ ਹੋਣ

ਜਾਂ ਮਹਨ ਸਿੰਘ ਦੀ ਅੰਬੀ ਦਾ ਬੂਟਾ ਜਾਂ ਫਿਰ ਸੁਰਜੀਤ ਪਾਤਰ ਦੀਆਂ ਗਜ਼ਲਾਂ, ਸਭ ਨੂੰ ਕੁਝ ਮੂਲ ਪ੍ਰਵਿਰਤੀਆਂ (motifs), ਆਦਿ-ਰੂਪਕਾਂ (Archetypes) ਅਤੇ ਮਿਥਿਕ ਖੰਡਾਂ ਵਿਚ ਲੈਅ ਬੱਧ ਅੰਤਰ ਕ੍ਰਿਆਵਾਂ (concatenation) ਦੇ ਰੂਪ ਵਿਚ ਪੜ੍ਹਿਆ ਜਾਂਦਾ ਹੈ ਅਤੇ ਇਤਿਹਾਸਕ ਬਦਲਾਵਾਂ ਦੇ ਕਾਰਣ ਸਭਿਆਚਾਰਕ ਪਛਾਣ ਵਿਚ ਜੁੜੇ ਵਿਸ਼ੇਸ਼ ਪਾਸਾਰਾਂ ਅਤੇ ਸੱਤਾਂ ਸੰਬੰਧਾਂ, ਟਕਰਾਹਟਾਂ ਤੋਂ ਪੈਦਾ ਹੋਈਆਂ ਉਲਝਣਾਂ ਦੀ ਪੂਰੀ ਤਰ੍ਹਾਂ ਅਣ ਦੇਖੀ ਕੀਤੀ ਜਾਂਦੀ ਹੈ। ਆਦਿ ਸ੍ਰੋਤ (roots) ਕੱਢ ਲਿਆਉਣ ਅਤੇ ਉਥੇ ਪ੍ਰਾਪਤ ਬਿੰਬਾਂ, ਆਖਿਆਨਾਂ ਅਤੇ ਪ੍ਰਤੀਕਾਂ ਦਾ ਜਿਉਂ ਦਾ ਤਿਉਂ ਦੁਹਰਾਅ ਦੇਖਣ ਵਾਲੀ ਇਸ ਆਲੋਚਨਾ ਪ੍ਰਣਾਲੀ ਦੀਆਂ ਕਈ ਸੀਮਾਵਾਂ ਹਨ। ਸਾਡੀ ਸਭਿਆਚਾਰਕ ਪਛਾਣ ਅਸਲ ਵਿਚ ਅਜਿਹੀ ਇਕ ਜੀਵੰਤ ਪਰੰਪਰਾ ਹੈ ਜਿਸ ਵਿਚ ਨਵੇਂ ਪਾਸਾਰ ਜੁੜਦੇ ਜਾਂਦੇ ਹਨ ਅਤੇ ਪੁਰਾਣੇ ਪ੍ਰਤੀਕਾਂ ਅਤੇ ਸੰਰਚਨਾਵਾਂ ਵਿਚ ਨਵੇਂ ਅਰਥ ਜੋੜੇ ਜਾਂਦੇ ਹਨ। ਦਰਅਸਲ ਸਾਡੀ ਸਭਿਆਚਾਰ ਪਛਾਣ ਦੀਆਂ ਸੰਰਚਨਾਵਾਂ ਵਿਚ ਇਤਿਹਾਸ ਦੇ ਕੁਝ ਚੁਣੇ ਹੋਏ ਮੋੜਾਂ ਤੇ ਗੁਣਾਤਮਕ ਫੇਰ ਬਦਲ ਵੀ ਹੁੰਦਾ ਹਨ ਜਿਨ੍ਹਾਂ ਦੀ ਸ਼ਨਾਖਤ ਕੀਤੇ ਬਗੈਰ ਸਭਿਆਚਾਰ ਦਾ ਸਾਡਾ ਗਿਆਨ ਸ਼ਾਸਤਰੀ ਅਧਿਅਨ ਸਹੀ ਨਹੀਂ ਹੋ ਸਕਦਾ।

ਐਂਥਰਓਪੋਲੋਜੀਕਲ ਪ੍ਰਣਾਲੀ ਤੋਂ ਇਲਾਵਾ ਉੱਤਰਆਧੁਨਿਕਤਾਵਾਦ ਵਲੋਂ ਜਿਹੜਾ ਬਲ ਦਿੱਤਾ ਜਾ ਰਿਹਾ ਹੈ ਉਸਦੀਆਂ ਕਮਜ਼ੋਰੀਆਂ ਵੀ ਲਗਭਗ ਉਪਰਕਤ ਭਾਂਤ ਦੀਆਂ ਹੀ ਹਨ। ਇਥੇ ਵੀ ਹਰੇਕ ਸਭਿਆਚਾਰਕ ਪਛਾਣ ਨੂੰ ਇਕ ਅਜਿਹੀ ਆਦਿਮ (primordial) ਇਕਾਈ ਮੰਨ ਲਿਆ ਜਾਂਦਾ ਹੈ ਜੋ ਇਤਿਹਾਸ ਦੇ ਕਿਸੇ ਪੁਰਾਣੇ ਪੜਾਅ ਤੇ ਹੋਂਦ ਵਿਚ ਆ ਗਈ ਸੀ ਤੇ ਹੁਣ ਵੀ ਉਸੇ ਰੂਪ ਵਿਚ ਚਲਦੀ ਆ ਰਹੀ ਹੈ। ਇਸਦੀ ਸੰਰਚਨਾ ਨੂੰ ਨਾ ਤਾਂ ਕਿਸੇ ਤਰਕਪੂਰਣ ਵਿਸ਼ਲੇਸ਼ਣ ਵਿਚ ਬੰਨ੍ਹਿਆਂ ਜਾ ਸਕਦਾ ਹੈ ਅਤੇ ਨਾ ਹੀ ਇਤਿਹਾਸ ਦੀ ਲਾਜਿਕ ਦੇ ਆਧਾਰ ਤੇ ਉਸਦੀ ਵਿਆਖਿਆ ਕੀਤੀ ਜਾ ਸਕਦੀ ਹੈ। ਉਹ ਉਪਮਾ ਰਹਿਤ ਵਿਸ਼ੇਸ਼ਤਾ ਰੱਖਦਾ ਹੋਇਆ ਦੂਸਰੇ ਸਭਿਆਚਾਰਾਂ ਤੋਂ ਵੱਖ ਅਲਗ ਬਲਗ ਆਪਣਾ ਵਜੂਦ ਬਣਾਈ ਰੱਖਦਾ ਹੈ। ਅਜਿਹੀ ਪਛਾਣ ਨਾ ਤਾਂ ਇਤਿਹਾਸ ਦੇ ਅਨੁਭਵਾਂ ਨੂੰ ਸਮੇਟਦੀ ਹੋਈ ਵਿਕਸਿਤ ਹੁੰਦੀ ਅਗਾਂਹ ਵਧਦੀ ਹੈ ਅਤੇ ਨਾ ਹੀ ਦੂਸਰੀਆਂ ਸਭਿਆਚਾਰਕ ਪਛਾਣਾਂ ਦੀ ਉਸ ਨਾਲ ਤੁਲਨਾ ਹੀ ਕੀਤੀ ਜਾ ਸਕਦੀ ਹੈ। ਪਰੰਤੂ ਵਾਸਤਵਿਕਤਾ ਇਸ ਤੋਂ ਬਹੁਤ ਵੱਖਰੀ ਹੈ। ਦਰਅਸਲ ਆਦਿਮ ਪੜਾਅ ਤੇ ਸਭਿਆਚਾਰਕ ਇਕਾਈਆਂ ਦੀ ਸਿਰਜਣਾ ਸਿਰਫ ਕੁਦਰਤ ਨਾਲ ਟੱਕਰ ਲੈਣ ਜਾਂ ਉਸ ਨਾਲ ਸਮਝੌਤਾ ਕਰ ਲੈਣ ਦੇ ਨਤੀਜੇ ਵਜੋਂ ਹੀ ਨਹੀਂ ਸਗੋਂ ਸਮਾਜਿਕ ਜੀਵਨ ਦੀਆਂ ਨਵੀਆਂ ਸਮੱਸਿਆਵਾਂ ਨਾਲ ਟਕਰਾਉਂਦਿਆਂ ਹੋਇਆਂ ਅਤੇ ਦੂਸਰੀਆਂ ਸਭਿਆਚਾਰਕ ਇਕਾਈਆਂ ਅਨੁਭਵਾਂ ਨੂੰ ਇਕ ਹੱਦ ਤਕ ਆਤਮਸਾਤ ਕਰਦਿਆਂ ਹੋਇਆ ਆਪਣਾ ਆਕਾਰ ਗ੍ਰਹਿਣ ਕਰਦੀਆਂ ਹਨ। ਨਵੀਆਂ ਪ੍ਰਸਥਿਤੀਆਂ ਅਤੇ ਚੁਣੌਤੀਆਂ ਦੇ ਸੰਦਰਭਾਂ ਵਿਚ ਉਹ ਕਾਫੀ ਹੱਦ ਤਕ ਬਦਲਦੀਆਂ ਵੀ ਰਹਿੰਦੀਆਂ ਹਨ। ਉਤਰ ਆਧੁਨਿਕਤਾਵਾਦੀ ਆਲੋਚਨਾ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਣਦੇਖਿਆਂ ਕਰ ਦਿੰਦੀ ਹੈ।

ਸਭਿਆਚਾਰ ਦੀ ਸਿਰਜਣ-ਪ੍ਰਕ੍ਰਿਆ ਦੇ ਸੰਬੰਧ ਵਿਚ ਵੱਖ-ਵੱਖ ਧਾਰਣਾਵਾਂ ਤੋਂ ਇਲਾਵਾ ਉਸਦਾ ਉਪਯੋਗ ਕਰਨ ਜਾਂ ਉਸਤੋਂ ਪ੍ਰੇਰਣਾ ਹਾਸਿਲ ਕਰਨ ਸੰਬੰਧੀ ਮਤ ਭੇਦਾਂ ਨਾਲ ਵੀ ਉਸਦੇ ਗਿਆਨ ਸ਼ਾਸਤਰੀ ਅਧਿਐਨ ਦੀਆਂ ਸਮੱਸਿਆਵਾਂ ਜੁੜੀਆਂ ਹਈਆਂ ਹਨ। ਇਸ ਸੰਧਰਭ ਵਿਚ ਇਕ ਖਾਸ ਅਧਿਅਨ ਪ੍ਰਣਾਲੀ ਉਨ੍ਹਾਂ ਵਿਦਵਾਨਾਂ ਵਲੋਂ ਵਿਕਸਿਤ ਕੀਤੀ ਗਈ ਹੈ ਜੋ ਆਪਣੇ ਸਮੇਂ ਦੇ ਸਮਾਜਿਕ ਜੀਵਨ ਦੀ ਮੁੱਖ ਧਾਰਾ ਦੇ ਚੌਹੱਦੇ ਅੰਦਰ ਪੂਰੀ ਤਰ੍ਹਾਂ ਵਿਵਸਥਾ ਦੇ ਪੱਕੇ ਸਮਰਥੱਕ ਹੁੰਦਿਆਂ ਹੋਇਆਂ ਵੀ ਆਪਣੇ ਸਮਾਜ ਦੀ ਸਾਮੂਹਿਕ ਜੀਵਨ ਪ੍ਰਣਾਲੀ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੁੰਦੇ ਤੇ ਆਪਣੇ ਅਸ਼ੰਤੋਸ਼ ਨੂੰ ਘੱਟ ਕਰਨ ਲਈ ਅਜਿਹੇ ਵਿਚਾਰਾਂ, ਆਦਰਸ਼ਾਂ ਅਤੇ ਮੁੱਲਾਂ ਨੂੰ ਨਿੱਜੀ ਤੌਰ ਤੇ ਕਿਸੇ ਬਾਹਰੀ ਸ੍ਰੋਤ ਨਾਲ ਆਤਮਸਾਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਨੂੰ



ਆਪਣੇ ਸਮੇਂ ਦੀ ਸਾਮੂਹਿਕ ਜੀਵਨ ਪੱਧਤੀ ਵਿਚ ਥਾਂ ਨਹੀਂ ਮਿਲਿਆ। ਉਨ੍ਹਾਂ ਲਈ ਸਭਿਆਚਾਰ ਸਮੁੱਚੀ ਜੀਵਨ ਪੱਧਤੀ ਨਾ ਹੋ ਕੇ ਅਜਿਹੀ ਬੌਧਿਕ, ਭਾਵਨਾਤਮਕ ਅਤੇ ਨੈਤਿਕ ਸਮੱਗਰੀ ਦਾ ਰੂਪ ਗ੍ਰਹਿਣ ਕਰ ਲੈਂਦੀ ਹੈ ਜੋ ਦੁਨੀਆਂ ਦੀਆਂ ਵਿਭਿੰਨ ਸ੍ਰੇਸ਼ਟ ਸਾਹਿਤਕ ਕਿਰਤਾਂ ਅੰਦਰ ਜੀਵੰਤ ਰੂਪ ਵਿਚ ਸਹਿਜੇ ਪ੍ਰਾਪਤ ਹੁੰਦੀ ਹੈ ਅਤੇ ਜਿਸ ਨੂੰ ਯਥਾਯੋਗ ਕਲਪਨਾਸ਼ੀਲਤਾ ਅਤੇ ਸੰਵੇਦਨਸ਼ੀਲਤਾ ਜੁਟਾ ਕੇ ਕੋਈ ਵੀ ਵਿਅਕਤੀ ਨਿੱਜੀ ਤੌਰ ਤੇ ਆਪਣੀ ਚੇਤਨਾ ਤੇ ਸੰਵੇਦਨਾ ਵਿਚ ਸਹੇਜ ਕਰਦਾ ਹੈ। ਸਭਿਆਚਾਰ ਇਨ੍ਹਾਂ ਆਲੋਚਕਾਂ ਦੇ ਹਿਸਾਬ ਨਾਲ ਆਪਣੇ ਆਪ ਵਿਚ ਅਜਿਹਾ ਤਰਲ ਪਦਾਰਥ ਹੈ ਜਿਸਨੂੰ ਉਨ੍ਹਾਂ ਜੀਵਨ ਪ੍ਰਸਿਥਿਤੀਆਂ ਨੂੰ ਪੂਰੀ ਤਰ੍ਹਾਂ ਵੱਖ ਕਰਕੇ ਜਿਥੇ ਉਸਨੇ ਮੂਲ ਰੂਪ ਵਿਚ ਆਪਣਾ ਆਕਾਰ ਗ੍ਰਹਿਣ ਕੀਤਾ ਸੀ-ਅਰਕ ਦੀ ਤਰ੍ਹਾਂ ਆਪਣੇ ਅੰਦਰ ਸਮੇਟਿਆ ਜਾ ਸਕਦਾ ਹੈ ਅਤੇ ਇਸ ਤੋਂ ਬਾਦ ਸਿਖਿਆ ਸੰਸਥਾਵਾਂ, ਸਾਂਝੀ ਭਾਸ਼ਾ ਅਤੇ ਵਿਅਕਤੀਆਂ ਵਿਚ ਹੋਣ ਵਾਲੀਆਂ ਅੰਤਰ-ਕ੍ਰਿਆਵਾਂ ਰਾਹੀਂ ਫੈਲਾਇਆ ਜਾ ਸਕਦਾ ਹੈ। ਸਭਿਆਚਾਰ ਦੀ ਅਜਿਹੀ ਧਾਰਣਾ ਅਤੇ ਭੂਮਿਕਾ ਦੀਆਂ ਵੀ ਕੁਝ ਸੀਮਾਵਾਂ ਹਨ ਜਿਨ੍ਹਾਂ ਵਲ ਸਾਡਾ ਧਿਆਨ ਜਾਣਾ ਚਾਹੀਦਾ ਹੈ।

ਜਦੋਂ ਸਭਿਆਚਾਰ ਨੂੰ ਉਸ ਦੀਆਂ ਨਿਰਮਾਣ ਪ੍ਰਕਿਰਿਆਵਾਂ ਤੋਂ ਵੱਖ ਕਰਕੇ ਇਕ ਮੁਕੰਮਲ ਸੱਮਗਰੀ ਦੇ ਤੌਰ ਤੇ ਲਿਆ ਜਾਂਦਾ ਹੈ ਤਾਂ ਉਸ ਦੇ ਵਾਸਤਵਿਕ ਸਾਰ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਕੁਝ ਖਾਸ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਜਿਸ ਤਰ੍ਹਾਂ ਦੀਆਂ ਪਹਿਲ ਕਦਮੀਆਂ ਕਰਕੇ ਸਭਿਆਚਾਰ ਦਾ ਨਿਰਮਾਣ ਕੀਤਾ ਗਿਆ ਹੁੰਦਾ ਹੈ ਉਸਨੂੰ ਪੂਰੀ ਤਰ੍ਹਾਂ ਜਾਨਣ ਤੋਂ ਬਗੈਰ ਇਸਨੂੰ ਠੀਕ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਅਤੇ ਇਸਨੂੰ ਇਸਤੇਮਾਲ ਕਰਨ ਵਾਲੇ ਦੀਆਂ ਇੱਛਾਵਾਂ ਅਪੇਖਿਆਵਾਂ ਦੇ ਰੰਗ ਵਿਚ ਰੰਗ ਕੇ ਇਕ ਰੁਮਾਂਟਿਕ ਖਿੱਚ ਅਤੇ ਰਹੱਸਮਈ ਵਾਤਾਵਰਣ ਸਥਾਪਿਤ ਹੋ ਜਾਂਦਾ ਹੈ। ਇਸ ਤੋਂ ਇਲਾਵਾ ਜਦੋਂ ਸਭਿਆਚਾਰ ਪੂਰੀ ਜੀਵਨ ਪੱਧਤੀ ਤੋਂ ਕੱਟ ਕੇ ਨਿੱਜੀ ਪੱਧਰ ਤੇ ਗ੍ਰਹਿਣ ਕਰਨ ਦੀ ਚੀਜ਼ ਬਣ ਜਾਂਦਾ ਹੈ ਤਾਂ ਉਹ ਆਪਣੀ ਸ਼ਕਤੀ ਖੋ ਬੈਠਦਾ ਹੈ ਅਤੇ ਅੰਤ ਨੂੰ ਇਕ ਸਜਾਵਟੀ ਚੀਜ਼ ਬਣ ਕੇ ਰਹਿ ਜਾਂਦਾ ਹੈ। ਜਦੋਂ ਕਦੇ ਕੋਈ ਸਮੂਹ ਆਪਣੇ ਸਭਿਆਚਾਰ ਵਿਚ ਬਦਲਾਅ ਲਿਆਉਣ ਲਈ ਆਪਣੀਆਂ ਸਮੱਸਿਆਵਾਂ ਨੂੰ ਸੰਘਰਸ਼ਾਂ ਰਾਹੀਂ ਸੁਲਝਾਉਣ ਦਾ ਰਸਤਾ ਅਪਣਾਉਣ ਦੀ ਥਾਂ ਸਭਿਆਚਾਰ ਨੂੰ ਪ੍ਰਾਪਤ ਸਮੱਗਰੀ ਮੰਨਦਿਆਂ ਹੋਇਆਂ ਉਸਨੂੰ ਵਿਅਕਤੀਆਂ ਰਾਹੀਂ ਉਸਨੂੰ ਮਾਨਸਿਕਤਾ ਵਿਚ ਸਮੇਟ ਲਏ ਜਾਣ ਦੇ ਬਦਲ ਉਪਰ ਨਿਰਭਰ ਕਰਨ ਲੱਗਦਾ ਹੈ ਤਾਂ ਇਸ ਨਾਲ ਸਭਿਆਚਾਰ ਵਿਚ ਕੋਈ ਗੁਣਾਤਮਕ ਪਰਿਵਰਤਨ ਨਹੀਂ ਆਉਂਦਾ, ਸਿਰਫ ਸਤਹੀ ਨਿਖਾਰ ਹੀ ਹੋ ਸਕਦਾ ਹੈ। ਇਸ ਰੂਪ ਵਿਚ ਇਸਤੇਮਾਲ ਕੀਤੇ ਜਾਣ ਵਾਲਾ ਸਭਿਆਚਾਰ ਸਾਮੂਹਿਕ ਜੀਵਨ ਪੱਧਤੀ ਤੋਂ ਸਾਡੇ ਅਸੰਤੋਸ਼ ਨੂੰ ਘੱਟ ਕਰਨ ਵਾਲੀ ਰਾਹਤ ਦੀ ਚੀਜ਼ ਟਰੈਂਕੁਲਾਈਜ਼ਰ ਦਾ ਹੀ ਕੰਮ ਕਰਦਾ ਹੈ। ਪੰਜਾਬ ਦੀਆਂ ਲੋਕ ਕਥਾਵਾਂ ਅਤੇ ਲੋਕ ਗੀਤਾਂ ਵਿਚ ਆਰ. ਸੀ. ਟੈਂਪਲ ਦੀ ਰੁਚੀ ਦੇ ਪਿੱਛੇ ਸ਼ਾਇਦ ਸਭਿਆਚਾਰ ਦੇ ਇਸ ਤਰ੍ਹਾਂ ਦੇ ਇਸਤੇਮਾਲ ਦੀ ਪ੍ਰਵਿਰਤੀ ਹੀ ਕੰਮ ਕਰ ਰਹੀ ਸੀ। ਇਥੇ ਪੰਜਾਬ ਦੀ ਲੋਕਧਾਰਾ ਦੇ ਵਾਸਤਵਿਕ ਰੂਪ ਨੂੰ ਸਮਝਣ ਦੀ ਕੋਈ ਗੰਭੀਰ ਕੋਸ਼ਿਸ਼ ਦਿਖਾਈ ਨਹੀਂ ਦਿੰਦੀ। ਇਕ ਓਰੀਐਂਟਲਿਸਟ ਪ੍ਰਸ਼ਾਸਕ ਦੀ ਹੈਸੀਅਤ ਵਿਚ ਟੈਂਪਲ ਆਪਣੀਆਂ ਨਿੱਜੀ ਜ਼ਰੂਰਤਾਂ ਦੇ ਤਹਿਤ ਪੰਜਾਬ ਦੀ ਲੋਕਧਾਰਾ ਵਲ ਖਿੱਚਿਆ ਗਿਆ। ਇਸੇ ਦਬਾਅ ਵਿਚ ਉਸਨੇ ਇਸ ਸਭਿਆਚਾਰ ਨੂੰ ਇਕ ਅਨੋਖੀ ਤੇ ਰਹੱਸਮਈ ਚੀਜ਼ ਦੇ ਤੌਰ ਤੇ ਗ੍ਰਹਿਣ ਕੀਤਾ ਅਤੇ ਬ੍ਰਿਟਿਸ਼ ਸਾਮਰਾਜਵਾਦ ਦੇ ਪ੍ਰਭਾਵ ਵਿਚ ਜਿਸ ਤਰ੍ਹਾਂ ਦੀ ਸਾਮੂਹਿਕ ਜੀਵਨ ਪੱਧਤੀ ਇੰਗਲੈਂਡ ਵਿਚ ਪ੍ਰਮੁੱਖਤਾ ਗ੍ਰਹਿਣ ਕਰ ਰਹੀ ਸੀ, ਉਸ ਦੀਆਂ ਕਮਜ਼ੋਰੀਆਂ ਨੂੰ ਢੱਕਣ ਲਈ ਜਾਂ ਉਨ੍ਹਾਂ ਨੂੰ ਆਪਣੇ ਲਈ ਸਹਿਯੋਗੀ ਬਣਾਉਣ ਲਈ ਟੈਂਪਲ ਨੇ ਪੰਜਾਬ ਦੀ ਲੋਕ ਧਾਰਾ ਤੋਂ ਇੱਕਠੀ ਕੀਤੀ ਸਮੱਗਰੀ ਦਾ ਉਪਯੋਗ ਕੀਤਾ। ਕਈ ਵਾਰ ਅਸੀਂ ਆਪਣੀ ਸਾਮੂਹਿਕ ਜੀਵਨ ਪੱਧਤੀ ਤੋਂ ਅਸ਼ੰਤੁਸ਼ਟ ਹੋ ਕੇ ਆਪਣੀ ਸਭਿਆਚਾਰਕ ਪਰੰਪਰਾ ਵਿਚ ਮੌਜੂਦ ਜਿਨ੍ਹਾਂ ਪੁਰਾਣੇ ਵਿਚਾਰਾਂ ਆਦਰਸ਼ਾਂ ਅਤੇ ਮੁੱਲਾਂ ਨੂੰ ਉਨ੍ਹਾਂ ਦੇ ਮੂਲ ਇਤਿਹਾਸਕ ਸੰਦਰਭਾਂ

ਤੋਂ ਕੱਟ ਕੇ ਅਤੇ ਆਪਣੀਆਂ ਭਾਵਨਾਤਮਕ ਜ਼ਰੂਰਤਾਂ ਦੇ ਰੰਗ ਵਿਚ ਰੰਗ ਕੇ ਆਪਣੀ ਚੇਤਨਾ ਅਤੇ ਸੰਵੇਦਨਾ ਵਿਚ ਆਦਰਸ਼ੀਕ੍ਰਿਤ ਰੂਪ ਨੂੰ ਸਮੇਟਣ ਦੀ ਕੋਸ਼ਿਸ਼ ਕਰਦੇ ਹਾਂ। ਉਦਰੇਵੇਂ ਦੀ ਭਾਵਨਾ ਤੋਂ ਨਿਯੰਤ੍ਰਿਤ ਆਪਣੀ ਸਭਿਆਚਾਰਕ ਵਿਰਾਸਤ ਦਾ ਇਸ ਤਰ੍ਹਾਂ ਦਾ ਇਸਤੇਮਾਲ ਵੀ ਲਗਭਗ ਉਨ੍ਹਾਂ ਸੀਮਾਵਾਂ ਵਿਚ ਗ੍ਰਸਿਤ ਹੁੰਦਾ ਹੈ ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਗਿਆ ਹੈ।

ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਪਿਛਲੇ ਕੁਝ ਸਾਲਾਂ ਦੇ ਘਟਨਾ-ਵਿਕਾਸਾਂ ਦੇ ਨਤੀਜੇ ਵਜੋਂ ਉਪਭੋਗਤਾਵਾਦ ਦੀ ਜਿਹੜੀ ਪ੍ਰਵਿਰਤੀ ਜ਼ੋਰ ਫੜ ਰਹੀ ਹੈ ਉਸਦਾ ਮੁਕਾਬਲਾ ਵਾਸਤਵਿਕ ਸਮਾਜਿਕ ਜੀਵਨ ਦੇ ਮੂਲ ਤੱਤਾਂ ਦੇ ਧਰਾਤਲ ਤੇ ਟਕਰਾਉਂਦਿਆਂ ਹੋਇਆਂ ਨਾ ਕਰਕੇ ਜੇ ਅਸੀਂ ਉਸਦੇ ਖ਼ਿਲਾਫ਼ 'ਗੁਰਬਾਣੀ' ਦੇ ਅਧਿਆਤਮਿਕ ਸੰਦੇਸ਼ ਨੂੰ ਕਰਮਕਾਂਡੀ ਰੂਪ ਵਿਚ ਪ੍ਰਾਪਤ ਸੱਮਗਰੀ ਦੇ ਤੌਰ ਤੇ ਇਸਤੇਮਾਲ ਕਰਨ ਦੀ ਸੋਚਦੇ ਹਾਂ ਤਾਂ ਕਿਸਾਨੀ ਜੀਵਨ ਵਿਚ ਪਾਏ ਜਾਣ ਵਾਲੇ ਪਰਸਪਰ ਨਿਰਭਰਤਾ, ਸਾਦਗੀ ਤੇ ਬਹਾਦਰੀ ਜਿਹੇ ਮੁੱਲਾਂ ਨੂੰ ਸਿਰਫ ਸੰਸਕਾਰਾਂ ਦੇ ਰੂਪ ਵਿਚ ਆਪਣੀ ਚੇਤਨਾ ਵਿਚ ਜਗਾਹ ਦੇ ਕੇ ਸੰਤੋਸ਼ ਕਰ ਲੈਂਦੇ ਹਾਂ ਤਾਂ ਇਸ ਨਾਲ ਸਾਡੇ ਸਭਿਆਚਾਰਕ ਜੀਵਨ ਵਿਚ ਕੋਈ ਗੁਣਾਤਮਿਕ ਪਰਿਵਰਤਨ ਨਹੀਂ ਆ ਸਕੇਗਾ।

ਆਪਣੀ ਸਭਿਆਚਾਰਕ ਵਿਰਾਸਤ ਨਾਲ ਜੀਵੰਤ ਰੂਪ ਵਿਚ ਜੁੜਨ ਅਤੇ ਪ੍ਰੇਰਣਾ ਹਾਸਿਲ ਕਰਨ ਦਾ ਬਿਹਤਰ ਤਰੀਕਾ ਇਹ ਹੈ ਕਿ ਅਸੀਂ ਆਪਣੀਆਂ ਸਮਕਾਲੀਨ ਪ੍ਰਸਥਿਤੀਆਂ ਦੇ ਅੰਦਰ ਪੈਦਾ ਹਣ ਵਾਲੀਆਂ ਕੇਂਦਰੀ ਸਮੱਸਿਆਵਾਂ ਤੇ ਚੁਨੌਤੀਆਂ ਦਾ ਵਾਸਤਵਿਕ ਹੱਲ ਲੱਭ ਲੈਣ ਦੇ ਤੌਰ ਤਰੀਕ ਵਿਕਸਿਤ ਕਰਨ ਵਿਚ ਇਸ ਵਿਰਾਸਤ ਤੋਂ ਸਿਖਿਆ ਲਈਏ ਅਤੇ ਇਸ ਵਿਚੋਂ ਸੰਘਰਸ਼ ਲਈ ਤਾਕਤ ਹਾਸਲ ਕਰੀਏ। ਰਾਸ਼ਟਰੀ ਆਜ਼ਾਦੀ ਦੇ ਅੰਦੋਲਨ ਦੌਰਾਨ ਅਸੀਂ ਆਪਣੀ ਲੋਕਧਾਰਾ ਅਤੇ ਸਭਿਆਚਾਰਕ ਵਿਰਾਸਤ ਤੋਂ ਆਪਣੇ ਵਾਸਤਵਿਕ ਜੀਵਨ ਦੀ ਕੇਂਦਰੀ ਸਮੱਸਿਆ ਦਾ ਹੱਲ ਕੱਢਣ ਲਈ ਯਤਨ ਕੀਤਾ ਅਤੇ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਦੇ ਨਿਸ਼ਾਨੇ ਨੂੰ ਆਪਣੀ ਸਾਮੂਹਿਕ ਸਭਿਆਚਾਰਕ ਪਛਾਣ ਨੂੰ ਨਵਾਂ ਅਰਥ ਪ੍ਰਦਾਨ ਕਰਨ ਦਾ ਜ਼ਰੂਰੀ ਆਧਾਰ ਬਣਾਇਆ। ਆਪਣੀ ਵਿਰਾਸਤ ਨਾਲ ਜੀਵੰਤ ਸੰਪਰਕ ਸਥਾਪਿਤ ਕਰਨ ਦਾ ਅਰਥ ਸੀ ਜਨਤਾ ਵਿਚ ਨੇੜਤਾ ਦੀ ਭਾਵਨਾ ਨੂੰ ਦ੍ਰਿੜ ਕਰਨਾ ਅਤੇ ਉਸਦੇ ਇਨਸਾਨੀ ਵੱਕਾਰ ਨੂੰ ਵਧੇਰੇ ਤਿੱਖੇ ਰੂਪ ਵਿਚ ਵਿਵਸਥਿਤ ਕਰਨਾ। ਇਸ ਪੂਰੀ ਪ੍ਰਕ੍ਰਿਆ ਵਿਚ ਸਭਿਆਚਾਰ ਇਕ ਬਣੀ ਬਣਾਈ ਸਮੱਗਰੀ ਨਾ ਰਹੀ। ਵਾਸਤਵ ਵਿਚ ਹੁਣ ਸਭਿਆਚਾਰ ਨੇ ਜਨਤਾ ਰਾਹੀਂ ਆਪਣੀ ਸਾਮੂਹਿਕ ਕਿਸਮਤ ਨੂੰ ਪਹਿਚਾਨਣ ਅਤੇ ਸਮਝਣ ਦੀ ਜੀਵੰਤ ਪ੍ਰਕਿਰਿਆ ਦਾ ਰੂਪ ਗ੍ਰਹਿਣ ਕਰ ਲਿਆ। ਦਵਿੰਦਰ ਸਤਿਆਰਥੀ ਵਲੋਂ ਪੰਜਾਬ ਦੇ ਲੋਕ ਸਾਹਿਤ, ਲੋਕ-ਆਖਿਆਨਾਂ ਅਤੇ ਲੋਕਗੀਤਾਂ ਦੀ ਚੋਣ ਕਰਕੇ ਉਨ੍ਹਾਂ ਦਾ ਸੰਗ੍ਰਹਿ ਅਤੇ ਸੰਪਾਦਨ ਕਰਨ ਪਿੱਛੇ ਕਿਉਂਕਿ ਆਪਣੀ ਸਭਿਆਚਾਰਕ ਵਿਰਾਸਤ ਦੇ ਨਾਲ ਇਸੇ ਤਰ੍ਹਾਂ ਦਾ ਸੰਪਰਕ ਕਰਨ ਦਾ ਉਦੇਸ਼ ਸੀ ਇਸ ਲਈ ਉਸਦੀ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਐਨ ਦੀ ਪੱਧਤੀ ਸਾਡੇ ਲਈ ਵਿਸ਼ੇਸ਼ ਰੂਪ ਵਿਚ ਪ੍ਰਾਸੰਗਿਕ ਅਤੇ ਅਰਥਵਾਨ ਬਣ ਕੇ ਸਾਹਮਣੇ ਆਉਂਦੀ ਹੈ।

ਇਸ ਤਰ੍ਹਾਂ ਦੀ ਆਲੋਚਨਾ ਪ੍ਰਣਾਲੀ ਵਿਚ ਕਈ ਵਾਰ ਇਕ ਖਾਸ ਕਮਜ਼ੋਰੀ ਬਣੀ ਰਹਿੰਦੀ ਹੈ ਜਿਸ ਵਲ ਸਾਡਾ ਧਿਆਨ ਜਾਣਾ ਚਾਹੀਦਾ ਹੈ। ਸਾਡੇ ਸਮਾਜਿਕ ਜੀਵਨ ਵਿਚ ਵਿਭਿੰਨ ਸਮੂਹਾਂ ਵਿਚਕਾਰ ਵਿਦਮਾਨ ਸੱਤਾ ਸੰਬੰਧਾਂ ਕਾਰਣ ਜੋ ਅਸਮਾਨਤਾਵਾਂ ਅਤੇ ਅੰਤਰ-ਵਿਰੋਧ ਪੈਦਾ ਹੋ ਜਾਂਦੇ ਹਨ ਉਨ੍ਹਾਂ ਦਾ ਸਾਡੇ ਸਾਮੂਹਿਕ ਸਭਿਆਚਾਰਕ ਪਛਾਣ ਦੇ ਨਿਰਮਾਣ ਉਪਰ ਕਿਸ ਤਰ੍ਹਾਂ ਦਾ ਅਸਰ ਪੈਂਦਾ ਹੈ ਇਸ ਗੱਲ ਦੀ ਇਸ ਅਧਿਅਨ ਪ੍ਰਣਾਲੀ ਵਿਚ ਅਣਦੇਖੀ ਹੋ ਜਾਂਦੀ ਹੈ। ਇਹ ਸਹੀ ਹੈ ਕਿ ਪੂਰੇ ਸਮਾਜ ਵਿਚ ਕੁਝ ਸਾਂਝੇ ਸਰੋਕਾਰ ਵੀ ਹੁੰਦੇ ਹਨ ਅਤੇ ਉਨ੍ਹਾਂ ਲਈ ਕੁਝ ਸਾਂਝੇ ਯਤਨ ਵੀ ਕੀਤੇ ਜਾਂਦੇ ਹਨ। ਸਭਿਆਚਾਰ ਦੇ ਨਿਰਮਾਣ ਵਿਚ ਇਨ੍ਹਾਂ ਸਾਂਝੇ ਉਦੇਸ਼ਾਂ, ਸਾਂਝੀਆਂ ਇੱਛਾਵਾਂ ਅਤੇ ਸਾਂਝੇ ਤੌਰ ਤੇ ਕੀਤ ਜਾਣ ਵਾਲੇ ਯਤਨਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਪਰੰਤੂ ਇਹ ਵੀ ਸਹੀ ਹੈ ਕਿ ਸਮਾਜ ਵਿਚ



ਗਲਬਾ ਪਾ ਚੁੱਕੇ ਸਮੂਹ ਆਪਣੀ ਵਿਸ਼ੇਸ਼ ਸਥਿਤੀ ਕਾਰਣ ਆਮ ਤੌਰ ਤੇ ਇਹ ਸੁਨਿਸਚਿਤ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਕਿ ਸਮਾਜ ਦੇ ਦੂਸਰੇ ਸਾਰੇ ਤਬਕੇ ਆਪਣੀਆਂ ਆਸ਼ਾਵਾਂ-ਇੱਛਾਵਾਂ ਉਨ੍ਹਾਂ ਦੇ ਉਦੇਸ਼ਾਂ ਦੇ ਅਨੁਕੂਲ ਢਾਲ਼ ਲੈਣ। ਇਹ ਦਬਾਅ ਸਿੱਧੇ ਸਿੱਧੇ, ਜ਼ੋਰ-ਜ਼ਬਰਦਸਤੀ ਨਹੀਂ ਪਾਇਆ ਜਾਂਦਾ ਸਗੋਂ ਉਨ੍ਹਾਂ ਦੀ ਚੇਤਨਾ ਅਤੇ ਸੰਵੇਦਨਾ ਨੂੰ ਸੂਖਮ ਰੂਪਾਂ ਵਿਚ ਪ੍ਰਭਾਵਿਤ ਕਰਕੇ ਉਨ੍ਹਾਂ ਦੀ ਸਹਿਜ-ਸਹਿਮਤੀ ਹਾਸਿਲ ਕੀਤੀ ਜਾਂਦੀ ਹੈ। ਜਿਹੜੀ ਸਹਿਜ-ਸਹਿਮਤੀ ਅਤੇ ਸਾਂਝੀਆਂ ਪ੍ਰਤਿਕਿਰਿਆਵਾਂ ਇਉਂ ਉਭਰ ਕੇ ਸਾਹਮਣੇ ਆਉਂਦੀਆਂ ਹਨ ਉਨ੍ਹਾਂ ਵਿਚ ਅੰਦਰੇ ਹੀ ਅੰਦਰ ਕੁਝ ਖੋਟ, ਕੁਝ ਉਲਝਣਾਂ ਅਤੇ ਕੁਝ ਅਸੰਗਤੀਆਂ ਜ਼ਰੂਰੀ ਤੌਰ ਤੇ ਦਾਖਿਲ ਹੋ ਜਾਂਦੀਆਂ ਹਨ। ਕੋਈ ਵੀ ਸਭਿਆਚਾਰਕ ਸਿਰਜਣਾ ਸਰਸਤਾਪੂਰਣ (Harmonious) ਅਤੇ ਸੰਗੀਤਪੂਰਣ ਨਹੀਂ ਹੁੰਦੀ ਜਿੰਨੀ ਉਪਰੋਂ ਦਿਖਾਈ ਦਿੰਦੀ ਹੈ। ਦੱਬੇ ਹੋਏ ਤੇ ਵਾਂਝੇ ਕਰ ਦਿੱਤੇ ਗਏ ਸਮੂਹ ਆਪਣੀਆਂ ਆਸ਼ਾਵਾਂ-ਇੱਛਾਵਾਂ ਨੂੰ ਗਲਬਾ ਪਾ ਚੁੱਕੇ ਵਰਗਾਂ ਆਸ਼ਾਵਾਂ-ਨਿਰਦੇਸ਼ਾਂ ਦੇ ਸੱਚੇ ਵਿਚ ਢਾਲ਼ਦੇ ਹਨ ਤਾਂ ਵੀ ਅਜਿਹਾ ਪੂਰੀ ਤਰ੍ਹਾਂ ਨਹੀਂ ਹੋ ਸਕਦਾ। ਇਸੇ ਲਈ ਸਭਿਆਚਾਰ ਦੇ ਨਿਰਮਾਣ ਅਤੇ ਬਦਲਾਅ ਦੀਆਂ ਪ੍ਰਕਿਰਿਆਵਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਦੇ ਦੋ ਵਿਭਿੰਨ ਪਹਿਲੂ ਹੁੰਦੇ ਹਨ। ਉਪਰੋਂ ਦੇਖਣ ਤੋਂ ਸੱਤਾ ਪ੍ਰਾਪਤ ਵਰਗ ਦੁਆਰਾ ਲਾਈਆਂ ਸ਼ਰਤਾਂ ਅਨੁਸਾਰ ਸਾਮੂਹਿਕਤਾ ਵਿਚ ਹੱਸ ਖੇਡ ਕੇ ਹਿੱਸੇਦਾਰੀ ਕਰਦੇ ਨਜ਼ਰ ਆਉਂਦੇ ਹਨ ਪਰੰਤੂ ਉਸਦੇ ਨਾਲ ਹੀ ਉਹ ਆਪਣੇ ਵਿਰੋਧੀ ਬਚਾਉ ਦੀ ਕਾਰਵਾਈ ਕਰਦੇ ਹੋਏ ਸਭਿਆਚਾਰ ਦੇ ਮਿਲ਼ ਜੁਲ਼ ਕੇ ਬਣਾਏ ਸੱਚਿਆਂ ਵਿਚ ਅਪ੍ਰਤੱਖ ਰੂਪ ਵਿਚ ਕੁਝ ਨਵੇਂ ਅਰਥ ਵੀ ਜੋੜ ਦਿੰਦੇ ਹਨ। ਜਾਂ ਘੱਟ ਤੋਂ ਘੱਟ ਉਨ੍ਹਾਂ ਢਾਂਚਿਆਂ ਅੰਦਰ ਕੰਮ ਕਰਦਿਆਂ ਹੋਇਆਂ ਅੰਦਰੋਗਤੀ ਸੱਤਾਧਾਰੀ ਦੀ ਸਥਿਤੀ ਦੇ ਸਹੀ ਹੋਣ ਤੇ ਸਵਾਲੀਆ ਨਿਸ਼ਾਨ ਲਾ ਦਿੰਦੇ ਹਨ। ਇਸੇ ਲਈ ਸਾਨੂੰ ਕਿਸੇ ਵੀ ਸਭਿਆਚਾਰਕ ਸਿਰਜਣਾ ਦੇ ਅੰਦਰ ਸੂਖਮ ਰੂਪ ਵਿਚ ਮੌਜੂਦ ਅੰਤਰ-ਵਿਰੋਧਾਂ ਅਤੇ ਅਸਹਿਮਤੀਆਂ ਨੂੰ ਵੀ ਅਣਦੇਖਿਆਂ ਨਹੀਂ ਕਰਨਾ ਚਾਹੀਦਾ। ਲੋਕ ਸਾਹਿਤ ਵਿਚ ਆਮ ਤੌਰ ਤੇ ਹੇਠਲੇ ਤਬਕਿਆਂ ਦੀ ਸਿਰਜਣਾਤਮਿਕ ਸ਼ਕਤੀ ਦੇ ਪ੍ਰਗਟਾਅ ਵਿਚ ਸਹਿਮਤੀ ਅਤੇ ਨਕਾਰ, ਸਮਰਪਣ ਅਤੇ ਵਿਰੋਧ ਦੋਨੋਂ ਪੱਖ ਹੀ ਮੌਜੂਦ ਰਹਿੰਦੇ ਹਨ। ਔਰਤਾਂ ਦੇ ਗੀਤਾਂ ਵਿਚ ਅਸੀਂ ਇਹ ਗੱਲ ਖਾਸ ਤੌਰ ਤੇ ਵੇਖ ਸਕਦੇ ਹਾਂ, ਜਿੱਥੇ ਇਕ ਪਾਸੇ ਉਹ ਪਿਤਾ ਪ੍ਰਧਾਨ ਸਮਾਜ ਦੇ ਨਿਯਮਾਂ-ਰੋਕਾਂ ਨੂੰ ਪੂਰੀ ਤਰ੍ਹਾਂ ਆਤਮਸਾਤ ਕਰਦਿਆਂ ਹੋਇਆਂ ਆਪਣੇ ਵਜੂਦ ਅਤੇ ਆਪਣੀਆਂ ਭੂਮਿਕਾਵਾਂ ਦੀ ਵਰਣਨ-ਵਿਆਖਿਆ ਕਰਦੀਆਂ ਨਜ਼ਰ ਆਉਂਦੀਆਂ ਹਨ ਤਾਂ ਉਥੇ ਹੀ ਉਹ ਮਰਦ ਦੇ ਗਲਬੇ ਨੂੰ ਤੋੜਦੀਆਂ ਨਜ਼ਰ ਆਉਂਦੀਆਂ ਹਨ। ਉਹ ਵਿਅੰਗ ਰਾਹੀਂ ਆਪਣੇ ਸਮਰਪਣ ਦਾ ਪੋਲ ਖੋਲ੍ਹਦੀਆਂ ਹਨ ਤੇ ਇਉਂ ਆਜ਼ਾਦ ਮਨੁੱਖੀ ਅਣਖ ਹਾਸਲ ਕਰਨ ਦੀਆਂ ਆਪਣੀਆਂ ਇੱਛਾਵਾਂ ਨੂੰ ਵੀ ਪ੍ਰਗਟ ਕਰਦੀਆਂ ਹਨ। ਲੋਕ ਸਾਹਿਤ ਵਿਚ ਸਥਾਪਿਤ ਮੁੱਲਾਂ ਨੂੰ ਸੁਭਾਵਕ ਮੰਨ ਕੇ ਸਵੀਕਾਰ ਵੀ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਉਚਿਤਤਾ ਨੂੰ ਸੂਖਮ ਰੂਪ ਵਿਚ ਚੁਨੌਤੀ ਵੀ ਦਿੱਤੀ ਜਾਂਦੀ ਹੈ। ਇਸ ਲਈ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਐਨ ਵਿਚ, ਉਸਦੀ ਬਣਾਵਟ ਵਿਚ ਮੌਜੂਦ ਅੰਦਰੂਨੀ ਟਕਰਾਹਟਾਂ, ਉਲਝਣਾਂ ਅਤੇ ਅਸਹਿਮਤੀਆਂ ਨੂੰ ਬੜੀ ਸਤਰਕਤਾ ਨਾਲ਼ ਪਹਿਚਾਨਣਾ ਹੁੰਦਾ ਹੈ। ਸਭਿਆਚਾਰਕ ਵਿਰਾਸਤ ਨਾਲ ਜੀਵੰਤ ਸੰਪਰਕ ਸਥਾਪਿਤ ਕਰਨ ਦੇ ਜਤਨਾਂ ਦੇ ਨਤੀਜੇ ਵਜੋਂ ਉਸਦਾ ਜੋ ਨਵਾਂ ਰੂਪ ਸਾਹਮਣੇ ਆਉਂਦਾ ਹੈ ਉਸਦੀ ਛਾਣ ਬੀਣ ਵਿਚ ਵੀ ਅਜਿਹੀ ਸਤਰਕਤਾ ਵਰਤਣੀ ਹੁੰਦੀ ਹੈ। ਆਪਣਾ ਭਵਿੱਖ ਸਿਰਜਣ ਦੇ ਯਤਨਾਂ ਵਿਚ ਸਭਿਆਚਾਰਕ ਵਿਰਾਸਤ ਤੋਂ ਪ੍ਰੇਰਣਾ ਲੈਂਦੇ ਹੋਏ ਪਹਿਲਾਂ ਦੀਆਂ ਸਭਿਆਚਾਰਕ ਪ੍ਰਾਪਤੀਆਂ ਨੂੰ ਜੋ ਨਵੇਂ ਰੂਪ ਦਿੱਤੇ ਜਾਂਦੇ ਹਨ ਉਨ੍ਹਾਂ ਵਿਚ ਸਰਵ-ਵਰਗੀ ਸਮਾਨਤਾ ਨਹੀਂ ਹੁੰਦੀ ਜਿਵੇਂ ਓਪਰੀ ਨਜ਼ਰੇ ਵਿਖਾਈ ਦਿੰਦੀ ਹੈ। ਪੰਜਾਬ ਦੀ ਲੋਕਧਾਰਾ ਵਿਚ ਮੌਜੂਦ ਨਾਚਾਂ, ਗੀਤਾਂ ਅਤੇ ਦੂਸਰੇ ਕਲਾ ਰੂਪਾਂ ਦਾ ਅੱਜ ਦਾ ਸਿਖਿਅਤ ਮੱਧਵਰਗ ਜਿਵੇਂ ਪੁਨਰ-ਸਿਰਜਿਤ ਕਰ ਰਿਹਾ ਹੈ ਉਨ੍ਹਾਂ ਵਿਚ ਕਿਸਾਨੀ ਜੀਵਨ ਤੋਂ ਆਈ ਸ਼ਕਤੀ ਹੌਲ਼ੀ-ਹੌਲ਼ੀ ਗੁਣਾਤਮਕ ਰੂਪ ਵਿਚ ਬਦਲ

ਜਾਂਦੀ ਹੈ ਅਤੇ ਉਸਦਾ ਪਹਿਲਾਂ ਵਾਲ਼ਾ ਖਰਾਪਣ ਅਤੇ ਖੁਰਦਰਾਪਣ ਮੂਲ਼ ਰੂਪ ਵਿਚ ਨਹੀਂ ਬਣਿਆ ਰਹਿੰਦਾ ਬਲਕਿ ਉਸ ਵਿਚ ਬੁਰਜੂਆ ਨਿਖਾਰ ਆ ਜਾਂਦਾ ਹੈ ਅਤੇ ਉਸਦੀਆਂ ਅੰਦਰੂਨੀ ਬੇਚੈਨੀਆਂ ਨੂੰ ਢੱਕਣ ਵਾਲੀਆਂ ਸ਼ਾਲੀਨਤਾਵਾਂ ਵੀ ਦਾਖਲ ਹੋ ਜਾਂਦੀਆਂ ਹਨ। ਇਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਪੰਜਾਬ ਦੀ ਸਭਿਆਚਾਰਕ ਪਹਿਚਾਣ ਵਿਚ ਸੱਤਾ ਬੁਰਜੂਆਂ ਵਰਗ ਦੀ ਹੈ ਅਤੇ ਕਿਸਾਨਾਂ ਨੂੰ ਇਸ ਵਰਗ ਵਲੋਂ ਸਿਰਜੇ ਢਾਂਚਿਆਂ ਵਿਚ ਢਲਦਾ ਪੈਂਦਾ ਹੈ।

ਪੰਜਾਬ ਦੀ ਲੋਕਧਾਰਾ ਅਤੇ ਸਭਿਆਚਾਰ ਦੇ ਗਿਆਨ ਸ਼ਾਸਤਰੀ ਅਧਿਐਨ ਵਿਚ ਅੱਜਕਲ੍ਹ ਬਹੁਤ ਸਾਰੇ ਵਿਦਵਾਨ ਅਜਿਹੀਆਂ ਪ੍ਰਣਾਲੀਆਂ ਦਾ ਵਿਕਾਸ ਕਰ ਰਹੇ ਹਨ ਜਿਨ੍ਹਾਂ ਵਿਚ ਸਭਿਆਚਾਰ ਦੇ ਸਿਰਜਣ ਦੀਆਂ ਪ੍ਰਕਿਰਿਆਵਾਂ ਅਤੇ ਸਭਿਆਚਾਰਕ ਵਿਰਾਸਤ ਦੇ ਨਾਲ਼ ਜੀਵੰਤ ਸੰਪਰਕ ਸਥਾਪਿਤ ਕਰਨ ਦੀਆਂ ਵਿਧੀਆਂ ਸੰਬੰਧੀ ਉਨ੍ਹਾਂ ਦਾ ਨਜ਼ਰੀਆ ਸਹੀ ਹੈ ਅਤੇ ਉਨ੍ਹਾਂ ਦੀ ਸਮਝ ਪਕੇਰੀ ਹੋ ਗਈ ਲਗਦੀ ਹੈ।

*(ਅਨੁਵਾਦ : ਡਾ. ਕਰਮਜੀਤ ਸਿੰਘ)*

---

# ਪੁਸਤਕ-ਪ੍ਰਾਪਤੀ

1. ਛੇਲੇਂਡਾ (ਕਹਾਣੀ-ਸੰਗ੍ਰਿਹ) ਰਸ਼ਵਿੰਦਰ ਰਸ਼ਿਮ- ਪੰਨੇ 96, ਮੁੱਲ 100/- ਚੇਤਨਾ ਪ੍ਰਕਾਸ਼ਨ। ਪੰਜਾਬੀ ਭਵਨ, ਲੁਧਿਆਣਾ।
2. ਅਖੀਰਲਾ ਹੰਝੂ (ਕਹਾਣੀਆਂ) ਤੌਕੀਰ ਚੁਗ਼ਤਾਈ- ਪੰਨੇ 104, ਮੁੱਲ 100/- ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ।
3. ਖੰਭੇ (ਕਹਾਣੀਆਂ) ਬਲਬੀਰ ਕੌਰ ਸੰਘੇੜਾ- ਪੰਨੇ 108, ਮੁੱਲ 180/- ਮਨਪ੍ਰੀਤ ਪ੍ਰਕਾਸ਼ਨ ਦਿੱਲੀ।
4. ਜੋਤ ਬਿੰਦ (ਕਵਿਤਾ) ਅਜੈ ਕੁਮਾਰ ਸ਼ਰਮਾ - ਪੰਨੇ 96, ਮੁੱਲ 100/- ਪ੍ਰਤੀਕ ਪ੍ਰਕਾਸ਼ਨ ਲੁਧਿਆਣਾ।
5. ਮ੍ਰਿਗ ਤ੍ਰਿਸ਼ਨਾ (ਕਵਿਤਾ) ਪੰਮਦੀਪ- ਪੰਨੇ 104, ਮੁੱਲ 60/- ਕ੍ਰਿਸ਼ਨ ਪ੍ਰਕਾਸ਼ਨ ਲੁਧਿਆਣਾ।
6. ਵਿਚਲੀ ਔਰਤ (ਕਹਾਣੀਆਂ) ਤਲਵਿੰਦਰ ਸਿੰਘ- ਪੰਨੇ 104, ਮੁੱਲ 60/- ਲੋਕਧਾਰਾ ਪ੍ਰਕਾਸ਼ਨ, ਲੁਧਿਆਣਾ।
7. ਨਾਵਲ ਕਿਵੇਂ ਲਿਖੀਏ (ਆਲੋਚਨਾ) ਸੰਪਾਦਕ ਰਾਮ ਸਰੂਪ ਅਣਖੀ/ਡਾ ਐਸ. ਤਰਸੇਮ- ਪੰਨੇ 184, ਮੁੱਲ 100/- ਕੇਂਦਰੀ ਪੰਜਾਬੀ ਲੇਖਕ ਸਭਾ/ਪੰਜਾਬੀ ਸਾਹਿਤ ਸਭਾ ਬਰਨਾਲਾ।
8. ਕੁੰਭੇ ਬੱਧਾ ਜਲ (ਗ਼ਜ਼ਲਾਂ) ਸੁਰਜੀਤ ਸਿੰਘ ਜੀਤ - ਪੰਨੇ 64, ਮੁੱਲ 30/- ਹਰਜੋਤ ਪ੍ਰਕਾਸ਼ਨ ਮੋਰਿੰਡਾ (ਰੋਪੜ)।
9. ਕੱਚ ਦਾ ਗੁੰਬਦ (ਕਵਿਤਾਵਾਂ) ਅਮਰੀਕ ਡੋਗਰਾ- ਪੰਨੇ 96, ਮੁੱਲ 50/- ਕਮਲ ਪ੍ਰਕਾਸ਼ਨ, ਹੁਸ਼ਿਆਰਪੁਰ।
10. ਕਉਨੁ ਮੂਆ ਰੇ ਕਉਨੁ ਮੂਆ (ਲੰਮੀ ਕਵਿਤਾ) ਗੁਰਨਾਇਬ ਸਿੰਘ- ਪੰਨੇ 104, ਮੁੱਲ 100/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
11. ਮਿੱਟੀ ਰੰਗੇ ਸੁਪਨੇ (ਕਵਿਤਾਵਾਂ) ਗੁਰਦਿਆਲ ਪੱਲ੍ਹਾ ਮੁੱਲ 40/- ਪੰਨੇ 96 ਕੁਕਨੁਸ ਪ੍ਰਕਾਸ਼ਨ ਜਲੰਧਰ।
12. ਨਮਿਤ (ਕਵਿਤਾਵਾਂ) ਮਨਮੋਹਨ ਪੰਨੇ 88 ਮੁੱਲ 45/- ਕੁਕਨੁਸ ਪ੍ਰਕਾਸ਼ਨ ਜਲੰਧਰ।
13. ਰਜਨੀਸ਼ ਬੇਨਕਾਬ (ਲੇਖ) ਡਾ. ਕਰਮਜੀਤ ਸਿੰਘ ਪੰਨੇ 80 ਮੁੱਲ 30 ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ।



## ਦੋ ਹਿੰਦੀ ਕਵਿਤਾਵਾਂ / *ਸ਼ਿਆਮ ਕਸ਼ਯਪ*

### 1. ਸੌਗਾਤ

ਮੰਜੁਲਤਾ! ਓ ਮੰਜੁਲਤਾ!

ਊਬੜ ਖਾਬੜ ਰਾਹਾਂ ਉੱਤੇ
ਦੌੜ ਨਹੀਂ ਤੂੰ ਹੌਲੀ ਚੱਲ
ਕਿ ਤੇਰੇ ਅੰਦਰ ਵੀ ਕੋਈ
ਹੌਲੀ ਹੌਲੀ ਰਿਹਾ ਏ ਹਿੱਲ!
ਤੇਜ਼ੀ ਨਾਲ ਨਾ ਪੌੜੀ ਚੜ੍ਹ
ਸੰਭਲ ਸੰਭਲ ਕੇ ਪੈਰ ਟਿਕਾ
ਕਿ ਤੇਰੇ ਪੈਰਾਂ ਦੇ ਅੰਦਰ
ਹੋਰ ਕਿਸੇ ਦਾ ਪੈਰ ਵੀ ਧੀਰੇ ਸਰਕ ਰਿਹਾ।
ਮੰਜੁਲਤਾ! ਓ ਮੰਜੁਲਤਾ!

ਇੰਜ ਬੈਠ ਨਾ ਭਾਂਡੇ ਮਾਂਜ
ਤੇ ਨਾ ਸਿਰ 'ਤੇ ਭਾਰ ਉਠਾ
ਧੂੰਏ ਦੇ ਪੱਜ ਨੈਣਾਂ ਵਿਚੋਂ
ਨਾ ਹੀ ਆਪਣਾ ਨੀਰ ਵਗਾ
ਤੇ ਨਾ ਆਪਣਾ ਜੀਅ ਦੁਖਾ!
ਮੰਜੁਲਤਾ! ਓ ਮੰਜੁਲਤਾ!

ਮੰਜੁਲਤਾ! ਹਿੰਮਤ ਨਾ ਹਾਰ
ਨਾ ਤੂੰ ਬੇਹੇ ਚਾਵਲ ਖਾ
ਸੁੱਕੀ ਰੋਟੀ ਤੋਂ ਵੀ ਅਜੇ ਪਰਹੇਜ਼ ਵਿਖਾ!
ਨਾ ਹੀ ਸਾਰੀ ਰਾਤ ਜਾਗ ਕੇ ਕੱਪੜੇ ਸੀ
ਨਾ ਤੂੰ ਏਦਾਂ ਦੀਦੇ ਗਾਲ,
ਕਿ ਦੋ ਨੈਣ ਹੋਰ ਵੀ ਜਾਗਣ ਤੇਰੇ ਨਾਲ!
ਬੀਤੇ ਹੋਏ ਦੁੱਖਾਂ ਨੂੰ ਭੁੱਲ!
ਤੇ ਛੁੱਟੇ ਹੋਏ ਰਿਸ਼ਤੇ ਦੇ ਨਾ ਪਾਸੇ ਥੁੱਲ!
ਮਨ ਵਿਚ ਅੰਧਿਆਰਾ ਨਾ ਪਾਲ
ਤੇ ਨਾ ਉਸ ਵਿਚ ਝਾਤੀ ਪਾ!
ਮੰਜੁਲਤਾ! ਓ ਮੰਜੁਲਤਾ!

ਨੈਣਾਂ ਅੰਦਰ ਆਸ ਉਗਾ
ਵੇਖ ਪੈਲੀਆਂ ਤੇ ਹਰਿਆਲੀ!
ਜੀਵਨ ਵੇਖ!
ਜੀਵਨ ਦੇ ਅਰਥਾਂ ਨੂੰ ਜਾਣ!
ਜੂਝ ਜ਼ਮਾਨੇ ਨਾਲ ਤੇ ਆਪਣੇ ਅਰਥ ਪਛਾਣ!
ਝੁਕਣਾ ਨਾ ਕਰੀਏ ਪਰਵਾਨ!

ਰਲ ਸਾਰੀਆਂ ਬਣ ਜਮਾਤ
ਆਪਣੇ ਅੰਦਰ ਦੀ ਧੜਕਣ ਨੂੰ ਦਿਉ ਸੁਗ਼ਾਤ!
ਨੰਨ੍ਹੀ ਜਿੰਦ ਲਈ ਉਣੋ ਸਵੈਟਰ

ਸਿਰ ਲਈ ਟੋਪੀ ਛੋਤੀ- ਛੋਤੀ
ਨੰਨ੍ਹੇ ਹੱਥਾਂ ਲਈ ਦਸਤਾਨੇ

ਕਦੀ ਵੀ ਨਾ ਤੂੰ ਢੇਗੀ ਢਾਹ
ਪਿਛਾਂ ਪਰਤ ਕੇ ਵੀ ਨਾ ਵੇਖ
ਅੱਗੇ ਈ ਅੱਗੇ ਕਦਮ ਟਿਕਾ!
ਮੰਜੁਲਤਾ! ਓ ਮੰਜੁਲਤਾ!

ਦੋ ਮਿਹਨਤੀ ਹੱਥ ਤੇ ਇਕ ਸਰਗਰਮ ਦਿਮਾਗ਼
ਕੁਦਰਤ ਦੀ ਸੌਗ਼ਾਤ ਆਪਣੀ ਝੋਲ ਪੁਆ!
ਮੰਜੁਲਤਾ! ਓ ਮੰਜੁਲਤਾ!

## 2. ਬਾਜ਼ਾਰ

'ਏ ਕੁੜੀਏ ਤੂੰ ਕਿੱਥੇ ਚੱਲੀ
ਏ ਨੀ ਘੱਗਰੇ ਵਾਲੀਏ ਕੁੜੀਏ ਕਿੱਥੇ ਚੱਲੀ!
'ਮੈਂ ਚੱਲੀ ਬਾਜ਼ਾਰ! ਅਰੇ ਬਾਜ਼ਾਰ ਨੂੰ ਚੱਲੀ!'

'ਹੇ ਬੱਚੇ!
ਹੇ ਨਟਖਟ ਸ਼ੈਤਾਨ, ਤੂੰ ਕਿੱਧਰ ਦੌੜ ਰਿਹਾ ਏਂ ?'
'ਮੈਂ ਚੱਲਿਆਂ ਬਾਜ਼ਾਰ! ਹਾਏ ਬਾਜ਼ਾਰ ਨੂੰ ਚੱਲਿਆਂ।'

'ਹੇ ਬਾਬਾ! ਕਿਓਂ ਠੋਕਰ ਖਾਓ।
ਜ਼ਰਾ ਸੰਭਲ ਕੇ ਪੈਰ ਟਿਕਾਓ! ਕਿੱਥੇ ਚੱਲੇ ?'
'ਮੈਂ ਬਾਜ਼ਾਰ ਦੇ ਅੰਦਰ-ਚੱਲਿਆਂ
ਉਫ਼ ਕਿ ਮੈਂ ਬਾਜ਼ਾਰ ਨੂੰ ਚੱਲਿਆ।'

ਹੱਦ ਹੋ ਗਈ!
ਸਾਰੇ ਹੀ ਬਾਜ਼ਾਰ ਚੁੱਲੇ ਨੇ!
ਪਹਿਲਾਂ ਇੰਜ ਕਦੀ ਨਾ ਹੋਇਆ!
ਕੈਸੀ ਲੀਲਾ ਅਪਰੰਪਾਰੀ ਕੈਸਾ ਕੌਤਕ ?
ਕਿਵੇਂ ਭਰ ਗਿਆ ਏ ਬਾਜ਼ਾਰ ?
ਏਨੀਆਂ ਸਾਰੀਆਂ ਚੀਜ਼ਾ ਨਾਲ!
ਕਿੱਦਾਂ ਬਦਲ ਗਿਆ ਬਾਜ਼ਾਰ ?
ਆਖਣ ਕਿੰਜ ਲਮਕਣੇ ਲੱਗੇ,
ਸਾਰੇ ਮੰਗਤੇ ਤੇ ਕੰਗਾਲ
ਸਾਰੇ ਲੋਕ ਚਲੇ ਬਾਜ਼ਾਰ

ਲਗਦਾ ਹੈ!
ਬਾਜ਼ਾਰ ਨਹੀਂ ਇਹ ਲੋਕ ਬਦਲ ਗਏ!
ਸਾਰੇ ਲੋਕੀ ਵਸਤਾਂ ਬਣ ਗਏ!
ਅਤੇ ਖਰੀਦਣ ਨੂੰ ਨਹੀਂ
ਸਗੋਂ ਵਿਕਣ ਨੂੰ ਚੱਲੇ
ਸਾਰੇ ਲੋਕੀਂ ਨਾਲੋ ਨਾਲ!
ਸਾਰੇ ਲੋਕ ਚਲੇ ਬਾਜ਼ਾਰ।

*(ਪੰਜਾਬੀ ਰੂਪ, ਹਰਭਜਨ ਸਿੰਘ ਕੋਮਲ)*





## ਬੋਝ / *ਜਸਵੀਰ ਕਲਸੀ*

ਠੇਕੇਦਾਰ ਨੇ ਧਮਕੀ ਦਿੱਤੀ, 'ਅਰੇ ਕਾਮ ਕਰਨਾ ਹੈ ਤੋ ਚੱਜ ਨਾਲ ਕਰੋ, ਨਈ ਛੁੱਟੀ ਕਰੋ ?'

ਇਸ ਸਵਾਲ ਨੇ ਆਰਥਿਕਤਾ ਦੇ ਮਾਰਿਆਂ ਨੂੰ ਵੇਲਣੇ ਵਿਚ ਆਏ ਗੰਨੇ ਵਾਂਗ ਨਪੀੜ ਦਿੱਤਾ। ਗਾਹ ਪਾਈ ਕਣਕ ਵਾਂਗ ਲਿਤਾੜ ਲਿਆ ਤੇ ਢਿੱਡ ਦੀ ਖਾਤਰ ਸੋਚ, ਸੀਤਾ ਰਾਮ ਨੇ ਬਾਲਗ ਸਿੱਖਿਆ ਸਕੂਲ ਜਾਣਾ ਬੰਦ ਕਰ ਦਿੱਤਾ। ਪਰ ਮੋਤੀ ਰਾਮ ਲਗਾਤਾਰ ਜਾ ਰਿਹਾ ਸੀ। ਦੇਵਕੀ, ਸੀਤਾ ਰਾਮ ਨੂੰ ਆਖਦੀ,

'ਅਰੇ ਨੀਲੂ ਕੇ ਬਾਪੂ, ਹਮਾਰਾ ਤੋਂ ਟੱਬਰ ਕਾ ਮਾਮਲਾ ਐ। ਵੋ ਅਕੇਲਾ, ਉਸ ਕੇ ਕਿਆ ਮਗਰ ਬੱਚੇ ਰੋਤੇ ਐ ?'

ਸੀਤਾ ਰਾਮ ਨੇ ਇਹ ਸਮਝ ਸੋਚ-ਵਿਚਾਰ ਮੁੜ ਪੂਰੀ ਭਰਵੀਂ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਹੁਣ ਉਹ ਹਰ ਰੋਜ਼ ਰਾਤ ਨੂੰ ਪੱਥੀਆਂ ਇੱਟਾਂ ਦੀ ਗਿਣਤੀ ਆਪਣੇ ਆਪ ਜ਼ਰੂਰ ਲਿਖਣ ਲੱਗ ਪਿਆ। ਉਸਨੇ ਥੋੜ੍ਹੇ ਦਿਨਾਂ ਵਿਚ ਹੀ ਅੱਖਰਾਂ ਦੀ ਪਛਾਣ ਸਿੱਖ ਲਈ ਸੀ। ਦਫਤਰ ਜਾ ਕੇ ਅਖ਼ਬਾਰ ਦੀ ਸੁਰਖੀ ਨੂੰ ਅੱਖਰ ਜੋੜ-ਜੋੜ ਪੜ੍ਹ ਲੈਂਦਾ। ਰਾਤ ਨੂੰ ਦੇਵਕੀ ਨੂੰ ਦੱਸਦਾ,

'ਅਰੇ, ਆਜ ਕੇ ਖ਼ਬਾਰ ਆਈ ਐ ਕਿ ਆਪਨੇ ਗਾਓਂ ਵਾਲੇ ਪਾਸੇ ਮੇ ਬਾੜ ਆਈ ਐ। ਬਹੁਤ ਘਰ ਢੈਅ ਗਏ ਐ।

ਇਸ ਖ਼ਬਰ ਦੇ ਪੜ੍ਹਣ ਸੁਨਣ ਨਾਲ ਦੋਨਾਂ ਦਾ ਅੰਤਰ-ਮਨ ਆਪਣੇ ਪਿਛਲੇ ਪਿੰਡ ਚਲਿਆ ਗਿਆ ਸੀ। ਉਨ੍ਹਾਂ ਨੇ ਇਹ ਬਾੜ (ਹੜ੍ਹ) ਆਪਣੇ ਅੱਖੀਂ ਕਈ ਵਾਰ ਆਈ ਦੇਖੀ ਸੀ। ਕਿੰਜ ਘਰ ਰੁੜ੍ਹ ਜਾਂਦੇ। ਪਸ਼ੂ ਰੁੜ੍ਹ ਜਾਂਦੇ। ਸਭ ਕੁਝ ਤਬਾਹ ਹੋ ਜਾਂਦਾ। ਜਦ ਸੀਤਾ ਰਾਮ ਅਖ਼ਬਾਰ 'ਤੇ ਉਕਰੇ ਸ਼ਬਦਾਂ ਦੀ ਪਛਾਣ ਤੋਂ ਅੰਨਾ ਸੀ ਤਾਂ ਉਦੋਂ ਉਸਦਾ ਵਾਹ ਵੇਖਣ, ਸੋਚਣ ਭੱਠੇ ਦੇ ਆਲੇ-ਦੁਆਲੇ ਜੁੜੇ ਜਨ-ਜੀਵਨ ਨਾਲ ਹੀ ਸੀ।

ਦੇਵਕੀ ਤੋਂ ਘਰੇਲੂ ਖ਼ਬਰ ਸੁਣ ਕੇ ਉਸਦੀ ਸੋਚ ਦੁਕਾਨਦਾਰ ਦੀ ਵਹੀ 'ਤੇ ਜਾ ਪਹੁੰਚੀ। ਦੇਣਦਾਰ ਕਰਜ਼ ਦਾ ਚੇਤਾ ਆ ਗਿਆ। ਕੁੜੀ ਦੇ ਵਿਆਹ ਹੋ ਜਾਣ ਦਾ ਬੋਝ ਲੱਥਾ ਤਾਂ ਵਹੀ ਤੇ ਉਕਰੇ ਰੁਪਏ ਵਸੂਲਣ ਤੇ ਕਾਟਾ ਮਾਰਨ ਦਾ ਬੋਝ ਆ ਚੁੰਬੜਿਆ।

ਉਸ ਸਮੇਂ ਸੀਤਾ ਰਾਮ ਸੋਚ ਰਿਹਾ ਸੀ ਕਿ ਮੋਤੀ ਰਾਮ ਨਾਲ ਕਿਵੇਂ ਗੱਲ ਕਰਾਂ ? ਉਸਨੂੰ ਆਪਣੀ ਸੋਚ ਵਿਚੋਂ ਕੋਈ ਹੱਲ ਨਹੀਂ ਲੱਭਿਆ ਸੀ। ਮੋਤੀ ਰਾਮ, ਸੀਤਾ ਰਾਮ ਦੇ ਪਿਛਲੇ ਪਿੰਡ ਦੇ ਗੁਆਂਢ ਦੇ ਪਿੰਡ ਦਾ ਹੀ ਨੌਜਵਾਨ ਹੈ। ਉਸ ਵਿਆਹ ਨਹੀਂ ਕਰਾਇਆ। ਪਰ ਉਮਰ ਵੀ ਬਹੁਤੀ ਨਹੀਂ ਬਸ ਤੀਹਾਂ ਦੇ ਉਪਰ ਹੋਵੇਗੀ। ਉਹ ਤਾਂ ਛੋਟਾ ਹੁੰਦਾ ਹੀ ਆਪਣੇ ਮਾਂ-ਪਿਉ ਨਾਲ ਹੀ ਏਧਰ ਪੰਜਾਬ ਆ ਗਿਆ ਸੀ। ਘਰ ਵਿਚ ਤਿੰਨ ਭੈਣਾਂ ਦੋ ਵੱਡੇ ਭਾਈ ਵਿਆਹੇ ਹੋਏ ਤੇ ਮਾਂ-ਪਿਉ। ਸੀਤਾ ਰਾਮ ਨੇ ਕਈ ਵਾਰ ਕਿਹਾ,

'ਭਾਈ ਮੋਤੀ ਰਾਮ ਅਬ ਸ਼ਾਦੀ ਕਰ ਡਾਲ ?'

ਏਸੇ ਹੀ ਸਵਾਲ ਜਵਾਬ ਨਾਲ ਦੋਨਾਂ ਦੀ ਗੱਲਬਾਤ ਸ਼ੁਰੂ ਹੋਈ ਸੀ। ਆਖਰ ਸੀਤਾ ਰਾਮ ਨੇ ਅੰਦਰਲਾ ਭਰਿਆ ਭਕਾਨਾ ਭੰਨ ਦਿੱਤਾ ਸੀ।

'ਭਾਈ ਸਾਹਬ, ਏਕ ਸੰਕਟ ਆ ਪੜਾ ?'

ਏਨਾ ਕਹਿਣ ਦੇ ਬਾਅਦ ਹੀ ਉਸਦੇ ਅੰਦਰਲੀ ਸ਼ਬਦਾਵਲੀ ਨੇ ਸਿਰ ਚੁੱਕ ਲਿਆ। ਤੇ ਫੇਰ ਇੰਜ ਜਿਸ ਤਰ੍ਹਾਂ ਖੂਹ ਦੀਆਂ ਟਿੰਡਾਂ ਅੱਗੜ-ਪਿੱਛੜ ਭਰ-ਭਰ ਕੇ ਬਾਹਰ ਨਿਕਲਦੀਆਂ, ਉਸ ਕਹਿਣਾ ਦੱਸਣਾ ਸ਼ੁਰੂ ਕੀਤਾ। ਮੋਤੀ ਰਾਮ ਸੁਣ ਰਿਹਾ ਸੀ।

ਮੋਤੀ ਰਾਮ ਦੇ ਅੰਦਰ ਵੀ ਫਿਕਰ ਜਾਗ ਪਿਆ। ਉਸ ਕਿਹਾ, 'ਜੇ ਲੜਕੇ ਵਾਲੇ ਜਲਦੀ ਮੇਂ ਸ਼ਾਦੀ ਮਾਂਗਤੇ ਐ ਤੋਂ ਫੇਰ ਕਿਆ ਬਾਅਤ ਐਂ। ਸਭ ਠੀਕ ਹੋ ਜਾਏਗਾ ?'

ਮੋਤੀ ਰਾਮ ਕੋਈ ਹੱਲ ਲੱਭ ਰਿਹਾ ਸੀ ਤੇ ਸੀਤਾ ਰਾਮ ਦਾ ਮਨ ਛੇਤੀ ਦੇਣੇ ਸੁਨਣਾ ਲੋਚਦਾ ਸੀ ਕਿ ਇਹ ਸਭ ਕਿਵੇਂ ਹੋਵੇਗਾ ?

'ਅਰੇ ਭਾਈ, ਮੋਤੀ ਬੋਲਿਆ। 'ਠੇਕੇਦਾਰ ਸੇ ਪਕੜ ਲੇਤੇ ਐ, ਜਿਤਨੇ ਕੁ ਜ਼ਰੂਰੀ ਚਾਹੀਏ ? ਉਸ ਕਾ ਕਾਮ ਕਰਤੇ ਐ। ਉਹ ਐਸਾ ਵੀ ਨਾ ਮਾਨੇਗਾ....?'

ਸੀਤਾ ਰਾਮ ਨੇ ਦੇਵਕੀ ਨੂੰ ਬਿਨਾਂ ਦੱਸੇ, ਠੇਕੇਦਾਰ ਤੋਂ ਰੁਪਏ ਲੈ ਲਏ। ਵਿਆਹ ਕਰਨ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ। ਨੇੜਲੇ ਸ਼ਹਿਰ ਮੋਗਾ ਤੋਂ ਸਾਰਾ ਸਮਾਨ ਖਰੀਦ ਲਿਆ। ਸੀਤਾ ਰਾਮ ਦੇ ਸਭਨਾਂ ਸਾਥੀਆਂ ਨੇ ਰਲ ਕੇ ਵਿਆਹ ਦੇ ਕਾਰਜ ਨੂੰ ਨੇਪਰੇ ਚਾੜ੍ਹਿਆ। ਸੁਨੀਤਾ ਬਹੂ ਬਣਕੇ ਚਲੀ ਗਈ ਤਾਂ ਮਗਰੋਂ ਸੀਤਾ ਰਾਮ ਤੇ ਦੇਵਕੀ ਨੂੰ ਘਰ ਸੁੰਨਾ ਲੱਗਣ ਲੱਗਾ। ਛੋਟੇ ਜੁਆਕ ਵੀ ਆਪਣੀ ਵੱਡੀ ਭੈਣ ਦੀਆਂ ਗੱਲਾਂ ਕਰਕੇ ਬੁਸ-ਬੁਸ ਕਰਦੇ।

ਚੰਗਾ-ਚੰਗਾ ਨਿਬੜ ਗਏ ਕਾਰਜ ਵਲੋਂ ਤਾਂ ਸੀਤਾ ਰਾਮ ਖੁਸ਼ ਸੀ, ਪਰ ਅੰਦਰੋਂ-ਅੰਦਰ ਉਸਨੂੰ ਅਡਵਾਂਸ ਫੜਿਆਂ ਦਾ ਫਿਕਰ ਚੂਹਾ ਕੁਤਰ ਕਰ ਰਿਹਾ ਸੀ। ਏਸ ਬੋਝ ਨੇ ਉਸਨੂੰ ਬਦਲ ਕੇ ਰੱਖ ਦਿੱਤਾ। ਪਹਿਲਾਂ ਵਾਲਾ ਸੀਤਾ ਰਾਮ, ਇੱਟਾਂ ਪੱਥਣ ਲੱਗਾ, ਆਪਣੇ ਕੋਲ ਜੁਆਨੀ ਵੇਲੇ ਦਾ ਖਰੀਦਿਆ ਟਰਾਂਜਿਸਟਰ ਉੱਚੀ ਆਵਾਜ਼ ਵਿਚ ਚਾਲੂ ਕਰ ਸੁਣਦਾ ਸੀ ਤੇ ਉਸ ਨੂੰ ਸਾਰੇ ਪ੍ਰੋਗਰਾਮਾਂ ਦਾ ਵੇਰਵਾ ਯਾਦ ਹੋ ਗਿਆ ਸੀ। ਕਿਤੇ ਐਸਾ ਗੀਤ ਜੋ ਉਸਨੂੰ ਵਧੇਰੇ ਚੰਗਾ ਲਗਦਾ ਤਾਂ ਦੇਵਕੀ ਨੂੰ ਆਖਦਾ, 'ਅਰੇ ਸੁਨ, ਕੈਸਾ ਗੀਤਾ ਆਇਆ ਰੇ...ਚਨਰੀਆ ਨਾਚੇਗੀ ਰੇ.....।'

ਪਰ ਹੁਣ ਤਾਂ ਘਰ ਬੈਠ ਕੇ ਵੀ ਕੋਈ ਗੱਲ ਨਹੀਂ ਕਰਦਾ। ਰੇਡੀਓ ਤਾਂ ਉਕਾ ਹੀ ਨਹੀਂ ਲਾਉਂਦਾ। ਅੱਗੇ ਨਾਲੋਂ ਵਧੇਰੇ ਮਿਹਨਤ ਕਰਨ ਜ਼ਰੂਰ ਲੱਗ ਗਿਆ। ਉਸਦੇ ਨਾਲ ਦੇ ਟੋਏ ਵਿਚ ਮੋਤੀ ਰਾਮ ਇੱਟਾਂ ਪੱਥਦਾ।

ਪਥੇਰਿਆਂ ਵਾਲੇ ਟੋਏ ਵਿਚ ਲੱਗੇ ਬਾਂਸ ਦੇ ਦਸ-ਬਾਰਾਂ ਫੁੱਟ ਉੱਚੇ ਖੰਭਿਆਂ ਤੇ ਲਮਕਦੇ ਬਲਬ ਜਗ ਪਏ। ਤੇ ਸੀਤਾ ਰਾਮ ਕਾਹਲੀ-ਕਾਹਲੀ ਇੱਟਾਂ ਪੱਥਣ ਲੱਗਾ। ਉਸਦੀ ਘਰਵਾਲੀ ਦੇਵਕੀ ਤੇ ਦੋਨੋਂ ਮੁੰਡੇ, ਦੋਨੋਂ ਕੁੜੀਆਂ ਵੀ ਉਸ ਨਾਲ ਇੱਟਾਂ ਪਥਵਾ ਰਹੇ ਸਨ। ਭੱਠੇ ਦਾ ਮਾਲਕ ਇਕ ਇੱਟ ਪੱਥਣ ਦੇ ਦਸ ਪੈਸੇ ਦਿੰਦਾ। ਸੌ ਇੱਟਾਂ ਪੱਥਣ ਨਾਲ ਦਸ ਰੁਪਏ ਬਨਣੇ ਹਨ। ਸਾਰਾ ਪਰਿਵਾਰ ਸਵੇਰ ਦੇ ਪਹਿਲੇ ਪਹਿਰ ਤੋਂ ਰਾਤ ਦੇ ਅਠ-ਨੌਂ ਵਜੇ ਤੱਕ ਮਿੱਟੀ ਨਾਲ ਮਿੱਟੀ ਵਿਚ ਗਲਤਾਨ ਹੋਏ ਰਹਿੰਦੇ। ਰੋਟੀ-ਚਾਹ, ਸਿਗਰਟ-ਬੀੜੀ ਦਾ ਖਰਚ ਉਸਦਾ ਆਪਣਾ ਹੈ। ਤੇ ਰਾਤ ਨੂੰ ਆਪੋ-ਆਪਣੇ ਮੰਜਿਆਂ 'ਤੇ ਪਏ ਸੀਤਾ ਰਾਮ ਤੇ ਦੇਵਕੀ ਆਪਸ ਵਿਚ ਗੱਲਾਂ ਕਰਦੇ ਰਹਿੰਦੇ ਹਨ। ਚੰਨ ਦੇ ਚਾਨਣ ਤੇ ਤਾਰਿਆਂ ਦੇ ਟਿਮ-ਟਮਾਉਂਦੇ ਖੁੱਲ੍ਹੇ ਆਕਾਸ਼ ਥੱਲੇ ਉਨ੍ਹਾਂ ਦੀਆਂ ਖੁੱਲ੍ਹੀਆਂ ਗੱਲਾਂ ਹੁੰਦੀਆਂ ਰਹਿੰਦੀਆਂ।

.....'ਅਰੇ ਸੌ ਗਏ ?'

ਦੇਵਕੀ ਦੀ ਫਿਕਰ ਵਾਲੀ ਆਵਾਜ਼, ਸੀਤਾ ਰਾਮ ਦੇ ਕੰਨਾਂ ਨਾਲ ਟਕਰਾਈ।

'ਨਈ ਤੋ।'

ਦੇਵਕੀ ਵਾਲੇ ਪਾਸੇ ਮੂੰਹ ਕਰਕੇ ਪਾਸਾ ਪਲਟਦਿਆਂ ਉਸ ਕਿਹਾ, 'ਆਜ ਕਿਤਨੇ ਕੀ ਪਥਾਈ ਹੋ ਗਈ ?'

ਰਜ਼ ਵਾਂਗ ਦੇਵਕੀ ਨੇ ਪੁੱਛਿਆ ਤੇ ਅੱਗੋਂ ਸੀਤਾ ਰਾਮ ਵੀ ਰੋਜ਼ ਵਾਂਗ ਹੀ, 'ਤੁਝੇ ਕਿਆ, ਕਿਤਨੀ ਹੋ ? ਫਿਕਰ ਤੋਂ ਮੁਝੇ ਐ ? ਤੂਨੇ ਕਿਆ ਲੇਨਾ ਦੇਨਾ।'

ਤੇ ਖਿਝਿਆ ਹੋਇਆ ਚਿਹਰਾ ਕਰ, ਮੱਥੇ ਤਿਊੜੀਆਂ ਪਾ ਕੁੜਦਾ ਮਗਰੋਂ ਆਖ ਦਿੰਦਾ, 'ਆਜ ਕੀ ਐ ਪਾਂਚ ਸੌ ਸਤੈਹਟ।'

ਦੇਵਕੀ ਨੂੰ ਕੀ ਪਤਾ, ਇਹ ਗਿਣਤੀ ਠੀਕ ਹੈ ਜਾਂ ਨਹੀਂ। ਉਹ ਤਾਂ ਜਾਣਦੀ ਹੈ, ਅੱਜ ਵੀ



ਪਹਿਲਾਂ ਵਾਂਗ ਬਹੁਤ ਇੱਟਾਂ ਪੱਥੀਆਂ ਹਨ ਤੇ ਇਸ ਦਾ ਅੰਗ-ਅੰਗ ਦਰਦ ਕਰ ਰਿਹੈ। ਕੁਝ ਚਿਰ ਚੁੱਪ ਰਹਿਣ ਬਾਅਦ ਦੇਵਕੀ ਨੇ ਕਿਹਾ, 'ਅਰੇ ਤੁਝੇ ਯਹ ਸੱਚ ਲਗਤਾ, ਕਿਆ ਠੇਕੇਦਾਰ ਹਮਾਰੀ ਗਿਣਤੀ ਠੀਕ ਲਿਖ ਦੇਤਾ ?'

ਦੇਵਕੀ ਅੰਦਰ ਸ਼ੱਕ ਜੋ ਠੇਕੇਦਾਰ ਵਿਰੁੱਧ ਸੀ, ਅੱਖਾਂ ਪਾੜ-ਪਾੜ ਝਾਕ ਰਿਹਾ ਸੀ। ਤੇ ਅਗੋਂ ਸੀਤਾ ਰਾਮ ਨੇ ਸਰਸਰੀ ਹੀ ਕਹਿ ਦਿੱਤਾ, 'ਅਰੇ ਠੇਕੇਦਾਰ ਕੈਸੇ ਕਮਤੀ ਲਿਖੇ-ਆ-ਗਾ। ਮੈਂ ਆਪ ਤੋਂ ਗਿਨ ਕਰ ਉਸੇ ਬਤਾਤਾ ਹੂੰ। ਫੇਰ ਉਸਨੇ ਕਿਆ ਲੇਨਾ ਦੇਨਾ...?'

ਦੇਵਕੀ ਦੇ ਸ਼ੱਕ ਨੇ ਏਨਾ ਸੁਣ ਕੇ ਅੱਖਾਂ ਮੀਚ ਲਈਆਂ ਤੇ ਕਹਿ ਦਿੱਤਾ, 'ਚਲੋ ਤੁਹਾਰੀ ਬਾਤ ਠੀਕ-ਅ-ਹੋ।'

ਸਾਫ਼ ਮੌਸਮ 'ਤੇ ਚੰਨ ਚਨੈਣ ਵਿਚ ਉਨ੍ਹਾਂ ਨੂੰ ਵਿਹੜੇ ਵਿਚ ਪਏ ਹੋਣ ਕਰਕੇ ਇਕ ਦੂਸਰੇ ਦਾ ਮੰਜਾ ਦਿਸ ਰਿਹਾ ਸੀ। ਤੇ ਉਨ੍ਹਾਂ ਦੇ ਮੰਜੇ ਆਪਸ ਵਿਚ ਜੋੜ ਕੇ ਵੀ ਡੱਠੇ ਹੋਏ ਸਨ। ਜੁਆਕ ਥੋੜ੍ਹੀ ਵਿੱਥ 'ਤੇ ਆਪਣੇ ਮੰਜਿਆਂ 'ਤੇ ਸੁੱਤੇ ਪਏ ਸਨ। ਆਕਾਸ਼ ਵਿਚਲੀ ਕਾਲੀ ਚੁੰਨੀ 'ਤੇ ਲੱਗੇ ਚਮਕਦੇ ਤਾਰੇ, ਕਿਸੇ ਤੁਰੀ ਜਾਂਦੀ ਅਲਬੇਲੀ ਸੁਨੱਖੀ ਮੁਟਿਆਰ ਦੀ ਚੁੰਨੀ ਹੀ ਜਾਪਦੀ ਸੀ। ਕਦੇ ਕਦਾਈਂ ਕਿਸੇ ਬਜ਼ੁਰਗ ਦੇ ਖੰਘਣ ਦੀ ਤੇ ਕਿਤੇ ਕਿੰਨਾ ਚਿਰ ਕਿਸੇ ਵਿਹੜੇ ਵਿਚੋਂ ਛੋਟੇ ਜੁਆਕ ਦੇ ਰੋਣ ਦੀ ਅਵਾਜ਼ ਆਉਂਦੀ। ਜਿਹੜੇ ਕੁੱਤੇ ਦਿਨੇ ਚੁੱਪ ਚਪੀਤੇ ਤੁਰੇ ਫਿਰਦੇ, ਉਹਨਾਂ ਦੇ ਭੌਂਕਣ ਦੀ ਸੁਰ ਉੱਚੀ-ਨੀਵੀਂ ਸੁਣਦੀ। ਤੇ ਸੀਤਾ ਰਾਮ ਨੇ ਦੇਵਕੀ ਦੇ ਮੋਢੇ ਨੂੰ ਹਲੂਣ ਕੇ ਫੜਦਿਆਂ ਕਿਹਾ, 'ਅਰੇ ਕਾਮ ਤੋ ਜੋਰੋ ਪਰ ਐ। ਬਦਨ ਟੂਟਤਾ ਰਹਿਤਾ'

ਉਸਦੇ ਫ਼ਿਕਰ ਦੀ ਸਾਂਝ ਦੇਵਕੀ ਨੇ ਇੰਨਾ ਹੀ ਕਿਹਾ, 'ਯਅ ਤੋਂ ਠੀਕ-ਅ ਐ।' ਕਹਿ ਗੱਲ਼ ਖਤਮ ਕਰ ਦਿੱਤੀ। ਦੋਨਾਂ ਦੇ ਚੁੱਪ ਪਏ ਰਹਿਣ ਦੀ ਸੋਚ ਇਹੋ ਪ੍ਰਗਟਾ ਰਹੀ ਸੀ....ਲੌਂਡੀ ਕੀ ਸ਼ਾਦੀ ਕਾ ਬੋਝ ਤੋਂ ਹਟਾ ਔਰ ਲਾਲੇ ਕੀ ਬਹੀ ਕੇ ਕਰਜ਼ ਦਾ ਫ਼ਿਕਰ ਪੜ ਗਿਆ ਨਾ ਤੋ....।

ਉਧਰ ਠੇਕੇਦਾਰ ਸੇ ਅਡਵਾਂਸ ਵੀ ਲਿਆ...ਕੋਈ ਸਮਝ ਮੇ ਨਈ ਆਤਾ, ਕਿਆ ਕਰੇ...? ਉਸ ਦਿਨ ਸੇ ਠੇਕੇਦਾਰ ਵੀ ਆਂਖੇ ਦਿਖਾਤਾ....।

ਉਹ ਭਵਿੱਖ ਦੀ ਸੋਚ ਨਾਲ ਅੰਦਰੇ-ਅੰਦਰ ਭਰੇ ਭੁਕੰਨੇ ਪਏ ਸਨ। ਦੂਸਰੇ ਪਾਸੇ ਸਾਰੇ ਦਿਨ ਦੀ ਸਖ਼ਤ ਮਿਹਨਤ ਹੱਡਾਂ ਵਿਚਲੀ ਸ਼ਕਤੀ ਚੂਸ ਲੈਂਦੀ ਤੇ ਰਾਤ ਨੂੰ ਜੀਵਨ ਤੇ ਜੀਉਂਦੇ ਰਹਿਣ ਦੀਆਂ ਸੋਚਾਂ ਆਪਣਾ ਹਮਲਾ ਕਰਦੀਆਂ, ਉਸ ਨੂੰ ਸ਼ਕਤੀਹੀਣ ਕਰਨ ਤੱਕ ਆਪਣਾ ਵਾਹ ਲਾਉਂਦੀਆਂ। ਅਜਿਹੀ ਹੀ ਬੁਣਤੀ ਥੱਕੇ ਹੋਏ ਹੱਡਾਂ ਵਿਚ ਨੀਂਦ ਆ ਜਾਂਦੀ ਤੇ ਮੁੜ ਨਿਸਲ ਹੋਏ ਤੜਕੇ ਅੰਗੜਾਈ ਭੰਨਦੇ। ਫੇਰ ਚੱਲ ਸੋ ਚੱਲ। ਸੂਰਜ ਦੀ ਟਿੱਕੀ ਚੜ੍ਹ ਆਉਣ ਤੱਕ ਦੋਨੋਂ ਸੌ ਦੇ ਨੇੜੇ ਤੇੜੇ ਪਥਾਈ ਕਰ ਦਿੰਦੇ ਤੇ ਫੇਰ ਜਾ ਕੇ ਜੁਆਕ ਨਾਲ ਲੱਗ ਜਾਂਦੇ। ਕੰਮ ਕਰਦਿਆਂ ਦਰਮਿਆਨ ਉਹ ਚੁੱਪ ਧਾਰੀ ਰੱਖਦੇ। ਉਨ੍ਹਾਂ ਦੁਆਲੇ ਖ਼ਮੋਸ਼ੀ ਪਸਰੀ ਰਹਿੰਦੀ। ਇਸ ਖ਼ਮੋਸ਼ੀ ਨੂੰ ਮੋਤੀ ਰਾਮ ਨੇ ਪੜ੍ਹ ਲਿਆ ਤੇ ਉਹ ਆਪਣੀਆਂ ਇੱਟਾਂ ਪੱਥਣੀਆਂ ਛੱਡ ਉਸ ਕੋਲ ਆਉਂਦਾ, 'ਅਰੇ! ਐਸੇ ਕਾਮ ਨਈ ਚਲੇਗਾ ? ਐਸੇ ਖੋਏ-ਖੋਏ ਰਹਿ ਕਰ ਮਸਲਾ ਹੱਲ ਨਈ ਹੋਨੇ ਵਾਲਾ ?'

ਉਹ ਇਹੋ ਸਮਝਾਉਂਦਾ ਰਹਿੰਦਾ। ਪਰ ਸੀਤਾ ਰਾਮ ਨੇ ਮਨ ਨੂੰ ਛੱਡ, ਦਿਲ ਨੂੰ ਸੋਚ ਲਾ ਲਈ ਸੀ। ਉਸ ਨਾਲ ਇਹ ਪਹਿਲੀ ਵਾਰ ਹੀ ਵਾਪਰਿਆ ਸੀ।

'ਅਰੇ ਕਿਆ ਬੋਝ ਕਮ ਹੋਨਾ ? ਏਕ ਲੱਥਤ ਤੋ ਦੂਸਰਾ ਆ ਪੜਤਾ।'

ਮੋਤੀ ਰਾਮ ਫੇਰ ਸਮਝਾਉਣ ਦੀ ਕੋਸ਼ਿਸ਼ ਕਰਦਾ, 'ਅਰੇ ਸਭ ਠੀਕ ਹੋ ਜਾਏਗਾ। ਖ਼ਾਮੋਸ਼ ਮਤ ਰਹਿ। ਮੇਰੇ ਸੇ ਲੇ ਲੇ, ਦੋਸਤ ਵਹੀ ਐ ਜੋ ਵੇਲੇ ਸੇ ਕਾਮ ਆਏ, ਦੂਸਰਾ ਕਿਆ... ?'

ਤੇ ਸੀਤਾ ਰਾਮ ਨੇ ਆਖਿਆ,

'ਨਈ ਭਈਆ, ਆਪ ਸੇ ਨਈ ਪਕੜਨੇ।'

ਉਸਦੇ ਦਿਮਾਗ ਵਿਚ ਇਹੋ ਠਣਕ ਗਈ ਸੀ..ਐਸੇ ਕਰੂ ਤੋ ਦੋਸਤੀ ਮੇਂ ਫਰਕ ਪੜ ਜਾਏਗਾ ..।

ਆਪਣੇ ਆਪ ਨੂੰ ਇਸ ਹੌਂਸਲੇ ਨਾਲ ਹੀ ਨਰੋਆ ਕਰ ਲਿਆ.. ਚਲੋ ਜੋ ਹੋ ਦੇਖੀ ਜਾਏਗੀ...ਯਹੀ ਤੋ ਜ਼ਿੰਦਗੀ ਐ...?'

ਉਸ ਦੋਸਤੀ ਵਿਚ ਫਿੱਕ ਨਹੀਂ ਪੈਣ ਦਿੱਤਾ। ਦੁਕਾਨਦਾਰ ਵੀ ਘਰ ਗੇੜੇ ਮਾਰਨ ਲੱਗ ਗਿਆ ਤਾਂ ਉਹ ਵਧੇਰੇ ਦੁਖੀ ਹੋਏ। ਨੇੜੇ ਦੇ ਘਰਾਂ ਨੂੰ ਸਾਰੇ ਗੁਝੇ ਭੇਤ ਦਾ ਪਤਾ ਲੱਗ ਗਿਆ, ਤਾਂ ਕਈ ਗੱਲਾਂ ਹੋਣ ਲੱਗੀਆਂ। ...ਅਰੇ ਮਜ਼ਦੂਰ ਕੀ ਕਾਹੀ ਜ਼ਿੰਦਗੀ ਹੋਤੀ ਐ...ਆ ਸੀਤਾ ਰਾਮ ਨੇ ਲੌਂਡੀ ਕੀ ਸ਼ਾਦੀ ਹੀ ਕੀ-ਅ-ਐ, ਬਸ ਮੂੰਹ ਮੇ ਦਾਂਤ ਵੀ ਨਈ ਰਹੇ...ਮਜ਼ਦੂਰ ਕਿਆ ਕਰੇ...ਮਜੂਰੀ ਸੇ ਕਿਆ ਬਨਤਾ..।

ਦੇਵਕੀ ਅੰਦਰੇ-ਅੰਦਰ ਰੋਈ। ਉਸ ਅੰਦਰ ਗਮ ਦੀਆਂ ਢੇਰੀਆਂ ਇਕੱਠੀਆਂ ਹੋਣ ਲੱਗੀਆਂ। ਤੇ ਫੇਰ ਦੁਕਾਨਦਾਰ ਦੀ ਗੱਲ ਸੁਣ ਕੇ ਜਮਾਂ ਹੀ ਸੁੰਨ ਹੋ ਗਈ। ਉਸ ਰਾਤ ਨੂੰ ਉਸ ਰੋਂਦਿਆਂ ਗਿਆਨ ਮਾਲੂਸ ਪੜ ਜਾਤਾ ਕਿ ਹਮਾਰੇ ਦੇਸ਼ ਮੇ ਕਿਆ ਹੋ ਰਹਾ ? ਦੂਸਰੋਂ ਮੇਂ ਕਿਆ ? ਹਮ ਅਖ਼ਬਾਰ ਪੜ੍ਹ ਸਕਤੇ ਐ, ਔਰ ਹਮ ਘਰੇਲੂ ਕੰਟਰੋਲ ਕਰ ਸਕਦੇ ਐ...।'

ਏਸ ਲੈਕਚਰ ਦਾ ਬਹੁਤ ਅਸਰ ਹੋਇਆ। ਆਮ ਤਾਂ ਇਹ ਸਕੂਲ ਸਫਲ ਨਹੀਂ ਹੋਏ, ਇਸ ਦੇ ਕਈ ਕਾਰਨ ਹੋ ਸਕਦੇ, ਪਰ ਕੁਝ ਚੰਗੇ ਅਧਿਆਪਕਾਂ ਜਾਂ ਹੋਰ ਕਾਰਨਾਂ ਕਰਕੇ ਏਸ ਕੁਝ ਰੰਗ ਵੀ ਦਿਖਾਇਆ। ਮੋਤੀ ਰਾਮ ਇਸ ਪ੍ਰਤੀ ਕਹਿ ਰਿਹਾ ਸੀ, 'ਅਰੇ ਭਾਈ ਸੀਤਾ ਰਾਮ, ਮਾਲਮ ਹੂਆ, ਹਮ ਪੜ੍ਹਨਾ ਸੀਖੇ ਤੋ ਅੱਛਾ ਹੋ ?'

ਉਨ੍ਹਾਂ ਦਾ ਮਨ ਪੜ੍ਹਨ ਲਈ ਉਛਲ ਪਿਆ ਸੀ। ਤੇ ਨੇੜੇ ਖੜ੍ਹੇ ਇਕ ਬਜ਼ੁਰਗ ਨੇ ਵੀ ਕਿਹਾ, 'ਅਰੇ ਠੀਕ ਕਰ ਰਹੇ ਨੇ ਮੋਤੀ ਤੁਮ, ਅਪਨੇ ਲੋਗੋਂ ਨੇ ਤੋ ਕਹੀਂ ਸੋਚਾ ਭੀ ਨਹੀਂ ਐਸਾ ਯਹ ਲੋਗ ਜੋ ਆਏ ਥੇ ਅੱਛਾ ਕਾਮ ਕਰ ਰਹੇ ਨੇ।'

'ਹਾਂ, ਯਹੀ ਤੋ ਮੈਂ ਕਹਿ ਰਹਾ ਹੂੰ ਹਮੇਂ ਪੜ੍ਹਨਾ-ਸੀਖਨਾ ਚਾਹੀਏ। ਤਬ ਹਮ ਮੁਸ਼ਕਲੋਂ ਸੇ ਬਚ ਸਕਦੇ ਐ ? ਦੇਖਾ ਨਈਂ ਜੋ ਬੜੇ ਅਫਸਰ ਐ, ਵੋ ਕਿਤਨੇ ਜ਼ਿਆਦਾ ਪੜ੍ਹੇ ਹੋਂਗੇ ? ਹਮਾਰਾ ਔਰ ਉਨਕਾ ਤਬੀ ਫਰਕ ਐ, ਯਹੀ ਨਾ ਪੜ੍ਹਨੇ ਕਾਰਨ ?'

ਮੋਤੀ ਰਾਮ ਦੂਰ ਦ੍ਰਿਸ਼ਟੀ ਦੀ ਸੋਚ ਦਸ ਰਿਹਾ ਸੀ। ਪਰ ਸੀਤਾ ਰਾਮ ਹਾਲੇ ਵੀ ਖਾਮੋਸ਼ ਖੜ੍ਹਾ ਸੀ। ਪਹਿਲਾਂ ਵਾਲਾ ਬਜ਼ੁਰਗ, ਜਿਸ ਨੇ ਖੁੱਲ੍ਹੇ-ਖੁੱਲ੍ਹੇ ਪੌਂਚਿਆਂ ਵਾਲਾ ਪਜਾਮਾ ਪਹਿਨਿਆ ਸੀ। ਉਸ ਮੁੜ ਕਿਹਾ, 'ਅਰੇ ਭਾਈ, ਹਮਾਰੇ ਬਾਪ ਕੇ ਬਾਪ ਤੋ ਐਸਾ ਕਾਮ ਕਰਤੇ ਆਏ ਐ। ਫੇਰ ਹਮ ਭੀ ਉਸ ਕੋ ਦੇਖਕਰ ਵਹੀ ਕਾਮ ਕਰੀ ਜਾਤੇ ਐ। ਆਗੇ ਹਮਾਰੇ ਲੌਂਡੀਆਂ ਲੌਂਡੇ ਭੀ ਤੋ ਅਪਨੇ ਜੈਸੇ ਹੀ ਬਨੇਂਗੇ ਅਨਪੜ੍ਹ ਗੰਵਾਰ ? ਹੋਰ ਹਮੇਂ ਉਨ ਕੋ ਸਿਖਸ਼ਾ ਦੇਨੀ ਚਾਹੀਏ ? ਕਮ ਸੇ ਕਮ ਕੁਝ ਤੋ ਫਰਕ ਪੜੇ ?'

ਬਜ਼ੁਰਗ ਦੀਆਂ ਗੱਲਾਂ ਉਨ੍ਹਾਂ ਦਾ ਮਿੱਟੀ ਨਾਲ ਮਿੱਟੀ ਹੋਏ ਰਹਿਣ ਦਾ ਇਤਿਹਾਸ ਸੁਣਾ ਰਹੀਆਂ ਸਨ। ਹੁਣ ਏਸ ਨਵੀਂ ਕ੍ਰਾਂਤੀ ਨੇ ਸਾਰੇ ਵਰਕਰਾਂ ਵਿਚ ਨਵੀਂ ਉਮੰਗ ਭਰ ਦਿੱਤੀ ਸੀ। ਬਹੁਤਿਆਂ ਨੇ ਇਸ ਵਿਚ ਹਿੱਸਾ ਪਾਉਣ ਦੀ ਕੋਸ਼ਿਸ਼ ਕੀਤੀ। ਸੀਤਾ ਰਾਮ ਤੇ ਮੋਤੀ ਰਾਮ ਵੀ ਪੜ੍ਹਨਾ ਸਿੱਖਣ ਲੱਗੇ। ਇੰਝ ਕਰਨ ਨਾਲ ਉਨ੍ਹਾਂ ਦੇ ਕੰਮ ਦੀ ਮਿਕਦਾਰ (ਕਿਉਂਕਿ ਸਕੂਲ ਹਾਜ਼ਰ ਹੋਣ 'ਤੇ ਪੜ੍ਹਾਈ ਨੂੰ ਘੱਟ ਸਮਾਂ ਮਿਲਦਾ) ਘਟੀ ਤੇ ਪੈਸੇ ਵੀ ਘੱਟ ਬਣਨ ਲੱਗੇ। ਪਰ ਪੜ੍ਹਨ-ਲਿਖਣ ਕਰਕੇ ਮਨ ਖੁਸ਼ ਰਹਿਣ ਲੱਗਾ। ਇਕ ਨਵਾਂ ਚਾਅ ਸੀ। ਕੁਝ ਨਵੀਆਂ ਗੱਲਾਂ ਸਨ। ਫੇਰ ਠੇਕੇਦਾਰ ਦੀ ਧਮਕੀ ਤੇ ਘਰ ਦੀ ਕਬੀਲਦਾਰੀ ਨੇ ਆਪਣਾ ਰੋੜਾ ਅਟਕਾਇਆ ਤਾਂ ਅੱਖਰਾਂ ਦੀ ਸਮਝ ਆਉਣ ਬਾਅਦ ਹੀ ਸਭ ਕੁਝ ਛੱਡ-ਛਡਾ ਹੋ ਗਿਆ। ਉਹੋ ਕਹੀ ਕੁਹਾੜੀ ਤੇਜ਼ ਹੋ ਗਈ। ਹੁਣ ਤਾਂ ਲਾਲੇ ਦੀ ਅੱਠਾਂ ਦਿਨਾਂ ਦੀ ਧਮਕੀ ਤੇ ਠੇਕੇਦਾਰ ਦੇ ਐਡਵਾਂਸ ਮੂੰਹ ਚਿੜਾ ਰਹੇ ਨੇ। ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਗੱਲ ਐ। ਹੁਣ ਉਸ ਦੇ ਅੱਖਰਾਂ ਦੀ ਪਛਾਣ ਤੇ ਹਿਸਾਬ-ਕਿਤਾਬ ਨੂੰ ਸਮਝਣ ਕਰਕੇ ਹੀ ਨਵੀਂ ਘਟਨਾ ਨੇ ਜਨਮ ਲੈ ਲਿਆ ਸੀ। ਪਹਿਲਾਂ ਵਾਂਗ ਹੀ ਉਹ ਐਤਕੀਂ ਪੰਦਰੀ ਤੇ ਦਫਤਰ ਗਿਆ ਤਾਂ ਇਹ ਸਭ ਵਾਪਰਿਆ ? ਤੇ ਏਸ ਘਟਨਾ ਨੂੰ ਲੈ ਕੇ ਬਹੁਤ ਰੌਲਾ ਰੱਪਾ ਪੈ ਗਿਆ। ਜਿਵੇਂ-ਜਿਵੇਂ ਜਿਸ ਨੂੰ ਪਤਾ ਲੱਗਾ ਤਾਂ ਸਭ ਇਸ ਵਿਚ ਸ਼ਾਮਲ ਹੋ ਰਹੇ ਸਨ।



ਗੁੱਸੇ ਵਿਚ ਭੜਕੇ ਮਜ਼ਦੂਰਾਂ ਨੇ ਦਫਤਰ ਅੰਦਰ ਬੈਠੇ ਠੇਕੇਦਾਰ ਨੂੰ ਬੰਦ ਕਰ ਦਿੱਤਾ। ਤਾਂ ਮੁਨੀਮ, ਸ਼ਹਿਰ ਲਾਲੇ ਕੋਲ ਨੱਸ ਕੇ ਚਲਾ ਗਿਆ। ਮਸਾਂ ਬਚ-ਬਚਾ ਕੇ ਆਪਣਾ ਆਪ। ਭੇਸ ਬਦਲ ਕੇ, ਮਜ਼ਦੂਰਾਂ ਦੇ ਰੋਹ ਤੋਂ ਬਚ ਕੇ ਨਿਕਲਿਆ ਸੀ।

ਛੇਤੀ ਹੀ ਲਾਲਾ ਆ ਧਮਕਿਆ...।

'ਐਸੀ ਕੇਹੜੀ ਗੱਲ ਹੋ ਗਈ ਏ .... ?'

ਉਸ ਮੁਨੀਮ ਨੂੰ ਸਵਾਲ ਕੀਤਾ, ਉਸ ਜੋ ਸੀ ਦੱਸ ਦਿੱਤਾ। ਸਮਝਾ ਦਿੱਤਾ। ਹੁਣ ਸਾਰਾ ਨਬੇੜਾ ਲਾਲੇ ਦੇ ਫੈਸਲੇ 'ਤੇ ਰਹਿ ਗਿਆ ਸੀ। ਆਏ ਲਾਲੇ ਨੂੰ ਦੇਖ ਮਜ਼ਦੂਰ ਹੋਰ ਰੌਲਾ ਪਾਉਣ ਲੱਗੇ..।

..ਇਤਨਾ ਘਪਲਾ ਕਰਤਾ ਰਹਾ ? ...ਔਰ ਏਕ ਕੋ ਮਾਰੋ..ਮਾਰੋ ਏਸ ਕੋ...।

ਭੀੜ ਵਿਚੋਂ ਚੀਕਵੀਆਂ, ਚਲਾਉਂਦੀਆਂ ਉੱਚੀਆਂ ਨੀਵੀਆਂ ਰਲਗੱਡ ਹੋਈਆਂ ਅਵਾਜ਼ਾਂ ਦੇ ਹੱਲੇ ਹੋ ਰਹੇ ਸਨ।

'ਅਰੇ, ਲਾਲੇ ਨੇ ਕੜਕ ਕੇ ਕਿਹਾ, 'ਹਟੋ ਪੀਛੇ, ਹਟੋ ਪੀਛੇ...?'

ਤਾਂ ਦਰਵਾਜ਼ਾ ਖੋਲਿਆ ਗਿਆ। ਲਾਲਾ ਠੇਕੇਦਾਰ ਨੂੰ ਕੜਕਿਆ, 'ਕਿਉਂ ਵਿਗੜ ਗਿਆ ਮਾਮਲਾ ?'

ਪਰੇਸ਼ਾਨ ਹੋਇਆ, ਅੰਦਰ ਬੈਠਾ ਠੇਕੇਦਾਰ ਮੂਲੋਂ ਉਤਸ਼ਾਹ ਮੁਕਾਈ ਬੈਠਾ, ਕੁਝ ਨਾ ਬੋਲਿਆ। ਲਾਲਾ ਆਪਣੇ ਤਕੜੇ ਬਿਜ਼ਨਸ ਦੇ ਗਰੂਰ ਵਿਚ ਬੇਫਿਕਰ ਸੀ। ਉਸ ਦਾ ਕਾਸਦਾ ਘਾਟਾ। ਭੱਠਾ, ਸ਼ੈਲਰ, ਸਾਬਣ ਦਾ ਕਾਰਖਾਨਾ ਹੋਏ ਫੇਰ... ? ਇਕ ਵਾਰ ਤਾਂ ਅੰਦਰੇ-ਅੰਦਰੇ ਘਬਰਾ ਗਿਆ ਸੀ। ਭੀੜ ਤੋਂ ਡਰ ਗਿਆ। ਭੀੜ ਵਿਚੋਂ ਉਠਦੀਆਂ ਬਾਹਾਂ ਤੇ ਆਵਾਜ਼ਾਂ ਉਸ ਨੂੰ ਥਿੜਕਾ ਰਹੀਆਂ ਸਨ। ਪਰ ਨਹੀਂ...? ਲਾਲੇ ਦੇ ਅੰਦਰ ਸਕੀਮ ਤੇ ਸਕੀਮ ਘੋਲ ਰਹੀ ਸੀ ਤੇ ਭੀੜ ਅੰਦਰ ਆਪਣੇ ਹੱਕ ਦੀ ਲਿਸ਼ਕ-ਚਿਣਗ। ਮੱਥੇ ਤੋਂ ਮੁੜ੍ਹਕਾ ਸਾਫ ਕਰ, ਲਾਲਾ, ਜਮਾਂਦਾਰ ਬੁੱਢੇ ਵੱਲ ਅਹੁਲਿਆ।

'ਬਾਬਾ ਪਾਣੀ ਲਿਆ ?'

'ਕੋਈ ਪਾਣੀ-ਪੂਣੀ ਨਈਓਂ ਮਿਲਣਾ। ਆ ਤੇਰਾ ਠੇਕੇਦਾਰ ਐਨ੍ਹਾਂ ਪ੍ਰਦੇਸੀਆਂ, ਦੀ ਮੰਜੂਰੀ ਈ ਘੱਟ ਲਿਖੀ ਜਾਂਦਾ। ਇਹ ਕਿਧਰਲੀ ਗੱਲ ਐ ਭਲਾ ? ਸਾਲਾ ਵਿਹਲਾ, ਢਿੱਡਲ ਜੇਆ...ਕੰਡਿਆਂ ਉੱਤੇ ਘੜੀਸਿਆ ਹੁੰਦਾ, ਸਾਰਾ ਢਿੱਡ ਛਾਂਗਿਆ ਜਾਣਾ ਸੀ, ਆਹੋ...।'

ਜਮਾਂਦਾਰ ਬੋਲਦਾ ਰਿਹਾ। ਲਾਲਾ ਮੁੜ ਕੜਕਿਆ।

'ਉਏ ਤੂੰ ਵੀ ਰਲ ਗਿਆ ਏਨਾਂ ਨਾਲ ? ਆਪਣੀ ਔਕਾਤ ਜਾਣਦਾ ? ਕੋਈ ਨਈਂ ਸਿਆਣਦਾ ਸੀ ਤੈਨੂੰ ? ਵਿਹਲਾ ਰਹਿੰਨਾ, ਆਫਰਿਆ ਫਿਰਦੈ...।'

ਲਾਲੇ ਦੇ ਦਿਮਾਗ ਅੰਦਰ ਗੁੱਸੇ ਦੀ ਚੜ੍ਹ ਮਚ ਗਈ ਤੇ ਉਹ ਭਾਰੇ ਸਰੀਰ ਅੰਦਰੋਂ ਭਾਰੇ ਬੋਲ ਖਿੱਚ-ਖਿੱਚ ਕੇ ਕੱਢਦਾ ਡਿਗ ਰਿਹਾ ਸੀ।

ਇਕ ਸਮਾਂ ਸੀ, ਜਦ ਜਮਾਂਦਾਰ ਬੁੱਢਾ ਇਕੱਲਾ ਹੀ ਰਹਿ ਗਿਆ ਸੀ। ਉਦੋਂ ਹੜ੍ਹ ਆਏ ਸਨ। ਉਸ ਦਾ ਬਾਕੀ ਸਾਰਾ ਪਰਿਵਾਰ ਰੁੜ੍ਹ ਗਿਆ ਸੀ। ਉਸ ਦੀ ਘਰ ਵਾਲੀ, ਦੋ ਮੁੰਡੇ, ਇਕ ਨੂੰਹ, ਇਕ ਪੋਤਰੀ ਸੀ। ਇਕੱਲਾ ਰਹਿ ਗਿਆ, ਹੱਡ-ਮਾਸ ਨੂੰ ਚੁੱਕੀ ਫਿਰਦਾ, ਜਮਾਂਦਾਰ ਏਥੇ, ਭੱਠੇ 'ਤੇ ਆ ਟਿਕਿਆ। ਦਫ਼ਤਰ ਵਿਚ ਪਾਣੀ ਪਿਆ ਛੱਡਦਾ।

ਤੇ ਹੁਣ ਭਖਿਆ ਲਾਲਾ ਜ਼ੋਰ-ਜ਼ੋਰ ਦੀ ਚਿਲਾਉਣ ਲੱਗਾ,

'ਪਰਾਂ ਹੋ ਕਮਜ਼ਾਤ। ਚੁੱਕ ਲੈ ਆਪਣਾ ਡੰਡਾ ਡੇਰਾ। ਹੋਰ ਨਾ ਕਿਤੇ ਬੁੱਢੇ ਹੱਡ ਮਸਲੇ ਜਾਣ, ਦੇਖ ਲੇ....?'

ਲਾਲੇ ਦੇ ਸ਼ਬਦਾਂ ਨੇ ਰੋਹਬ ਤੇ ਦਹਿਸ਼ਤ ਦਾ ਮਾਹੌਲ ਸਿਰਜ ਦਿੱਤਾ ਤਾਂ ਭੀੜ ਕੜਕ ਪਈ। ਕੱਚੇ-ਪੱਕੇ ਇਕੱਠੇ ਡਿਗਦੇ ਬੇਰਾਂ ਤਰ੍ਹਾਂ ਆਵਾਜ਼ ਆਈ, 'ਅਰੇ ਐਸਾ ਰੋਹਬ ਠੇਕੇਦਾਰ ਪਰ ਡਾਲੋ, ਜੋ ਹਮਾਰੇ ਸਾਥ ਮਾਰ-ਧਾੜ ਕਰ ਰਹਾ ? ਆ ਦੋ-ਚਾਰ ਅੱਖਰ ਸੀਖਨੇ ਸੇ ਹੀ ਮਾਲਮ ਪੜਾ ਕਿ ਯਮ ਤੋਂ ਪਹਿਲੇ

ਸੇ ਹੀ ਹਮਾਰੀ ਪਥਾਈ ਕਮਤੀ ਲਿਖ-ਅ-ਦੇਤਾ ਰਹਾ।

ਪੂਰੇ ਭਰਵੇਂ ਤੇ ਗੜਕਵੇਂ ਸ਼ਬਦ, ਦਫਤਰ ਅੱਗੇ ਗੂੰਜ ਰਹੇ ਸਨ। ਥੋੜ੍ਹੇ ਜਿੰਨੇ ਅੱਖਰ ਗਿਆਨ ਤੇ ਤਜਰਬੇ ਵਿਚੋਂ ਇਹ ਲਾਲ ਰੰਗ ਉਛਲ ਪਿਆ। ਪਰ ਲਾਲੇ ਦੀ ਅੰਦਰੂਨੀ ਚਾਲ ਨੇ ਸਭਨਾਂ ਦਾ ਮੂੰਹ ਬੰਦ ਕਰ ਦਿੱਤਾ ? ਇੰਝ ਜਿਵੇਂ ਹੜ੍ਹ ਦੀ ਮਾਰ ਤੋਂ ਬਚਣ ਲਈ ਬੰਨ੍ਹ ਬੰਨ੍ਹਿਆ ਜਾਵੇ।

ਆਥਣ ਨੂੰ ਦਫਤਰ ਨੇੜੇ ਲੱਗੇ ਦਰਖਤਾਂ ਹੇਠ ਭਰਵੀਂ ਇਕੱਤਰਤਾ ਵਿਚ ਸਭ ਮਜ਼ਦੂਰਾਂ ਨੇ ਅਟੱਲ ਫ਼ੈਸਲਾ ਕਰ ਲਿਆ। ਅਗਲੀ ਸਵੇਰ ਸਭ ਆਪੋ ਆਪਣਾ ਸਾਮਾਨ ਬੰਨ੍ਹ ਰਹੇ ਸਨ। ਥੋੜ੍ਹੇ ਸਮੇਂ ਵਿਚ ਹੀ ਸਾਰਾ ਭੱਠਾ ਸੁੰਨ-ਸਰਾਂ ਬਣ ਗਿਆ ਤੇ ਮਜ਼ਦੂਰ ਜੀ.ਟੀ.ਰੋਡ 'ਤੇ ਆਪਣੇ ਅਗਲੇ ਪੜਾਅ 'ਤੇ ਜਾਣ ਲਈ ਸਾਧਨ ਦੀ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਦਾ ਅੰਦਰ ਭੁੱਬਾਂ ਮਾਰ-ਮਾਰ ਰੋ ਰਿਹਾ ਸੀ। ਕਿੰਨੇ ਸਾਲਾਂ ਤੋਂ ਏਸ ਹੇਰਾ-ਫੇਰੀ ਦੇ ਦਵੰਦ-ਚੱਕਰ ਵਿਚ (ਮਾਰਧਾੜ ਵਿਚ) ਘੁੰਮਣ-ਘੇਰੀ ਖਾਂਦੇ ਹੋਏ ਦਿਨ ਕਟੀ ਕਰੀ ਜਾਂਦੇ ਸਾਂ.....।...ਤੇ ਹੁਣ....ਤੇ ਹੁਣ ਕਿੱਥੇ ਢੋਅ ਮਿਲੇਗਾ ? ਇਹੋ ਪ੍ਰੇਸ਼ਾਨੀ ਸੀ। ਔਕੜ ਸੀ। ਹੱਥ ਵੱਸ ਕੁਝ ਨਹੀਂ ਸੀ। ਅੱਜ....। ਪਰ ਇਕ ਝਟਕਾ ਵੱਜਾ...। ਇਕ ਵਾਰ ਸੋਚ ਟੁਣਕਾਈ ਗਈ। ਉਸ ਨੂੰ ਹਲੂਣਿਆਂ ਗਿਆ। ਉਹੋ ਕੱਚੇ ਨੀਵੇਂ ਆਰਥਿਕਤਾ ਮਾਰੇ ਕੋਠੇ ਮੁੜ ਆਬਾਦ ਹੋ ਗਏ। ਉਨ੍ਹਾਂ ਅੰਦਰ ਪਹਿਲਾਂ ਵਾਲੀ ਰੌਣਕ ਪਰਤ ਆਈ। ਤੇ ਇਕ ਸੰਤੁਸ਼ਟੀ ਵੀ ਸੀ, ਨਵੀਂ ਖੁਸ਼ੀ ਵੀ ਸੀ। ਇਕ ਪਰਤ ਦੀ ਤਹਿ ਹੇਠ ਹੋਰ ਤਹਿ ਲੁਕ ਗਈ ਸੀ। ਲਾਲੇ ਦੀ ਸਕੀਮ ਸਫਲ ਹੋ ਗਈ ਸੀ।

ਆਥਣ-ਉਗਣ ਸਾਰ, ਭੂੰਡਾਂ ਦੀ ਖੱਖਰ ਵਾਂਗ ਸਭ ਮਜ਼ਦੂਰ, ਦਫਤਰ ਨੇੜੇ ਦਰਖੱਤਾਂ ਹੇਠਾਂ ਇਕੱਠੇ ਹੋਣੇ ਸ਼ੁਰੂ ਹੋ ਗਏ। ਭਰਵੀਂ ਇਕੱਤਰਤਾ ਹੋਈ। ਲਾਲਾ ਸੰਬੋਧਨ ਕਰ ਰਿਹਾ ਸੀ।

....ਅਰੇ ਸਭ ਮਜ਼ਦੂਰੋ ਭਾਈਓ ! ਆਜ ਸੇ ਆਪ ਕੋਈ ਭੀ ਯਅ ਸਕੈਤ ਨਈ ਕਰੇਗਾ ਕਿ ਠੇਕੇਦਾਰ, ਤੁਮਾਰੀ ਪਥਾਈ ਕਮਤੀ ਲਿਖਤਾ। ਆਪ ਕੋ ਕੋਈ ਦੁੱਖ ਨਈਂ ਪਹੁੰਚਾਇਆ ਜਾਵੇਗਾ...।'

ਲਾਲੇ ਦਾ ਚਿਹਰਾ, ਸੰਧੂਰੀ ਭਾਅ ਛੱਡਣੋ ਨਹੀਂ ਰਹਿ ਰਿਹਾ। ਉਸ ਦੀ ਵੱਡੀ ਸਾਰੀ ਗੋਗੜ, ਉਸ ਦੇ ਬੋਲਣ ਨਾਲ ਹੀ ਹਿਲਦੀ। ਉਸ ਦੀਆਂ ਗੱਲ੍ਹਾਂ ਵਿਚ ਟੋਏ ਪੈ ਜਾਂਦੇ ਸਨ। ਉਸ ਦੇ ਅਖੀਰਲੇ ਕਹੇ ਬੋਲ 'ਤੇ ਸਭ ਮਜ਼ਦੂਰਾਂ ਦੇ ਚਿਹਰੇ ਟਹਿਕ ਪਏ। ਉਨ੍ਹਾਂ ਨੂੰ ਮਿਲੀ ਥੋੜ੍ਹੀ ਖੁਸ਼ੀ ਹੀ ਲਾਲੇ ਦੇ ਸਭ ਪਰਦੇ ਢੱਕੇ-ਢਕਾਏ ਰਹਿਣ ਲਈ ਬਹੁਤ ਹੋ ਗਈ ਸੀ। ਉਨ੍ਹਾਂ ਨੂੰ ਕੀ ਪਤਾ, ਅਜਿਹੀਆਂ ਚਾਲਾਂ ਦੇ ਧੁਰੇ ਕਿੰਝ ਘੁੰਮਿਆਂ ਕਰਦੇ ਨੇ...। ਸਰਮਾਏਦਾਰੀ ਦਾ ਧੂੰਆਂ ਹੀ ਚਾਰ ਚੁਫੇਰੇ ਧੁੰਦ ਪਸਰਦੀ ਕਰ ਦਿੰਦਾ। ਤੇ ਇਹੋ ਧੁੰਦ ਉਨ੍ਹਾਂ ਸਾਹਮਣੇ ਇਕ ਦਿਨ ਪਸਰੀ ਹੋਈ ਸੀ...। ਆਥਣ ਉਗਣ 'ਤੇ ਪਹਿਲੇ ਪੱਖ, ਸੀਤਾ ਰਾਮ ਤੇ ਮੋਤੀ ਰਾਮ ਦਫਤਰ ਹਿਸਾਬ ਕਰਵਾਉਣ ਗਏ। ਦਫਤਰ ਦੇ ਬਰਾਂਡੇ ਵਿਚ ਭੁੰਜੇ ਪੱਕੀ ਫਰਸ਼ 'ਤੇ ਬੈਠ ਗਏ। ਲਾਲਾ ਅੰਦਰ ਕਿਸੇ ਗਾਹਕ ਨਾਲ, ਇੱਟਾਂ ਦੀਆਂ ਗੱਲਾਂ ਕਰ ਰਿਹਾ ਸੀ। ਮੁਨੀਮ ਤੇ ਠੇਕੇਦਾਰ ਵੀ ਅੰਦਰ ਹੀ ਬੈਠੇ ਸਨ। ਇਸੇ ਕਰਕੇ ਹੀ ਉਹ ਹਿਸਾਬ ਕਰਾਉਣ ਆਏ ਸਨ। ਉਨ੍ਹਾਂ ਦੇ ਅੱਖਰ ਗਿਆਨ ਨੇ ਅੰਦਰਲੀ ਗੱਲ (ਦਫਤਰ ਅੰਦਰਲੀ) ਸਮਝਣ ਦੀ ਵਾਹ ਲਾਈ...

....ਬਈ ਹਰ ਸ਼ੈਅ ਮਹਿੰਗੀ ਐ...ਕੀ ਕੀਤਾ ਜਾਏ।

...ਰੇਟ ਵਧਣਾ ਈ ਵਧਣਾ ਹੋਇਆ...ਅਜੇ ਕੱਲ੍ਹ ਆ ਮਜ਼ਦੂਰਾਂ ਦੀ ਮਜੂਰੀ ਵਧਾਈ ਐ, ਨਈਂ ਤਾਂ ਹੋ ਗਿਆ ਸੀ ਭੱਠਾ ਬੰਦ...।'

ਹੁਣ ਤਾਂ ਗਾਹਕ 'ਤੇ ਹੀ ਨਿਰਭਰ ਸੀ। ਉਸ ਨੂੰ ਵੀ ਅਕਸਰ ਲੋੜ ਹੈ। ਲੋੜ ਵੇਲੇ ਰੇਟ ਨਾਲ ਕੀ ਸਮਝੌਤਾ ਕੀਤਾ ਜਾਵੇ ?

ਸੀਤਾ ਰਾਮ ਹੋਰੀਂ, ਅੱਖੀਂ ਦੇਖ, ਕੰਨੀਂ ਸੁਣ ਕੇ ਵੀ ਚੁੱਪ ਸਨ। ਕੀ ਕਰਦੇ ? ਕੀ ਕਰ ਸਕਣ ? ਸੀਤਾ ਰਾਮ ਦੇ ਤਾਂ ਹਿਸਾਬ ਕਰਕੇ ਵੀ ਐਡਵਾਂਸ ਦੇ ਪੂਰੇ ਨਈਂ ਹੋਏ। ਵਿਚੋਂ ਜੋ ਸੌਦੇ ਪੱਤੇ ਲਈ ਫੜਨਾ ਪਿਆ ਸੀ। ਅਜੇ ਲਾਲੇ (ਦੁਕਾਨਦਾਰ ਲਾਲੇ ਦਾ) ਅੱਠਵੇਂ ਦਿਨ ਦਾ ਕਿਹਾ ਸਿਰ 'ਤੇ ਸੀ। ਸਿਰਫ ਦੋ ਦਿਨ ਬਾਕੀ ਸਨ। ਕੀ ਕਰੇ ? ਸਭ ਨੂੰ ਆਪੋ-ਆਪਣੀ ਹੀ ਹੈ।

❐



<u>ਨਵੇਂ ਚਿਹਰੇ</u>

## ਦੋ .ਗ਼ਜ਼ਲਾਂ / ਕੁਲਜੀਤ ਕੌਰ

1. ਕਿਸ ਤਰ੍ਹਾਂ ਦਾ ਹੈ ਗਰੀਬੀ ਵਾਰ ਕੀਤਾ।
ਹਰ ਭਰੀ ਮਹਿਫ਼ਿਲ 'ਚ ਮੈਨੂੰ ਖੁਆਰ ਕੀਤਾ।

ਮੈਂ ਕਲਮ ਆਪਣੀ ਨੂੰ ਇੰਝ ਗ਼ਮਖ਼ਾਰ ਕੀਤਾ।
ਸ਼ੇਅਰ ਲਿਖਿਆ ਦਿਲ ਦਾ ਹੌਲਾ ਭਾਰ ਕੀਤਾ।

ਅਪਣੇ ਵੱਲੋਂ ਤੇ ਉਸ ਬੜਾ ਉਪਕਾਰ ਕੀਤਾ।
ਅਪਣਾ ਗਮ ਦੇ ਮੈਨੂੰ ਬੀਮਾਰ ਕੀਤਾ।

ਲਾਸ਼ ਨੂੰ ਕਿੱਦਾਂ ਸਹਾਰਾ ਦਿਓਗੇ ?
ਕਤਲ ਉਸ ਮੈਨੂੰ ਨਦੀ ਵਿਚਕਾਰ ਕੀਤਾ।

ਸੀ ਅਸੀਂ ਅਨਪੜ੍ਹ ਤੇ ਬਾ-ਰੁਜ਼ਗਾਰ ਸਾਂ
ਡਿਗਰੀਆਂ ਸਾਨੂੰ ਹੈ ਬੇਰੁਜ਼ਗਾਰ ਕੀਤਾ।

ਐ ਫਰੇਬੀ ! ਸ਼ੁਕਰੀਆ ਤੇਰਾ ਹਾਂ ਕਰਦੀ
ਤੇਰੇ ਧੋਖੇ ਨੇ ਮੈਨੂੰ ਹੁਸ਼ਿਆਰ ਕੀਤਾ।

ਜੇਬ ਖਾਲੀ ਪੁੱਛਦੀ ਹੈ ਉਸ ਕੋਲੋਂ,
ਕਿਉਂ ਨ ਉਸ ਸੀਮਿਤ ਜਿਹਾ ਪਰਵਾਰ ਕੀਤਾ।

ਕਿਹੜਾ ਕੀਤਾ ਨੇਕ ਕੰਮ ਦੁਨੀਆਂ ਤੇ ਆ ਕੇ ?
ਮੈਂ ਕਹਾਂਗੀ ਪਿਆਰ ਕੀਤਾ, ਪਿਆਰ ਕੀਤਾ।

ਉਹ ਸੁਰਾਂ ਦਾ ਜਾਦੂਗਰ, ਸਾਰੰਗ ਦਾ ਹਾਣੀ
ਮੈਂ 'ਗ਼ਜ਼ਲ' ਸਾਂ ਕਿਉਂ ਨਾ ਉਸ ਨੂੰ ਪਿਆਰ ਕੀਤਾ।

2. ਦੁਨੀਆ ਤੋਂ ਕੂਚ ਕਰ ਗਿਆ ਤੇਰੀ ਉਡੀਕ ਵਿਚ।
ਇੱਕ ਘਰ ਤੋਂ ਦੂਜੇ ਘਰ ਗਿਆ ਤੇਰੀ ਉਡੀਕ ਵਿਚ।

ਮਰਦਾ ਹੈ ਕੌਣ ਦੋਸਤਾ ਦੂਜੇ ਦੇ ਵਾਸਤੇ ?
ਉਹ ਪਿਆਰ ਸੀ ਜੋ ਮਰ ਗਿਆ ਤੇਰੀ ਉਡੀਕ ਵਿਚ।

ਨਦੀਆਂ ਨੂੰ ਦੋਸ਼ ਦੇਣਾ ਹੀ ਬਾਕੀ ਰਹਿ ਗਿਆ।
ਮਿੱਟੀ ਦਾ ਬਾਵਾ ਖੁਰ ਗਿਆ ਤੇਰੀ ਉਡੀਕ ਵਿੱਚ।

ਲੱਭੇਂਗਾ ਦੱਸ ਕਿਸ ਤਰ੍ਹਾਂ ਤੂੰ ਮਾਂ ਦਾ ਓਹੀ ਰੂਪ ?
ਜੋ ਸਾਗਰਾਂ ਨੂੰ ਤਰ ਗਿਆ ਤੇਰੀ ਉਡੀਕ ਵਿੱਚ

ਦੱਸਿਆ ਗਿਆ ਸੀ ਓਸ ਨੂੰ ਤੂੰ ਹੈਂ ਨਦੀ ਦਾ ਨੀਰ,
ਪਾਣੀ ਦੇ ਵਿੱਚ ਹੀ ਠਰ ਗਿਆ ਤੇਰੀ ਉਡੀਕ ਵਿਚ।

ਆਸ਼ਿਕ ਸੀ ਉਹ ਕਲਾ ਦਾ ਤੇ ਨਾਲੇ ਸੀ ਦੇਵਤਾ,
ਦੇ ਕੇ 'ਗ਼ਜ਼ਲ' ਨੂੰ ਵਰ ਗਿਆ ਤੇਰੀ ਉਡੀਕ ਵਿਚ।

*—ਪਿੰਡ ਤਲਵੰਡੀ ਖੁੰਮਣ, ਡਾਕ-ਪਾਖਰਪੁਰਾ, ਅੰਮ੍ਰਿਤਸਰ-143502*

# ਮਾਓ-ਜ਼ੇ-ਤੁੰਗ/ਸਾਹਿਤ ਤੇ ਕਲਾ

*(ਲੜੀ ਜੋੜਨ ਲਈ ਵੇਖੋ ਅੰਕ ਨੰ: 34)*

ਪਹਿਲੀ ਸਮੱਸਿਆ ਇਹ ਹੈ :- ਸਾਡਾ ਸਾਹਿਤ ਅਤੇ ਕਲਾ ਆਖਿਰ ਇਸ ਲਈ ਹੈ ?

ਇਸ ਸਮੱਸਿਆ ਨੂੰ ਮਾਰਕਸਵਾਦੀਆਂ ਨੇ ਖਾਸ ਤੌਰ ਤੇ ਲੈਨਿਨ ਨੇ ਕਾਫੀ ਸਮਾਂ ਪਹਿਲਾਂ ਹੀ ਹੱਲ ਕਰ ਦਿੱਤਾ ਸੀ। ਬਹੁਤ ਪਹਿਲਾਂ 1905 ਵਿਚ ਹੀ ਲੈਨਿਨ ਨੇ ਜ਼ੋਰ ਦੇ ਕੇ ਦੱਸਿਆ ਸੀ ਕਿ ਸਾਡੇ ਸਾਹਿਤ ਤੇ ਕਲਾ ਨੂੰ 'ਲੱਖਾਂ-ਕਰੋੜਾਂ ਮਿਹਨਤਕਸ਼ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ।' ਜੋ ਸਾਥੀ ਜਾਪਾਨ-ਵਿਰੋਧੀ ਆਧਾਰ-ਖੇਤਰਾਂ ਵਿਚ ਕਲਾ-ਸਾਹਿਤ ਸੰਬੰਧੀ ਕੰਮਾਂ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਸ਼ਾਇਦ ਅਜਿਹਾ ਲੱਗੇ ਕਿ ਇਹ ਸਮੱਸਿਆ ਹੱਲ ਹੋ ਚੁੱਕੀ ਹੈ ਅਤੇ ਇਸ ਸੰਬੰਧ ਵਿਚ ਹੋਰ ਵਧੇਰੇ ਵਿਚਾਰ-ਚਰਚਾ ਕਰਨ ਦੀ ਲੋੜ ਨਹੀਂ ਹੈ। ਅਸਲ ਵਿਚ ਅਜਿਹਾ ਨਹੀਂ ਹੈ। ਬਹੁਤ ਸਾਰੇ ਸਾਥੀ ਅਜੇ ਇਸਦਾ ਸਪੱਸ਼ਟ ਹੱਲ ਨਹੀਂ ਖੋਜ ਸਕੇ ਹਨ। ਨਤੀਜੇ ਵਜੋਂ ਇਹਨਾਂ ਦੀਆਂ ਭਾਵਨਾਵਾਂ, ਉਨ੍ਹਾਂ ਦੀਆਂ ਰਚਨਾਵਾਂ, ਉਨ੍ਹਾਂ ਦੀਆਂ ਗਤੀਵਿਧੀਆਂ ਅਤੇ ਸਾਹਿਤ ਤੇ ਕਲਾ ਦੇ ਨਿਯਮਾਂ ਬਾਰੇ ਉਨ੍ਹਾਂ ਦੇ ਵਿਚਾਰ ਆਮ ਜਨਤਾ ਅਤੇ ਠੋਸ ਸੰਘਰਸ਼ ਦੀਆਂ ਲੋੜਾਂ ਨਾਲ ਘੱਟ ਜਾਂ ਵੱਧ ਮਾਤਰਾ ਵਿਚ ਮੇਲ ਨਹੀਂ ਖਾਂਦੇ। ਇਸ ਵਿਚ ਤਾਂ ਕੋਈ ਸੰਦੇਹ ਨਹੀਂ ਕਿ ਉਨ੍ਹਾਂ ਅਨੇਕਾਂ ਸੰਸਕ੍ਰਿਤੀ-ਕਰਮੀਆਂ, ਲੇਖਕਾਂ ਕਲਾਕਾਰਾਂ ਅਤੇ ਸਾਹਿਤ ਤੇ ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲੇ ਹੋਰ ਕਾਰਕੁੰਨਾਂ ਵਿਚੋਂ ਜੋ ਕਮਿਊਨਿਸਟ ਪਾਰਟੀ ਤੇ ਅੱਠਵੀਂ ਮਾਰਗ ਸੇਨਾ ਅਤੇ ਨਵੀਂ ਚੌਥੀ ਸੈਨਾ ਨਾਲ ਮਿਲਕੇ ਮਹਾਨ ਮੁਕਤੀ ਸੰਘਰਸ਼ ਵਿਚ ਜੁੱਟੇ ਹੋਏ ਹਨ, ਮੁੱਠੀ ਭਰ ਹੀ ਅਜਿਹੇ ਹੋ ਸਕਦੇ ਹਨ ਜਿਹੜੇ ਅਵਸਰਵਾਦੀ ਹੋਣ ਤੇ ਸਾਡੇ ਨਾਲ ਅਸਥਾਈ ਤੌਰ ਤੇ ਜੁੜੇ ਹੋਏ ਹੋਣ। ਪਰ ਵਧੇਰੇ ਸੰਖਿਆ ਸਾਡੇ ਸਾਂਝੇ ਉਦੇਸ਼ ਲਈ ਬੜੀ ਲਗਨ ਨਾਲ ਕੰਮ ਕਰ ਰਹੀ ਹੈ। ਇਨ੍ਹਾਂ ਸਾਥੀਆਂ ਦੇ ਭਰੋਸੇ ਅਸੀਂ ਆਪਣੇ ਸਾਹਿਤ, ਨਾਟਕ ਸੰਗੀਤ ਅਤੇ ਲਲਿਤ ਕਲਾਵਾਂ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਲੇਖਕਾਂ ਅਤੇ ਕਲਾਕਾਰਾਂ ਨੇ ਵਿਰੋਧ-ਯੁੱਧ ਸ਼ੁਰੂ ਹੁੰਦਿਆਂ ਹੀ ਆਪਣਾ ਕੰਮ ਸ਼ੁਰੂ ਕਰ ਦਿੱਤਾ ਸੀ। ਬਹੁਤ ਸਾਰੇ ਹੋਰ ਲੇਖਕਾਂ ਅਤੇ ਕਲਾਕਾਰਾਂ ਨੇ ਯੁੱਧ ਤੋਂ ਪਹਿਲਾਂ ਵੀ ਬਹੁਤ ਸਾਰਾ ਇਨਕਲਾਬੀ ਕੰਮ ਕੀਤਾ ਹੈ। ਉਨ੍ਹਾਂ ਨੇ ਬਹੁਤ ਸਾਰੀਆਂ ਔਕੜਾਂ ਝੱਲੀਆਂ ਹਨ ਅਤੇ ਆਪਣੀਆਂ ਗਤੀਵਿਧੀਆਂ ਤੇ ਰਚਨਾਵਾਂ ਨਾਲ ਵਿਆਪਕ ਜਨਤਾ ਉਪਰ ਪ੍ਰਭਾਵ ਪਾਇਆ ਹੈ। ਅਜਿਹੀ ਹਾਲਤ ਵਿਚ ਭਲਾ ਅਸੀਂ ਇਹ ਕਿਉਂ ਕਹਿੰਦੇ ਹਾਂ ਕਿ ਇਨ੍ਹਾਂ ਸਾਥੀਆਂ ਵਿਚ ਵੀ ਕੁਝ ਲੋਕ ਅਜਿਹੇ ਹਨ ਜੋ ਇਸ ਸਮੱਸਿਆ ਦਾ ਅਜੇ ਤੱਕ ਹੱਲ ਨਹੀਂ ਲੱਭ ਸਕੇ ਹਨ ਕਿ ਆਖਿਰ ਸਾਹਿਤ ਤੇ ਕਲਾ ਹੈ ਕਿਸ ਲਈ ? ਕੀ ਇਸ ਗੱਲ ਦੀ ਕਲਪਨਾ ਕੀਤੀ ਜਾ ਸਕਦੀ ਹੈ ਕਿ ਅਜੇ ਕੁਝ ਲੋਕ ਅਜਿਹੇ ਹੋਣ ਜੋ ਇਹ ਸਮਝਦੇ ਹੋਣ ਕਿ ਇਨਕਲਾਬੀ ਸਾਹਿਤ ਤੇ ਕਲਾ ਜਨਤਾ ਦੇ ਵਿਸ਼ਾਲ ਸਮੂਹ ਦੇ ਲਈ ਨਹੀਂ ਬਲਕਿ ਸ਼ੋਸ਼ਕਾਂ ਤੇ ਜ਼ੁਲਮ ਕਰਨ ਵਾਲਿਆਂ ਲਈ ਹੁੰਦਾ ਹੈ।

ਸੱਚਮੁੱਚ ਅਜਿਹਾ ਸਾਹਿਤ ਅਤੇ ਅਜਿਹੀ ਕਲਾ ਵੀ ਮੌਜੂਦ ਹੈ ਜੋ ਸ਼ੋਸ਼ਕਾਂ ਤੇ ਜ਼ੁਲਮੀਆਂ ਲਈ ਹੈ। ਜੋ ਸਾਹਿਤ ਤੇ ਕਲਾ ਜ਼ਿਮੀਂਦਾਰ ਵਰਗ ਲਈ ਹੋਣ, ਉਹ ਸਾਮੰਤੀ ਕਲਾ ਤੇ ਸਾਹਿਤ ਕਹਾਉਂਦਾ ਹੈ। ਚੀਨ ਦੇ ਸਾਮੰਤੀ ਯੁੱਗ ਵਿਚ ਸ਼ਾਸਿਤ ਵਰਗ ਦਾ ਕਲਾ-ਸਾਹਿਤ ਅਜਿਹਾ ਹੀ ਸੀ। ਅੱਜ ਵੀ ਇਸ ਤਰ੍ਹਾਂ ਦੇ ਕਲਾ-ਸਾਹਿਤ ਦਾ ਚੀਨ ਲਈ ਜੋ ਇਨਕਲਾਬ ਦੀ ਅਗਵਾਈ ਕਰਦਾ ਹੈ। ਉਹ ਕਿਸਾਨਾਂ ਲਈ ਹੈ ਜਿਨ੍ਹਾਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ ਜੋ ਇਨਕਲਾਬ ਵਿਚ ਸਾਡੇ ਨੇੜਲੇ ਸਹਿਯੋਗੀ ਹਨ। ਤੀਸਰੇ, ਉਹ ਹਥਿਆਰਬੰਦ ਮਜ਼ਦੂਰਾਂ ਕਿਸਾਨਾਂ ਭਾਵ ਅੱਠਵੀਂ ਮਾਰਗ ਸੈਨਾ ਅਤੇ ਨਵੀਂ ਚੌਥੀ ਸੈਨਾ ਦੇ ਦੂਸਰੇ ਹਥਿਆਰਬੰਦ ਫੌਜੀਆਂ ਲਈ ਹੈ ਜੋ ਇਨਕਲਾਬੀ ਯੁੱਧ ਦੀ ਮੂਲ ਸ਼ਕਤੀ ਹਨ। ਚੌਥੇ ਅਤੇ ਨਿਮਨ ਪੂੰਜੀਵਾਦ ਬੁੱਧੀਜੀਵੀਆਂ ਲਈ ਹੈ, ਇਹ ਦੋਨੋਂ ਹੀ ਤਰ੍ਹਾਂ ਦੇ ਲੋਕ ਇਨਕਲਾਬ ਵਿਚ ਸਾਡੇ ਸਹਿਯੋਗੀ ਹਨ ਅਤੇ ਸਾਡੇ ਨਾਲ ਲੰਮੇ ਸਮੇਂ ਤੱਕ ਸਹਿਯੋਗ ਕਰ ਸਕਦੇ ਹਨ। ਇਹ ਚਾਰ ਤਰ੍ਹਾਂ ਦੇ ਲੋਕ ਮਿਲਕੇ ਚੀਨੀ ਰਾਸ਼ਟਰ ਦੀ ਭਾਰੀ ਬਹੁਗਿਣਤੀ ਜਨਤਾ ਅਤੇ ਵਿਆਪਕ ਜਨ-ਸਮੂਹ ਬਣ ਜਾਂਦੇ ਹਨ।



ਸਾਡਾ ਸਾਹਿਤ ਤੇ ਕਲਾ ਉਪਰ ਦੱਸੇ ਗਏ ਚਾਰ ਤਰ੍ਹਾਂ ਦੇ ਲੋਕਾਂ ਲਈ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਸੇਵਾ ਕਰਨ ਲਈ ਸਾਨੂੰ ਸਰਵਹਾਰਾ ਵਰਗ ਦ੍ਰਿਸ਼ਟੀਕੋਣ ਅਪਨਾਉਣਾ ਚਾਹੀਦਾ ਹੈ, ਨਿਮਨ ਪੂੰਜੀਵਾਦੀ ਵਰਗ ਦ੍ਰਿਸ਼ਟੀਕੋਣ ਨਹੀਂ। ਅੱਜ ਦੇ ਵਿਅਕਤੀਵਾਦੀ ਅਤੇ ਨਿਮਨ-ਪੂੰਜੀਵਾਦੀ ਦ੍ਰਿਸ਼ਟੀਕੋਣ ਨਾਲ ਚਿਪਕੇ ਰਹਿਣ ਵਾਲੇ ਲੇਖਕ, ਇਨਕਲਾਬੀ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਦੇ ਵਿਸ਼ਾਲ ਜਨ-ਸਮੂਹ ਦੀ ਸੱਚੀ ਸੇਵਾ ਨਹੀਂ ਕਰ ਸਕਦੇ। ਉਨ੍ਹਾਂ ਦੀ ਦਿਲਚਸਪੀ ਮੁੱਖ ਰੂਪ ਵਿਚ ਕੁਝ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਉੱਪਰ ਹੀ ਕੇਂਦਰਤਿ ਰਹਿੰਦੀ ਹੈ। ਇਸ ਗੱਲ ਦਾ ਇਹੀ ਮੁੱਖ ਕਾਰਣ ਹੈ ਕਿ ਸਾਡੇ ਕੁਝ ਸਾਥੀ 'ਕਿਸਦੇ ਲਈ ?' ਦੀ ਸਮੱਸਿਆ ਸਹੀ ਢੰਗ ਨਾਲ ਹੱਲ ਨਹੀਂ ਕਰ ਪਾਉਂਦੇ। ਇਹ ਗੱਲ ਕਹਿੰਦੇ ਹੋਏ ਮੈਂ ਸਿਧਾਂਤ ਦੀ ਚਰਚਾ ਨਹੀਂ ਕਰ ਰਿਹਾ ਹਾਂ। ਸਿਧਾਂਤ ਰੂਪ ਵਿਚ ਜਾਂ ਆਪਣੀ ਕਥਨੀ ਵਿਚ ਸਾਡੀਆਂ ਸਫਾਂ ਦਾ ਕੋਈ ਵੀ ਵਿਅਕਤੀ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਦੇ ਵਿਸ਼ਾਲ ਲੋਕ-ਸਮੂਹ ਨੂੰ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਤੋਂ ਘੱਟ ਮਹੱਤਵਪੂਰਣ ਨਹੀਂ ਸਮਝਦਾ। ਮੈਂ ਇਥੇ ਵਿਹਾਰ ਦੀ ਗੱਲ ਕਰ ਰਿਹਾ ਹਾਂ, ਕਥਨੀ ਦੀ ਨਹੀਂ ਬਲਕਿ ਕਰਨੀ ਦੀ ਗੱਲ ਕਰ ਰਿਹਾ ਹਾਂ। ਤਾਂ ਕਿ ਆਪਣੇ ਵਿਹਾਰ ਵਿਚ, ਆਪਣੀ ਕਰਨੀ ਵਿਚ ਉਹ ਲੋਕ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਨੂੰ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਤੋਂ ਵੱਧ ਮਹੱਤਵਪੂਰਣ ਸਮਝਦੇ ਹਨ ? ਮੈਂ ਸਮਝਦਾ ਹਾਂ ਕਿ ਉਹ ਅਜਿਹਾ ਕਰਦੇ ਹਨ। ਬਹੁਤ ਸਾਰੇ ਸਾਥੀ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਦਾ ਅਧਿਐਨ ਕਰਨ ਅਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਦਾ ਵਿਸ਼ਲੇਸ਼ਣ ਕਰਨ ਵਿਚ ਬੜੀ ਦਿਲਚਸਪੀ ਦਿਖਾਉਂਦੇ ਹਨ। ਉਹ ਲੋਕ ਇਨ੍ਹਾਂ ਬੁੱਧੀਜੀਵੀਆਂ ਦਾ ਚਿਤ੍ਰਣ ਕਰਨ ਅਤੇ ਉਨ੍ਹਾਂ ਦੀਆਂ ਲਿਖਤਾਂ ਕਾਫੀ ਅਸਰ ਹੈ। ਜੋ ਕਲਾ-ਸਾਹਿਤ ਪੂੰਜੀਪਤੀ ਵਰਗ ਲਈ ਹੁੰਦਾ ਹੈ। ਉਹ ਪੂੰਜੀਵਾਦੀ ਕਲਾ-ਸਾਹਿਤ ਅਖਵਾਉਂਦਾ ਹੈ। ਲਿਆਂਗ-ਸ਼-ਛਿਊ ਵਰਗੇ ਲੋਕ ਜਿਸਦੀ ਲੂ-ਸ਼ੁਨ ਨੇ ਆਲੋਚਨਾ ਕੀਤੀ ਸੀ ਕਲਾ-ਸਾਹਿਤ ਨੂੰ ਵਰਗਾਂ ਤੋਂ ਪਰੇ ਦੱਸਦੇ ਹਨ, ਪ੍ਰੰਤੂ ਅਸਲ ਵਿਚ ਇਹ ਲੋਕ ਪੂੰਜੀਵਾਦੀ ਕਲਾ-ਸਾਹਿਤ ਦੇ ਹਾਮੀ ਹਨ ਅਤੇ ਸਰਵਹਾਰਾ ਕਲਾ-ਸਾਹਿਤ ਦਾ ਵਿਰੋਧ ਕਰਦੇ ਹਨ। ਇਨ੍ਹਾਂ ਤੋਂ ਇਲਾਵਾ ਸਾਮਰਾਜਵਾਦੀਆਂ ਦੀ ਸੇਵਾ ਕਰਨ ਵਾਲਾ ਕਲਾ-ਸਾਹਿਤ ਵੀ ਹੁੰਦਾ ਹੈ-ਜਿਵੇਂ ਚਉ ਦੋ-ਰਨ, ਚਾਂਗ ਚਾ ਫਿੰਗ ਅਤੇ ਉਸ ਵਰਗੇ ਹੋਰ ਲੋਕਾਂ ਦੀਆਂ ਰਚਨਾਵਾਂ-ਜਿਨਾਂ ਨੂੰ ਅਸੀਂ ਦੇਸ਼-ਧਰੋਹੀ ਕਲਾ ਸਾਹਿਤ ਕਹਿੰਦੇ ਹਨ। ਜਿੱਥੋਂ ਤੱਕ ਸਾਡਾ ਤਾਅਲੁਕ ਹੈ ਅਸੀਂ ਇਹ ਸਮਝਦੇ ਹਾਂ ਕਿ ਕਲਾ-ਸਾਹਿਤ ਜਨਤਾ ਲਈ ਹੈ, ਉਪਰੋਕਤ ਕਿਸੇ ਗੁੱਟ ਲਈ ਨਹੀਂ। ਅਸੀਂ ਇਹ ਦੱਸ ਚੁੱਕੇ ਹਾਂ ਕਿ ਵਰਤਮਾਨ ਦੌਰ ਵਿਚ ਚੀਨ ਦਾ ਨਵਾਂ ਸਭਿਆਚਾਰ ਸਰਵਹਾਰਾ ਵਰਗ ਦੀ ਅਗਵਾਈ ਵਿਚ ਇਕ ਵਿਸ਼ਾਲ ਜਨ ਸਮੂਹ ਦਾ ਸਾਮਰਜਵਾਦ ਵਿਰੋਧੀ ਅਤੇ ਸਾਮੰਤ ਵਿਰੋਧੀ ਸਭਿਆਚਾਰ ਹੈ। ਅੱਜਕਲ੍ਹ ਜੋ ਕੁਝ ਸਹੀ ਰੂਪ ਵਿਚ ਲੋਕ ਸਮੂਹ ਦੇ ਹਿੱਤ ਵਿਚ ਹੁੰਦਾ ਹੈ, ਇਹ ਨਿਸ਼ਚਿਤ ਹੀ ਸਰਵਹਾਰਾ ਵਰਗ ਦੀ ਅਗਵਾਈ ਵਿਚ ਹੁੰਦਾ ਹੈ। ਜੋ ਕੁਝ ਪੂੰਜੀਪਤੀ ਵਰਗ ਦੀ ਅਗਵਾਈ ਵਿਚ ਹੁੰਦਾ ਹੈ, ਉਹ ਆਮ ਜਨਤਾ ਦੇ ਹਿਤ ਵਿਚ ਹਰਗਿਜ਼ ਨਹੀਂ ਹੋ ਸਕਦਾ। ਸੁਭਾਵਕ ਹੀ ਇਹੀ ਗੱਲ ਨਵੇਂ ਕਲਾ ਸਾਹਿਤ ਉਪਰ ਵੀ ਲਾਗੂ ਹੁੰਦੀ ਹੈ ਜੋ ਨਵੇਂ ਸਭਿਆਚਾਰ ਦਾ ਅੰਗ ਹੈ। ਸਾਨੂੰ ਕਲਾ-ਸਾਹਿਤ ਦੀ ਅਮੀਰ ਵਿਰਾਸਤ ਨੂੰ ਕਲਾ-ਸਾਹਿਤ ਦੀਆਂ ਸ੍ਰੇਸ਼ਟ ਪ੍ਰੰਪਰਾਵਾਂ ਨੂੰ-ਜੋ ਚੀਨ ਤੇ ਦੂਸਰੇ ਦੇਸ਼ਾਂ ਵਿਚ ਅਤੀਤ ਕਾਲ ਤੋਂ ਚਲੀਆਂ ਆ ਰਹੀਆਂ ਹਨ, ਸਵੀਕਾਰ ਕਰ ਲੈਣਾ ਚਾਹੀਦਾ ਹੈ। ਪ੍ਰੰਤੂ ਸਾਡਾ ਉਦੇਸ਼ ਵਿਸ਼ਾਲ ਲੋਕ ਸਮੂਹ ਦੀ ਸੇਵਾ ਹੋਣੀ ਚਾਹੀਦੀ ਹੈ। ਅਸੀਂ ਅਤੀਤ ਕਾਲ ਦੇ ਸਾਹਿਤਕ ਤੇ ਕਲਾਤਮਕ ਰੂਪਾਂ ਦਾ ਇਸਤੇਮਾਲ ਕਰਨ ਤੋਂ ਇਨਕਾਰ ਨਹੀਂ ਕਰਦੇ। ਪ੍ਰੰਤੂ ਸਾਡੇ ਹੱਥ ਆਉਣ ਤੋਂ ਬਾਦ ਇਹ ਪੁਰਾਣੇ ਰੂਪ ਵੀ ਜਿਨ੍ਹਾਂ ਨੂੰ ਪੁਨਰ-ਸੁਰਜੀਤ ਕਰਕੇ ਅਸੀਂ ਨਵਾਂ ਵਿਸ਼ੇ ਵਸਤੂ ਭਰ ਦਿੰਦੇ ਹਾਂ, ਜਨਤਾ ਦੀ ਸੇਵਾ ਕਰਨ ਵਾਲੀ ਇਕ ਇਨਕਲਾਬੀ ਚੀਜ਼ ਬਣ ਜਾਂਦੇ ਹਨ।

ਵਿਸ਼ਾਲ ਲੋਕ ਸਮੂਹ ਵਿਚ ਆਖਿਰ ਕਿਹੜੇ ਲੋਕ ਸ਼ਾਮਿਲ ਹਨ ? ਜਨਤਾ ਦੇ ਵਿਆਪਕ ਤਬਕਿਆਂ ਵਿਚੋਂ ਜਿਨਾਂ ਦੀ ਗਿਣਤੀ 90 ਪ੍ਰਤਿਸ਼ਤ ਤੋਂ ਵੀ ਵਧੇਰੇ ਹੈ, ਮਜ਼ਦੂਰ, ਕਿਸਾਨ, ਸੈਨਿਕ ਅਤੇ ਸ਼ਹਿਰੀ ਨਿਮਨ-ਪੂੰਜੀਪਤੀ ਵਰਗ ਦੇ ਲੋਕ ਇਸ ਵਿਚ ਸ਼ਾਮਿਲ ਹਨ। ਇਸ ਲਈ ਸਾਡਾ ਕਲਾ ਸਾਹਿਤ ਸਭ ਤੋਂ ਪਹਿਲਾਂ ਮਜ਼ਦੂਰਾਂ ਲਈ ਹੈ। ਇਕ ਅਜਿਹੇ ਵਰਗ ਜੋ ਕਮਜ਼ੋਰੀਆਂ ਨੂੰ ਅੱਖੋਂ ਉਹਲੇ ਕਰਨ ਜਾਂ ਉਨ੍ਹਾਂ ਦੀ ਪੈਰਵੀ ਕਰਨ ਵਿਚ ਹੀ ਆਪਣਾ ਧਿਆਨ ਲਾਉਂਦੇ ਹਨ। ਬਜਾਇ ਇਸਦੇ ਕਿ

ਉਹ ਬੁੱਧੀ-ਜੀਵੀਆਂ ਦੀ ਇਸ ਗੱਲ ਲਈ ਅਗਵਾਈ ਕਰਨ ਕਿ ਉਹ ਉਨ੍ਹਾਂ ਨਾਲ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਦੇ ਵਿਸ਼ਾਲ ਲੋਕ-ਸਮੂਹ ਨਾਲ ਨੇੜਿਓਂ ਇਕ ਜੁੱਟ ਹੋ ਜਾਣ, ਉਨ੍ਹਾਂ ਦੇ ਵਿਹਾਰਕ ਸੰਘਰਸ਼ ਵਿਚ ਹਿੱਸਾ ਲੈਣ, ਉਨ੍ਹਾਂ ਦਾ ਚਿਤ੍ਰਣ ਕਰਨ ਤੇ ਉਨ੍ਹਾਂ ਨੂੰ ਰਾਹ ਦੱਸਣ। ਨਿਮਨ ਪੂੰਜੀਪਤੀ ਵਰਗ ਵਿਚ ਪੈਦਾ ਹੋਣ ਅਤੇ ਖ਼ੁਦ ਵੀ ਬੁੱਧੀਜੀਵੀ ਹੋਣ ਕਾਰਣ ਬਹੁਤ ਸਾਰੇ ਸਾਥੀ ਆਪਣੇ ਮਿੱਤਰਾਂ ਦੀ ਖੋਜ ਸਿਰਫ਼ ਬੁੱਧੀਜੀਵੀਆਂ ਵਿੱਚ ਹੀ ਕਰਦੇ ਹਨ ਅਤੇ ਉਨ੍ਹਾਂ ਦਾ ਹੀ ਅਧਿਐਨ ਅਤੇ ਚਿਤਰਣ ਕਰਨ ਵੱਲ ਧਿਆਨ ਦਿੰਦੇ ਹਨ। ਇਸ ਤਰ੍ਹਾਂ ਦਾ ਅਧਿਐਨ ਜੇਕਰ ਸਰਵਹਾਰਾ ਦੀ ਦ੍ਰਿਸ਼ਟੀ ਤੋਂ ਕੀਤਾ ਜਾਵੇ ਤਾਂ ਉਹ ਉਚਿਤ ਹੈ। ਪ੍ਰੰਤੂ ਉਹ ਅਜਿਹਾ ਨਹੀਂ ਕਰਦੇ ਭਾਵ ਪੂਰੀ ਤਰ੍ਹਾਂ ਅਜਿਹਾ ਨਹੀਂ ਕਰਦੇ। ਉਹ ਨਿਮਨ ਪੂੰਜੀਵਾਦੀ ਦ੍ਰਿਸ਼ਟੀਕੋਣ ਅਪਣਾ ਲੈਂਦੇ ਹਨ ਅਤੇ ਅਜਿਹੀਆਂ ਰਚਨਾਵਾਂ ਦੀ ਸਿਰਜਣਾ ਕਰਦੇ ਹਨ, ਜਿਨ੍ਹਾਂ ਵਿੱਚ ਨਿਮਨ ਪੂੰਜੀਪਤੀ ਵਰਗ ਦੀ ਹੀ ਆਤਮ-ਅਭੀਵਿਅਕਤੀ ਹੁੰਦੀ ਹੈ, ਜਿਵੇਂ ਬਹੁਤੀਆਂ ਸਾਹਿਤਕ ਰਚਨਾਵਾਂ ਤੇ ਕਲਾਕਿਰਤਾਂ ਵਿਚ ਵਿਖਾਈ ਦਿੰਦਾ ਹੈ। ਅਜਿਹੇ ਲੇਖਕ ਅਕਸਰ ਨਿਮਨ-ਪੂੰਜੀਪਤੀ ਵਰਗ ਵਿਚ ਪੈਦਾ ਹੋਣ ਵਾਲੇ ਬੁੱਧੀਜੀਵੀਆਂ ਵੱਲ ਹਾਰਦਿਕ ਹਮਦਰਦੀ ਪ੍ਰਗਟ ਕਰਦੇ ਹਨ ਅਤੇ ਇਥੋਂ ਤੱਕ ਅਗਾਂਹ ਵੱਧ ਜਾਂਦੇ ਹਨ ਕਿ ਉਨ੍ਹਾਂ ਦੀਆਂ ਕਮਜ਼ੋਰੀਆਂ ਵੱਲ ਵੀ ਹਮਦਰਦੀ ਰੱਖਣ ਲੱਗਦੇ ਹਨ ਅਤੇ ਉਨ੍ਹਾਂ ਦੀ ਪ੍ਰਸੰਸਾ ਕਰਦੇ ਹਨ। ਦੂਸਰੇ ਪਾਸੇ ਇਹ ਸਾਥੀ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਦੇ ਵਿਸ਼ਾਲ ਲੋਕ-ਸਮੂਹ ਨਾਲ ਬਹੁਤ ਘੱਟ ਸੰਪਰਕ ਰੱਖਦੇ ਹਨ। ਉਹ ਉਨ੍ਹਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਉਨ੍ਹਾਂ ਵਿਚ ਆਪਣੇ ਨਜ਼ਦੀਕੀ ਮਿੱਤਰ ਨਹੀਂ ਬਣਾਉਂਦੇ। ਉਹ ਉਨ੍ਹਾਂ ਦਾ ਚਿੱਤਰਣ ਕਰਨ ਵਿਚ ਮੁਹਾਰਤ ਨਹੀਂ ਰੱਖਦੇ, ਅਤੇ ਜਦੋਂ ਕਦੇ ਉਨ੍ਹਾਂ ਦਾ ਚਿਤਰਣ ਕਰਦੇ ਵੀ ਹਨ ਤਾਂ ਉਨ੍ਹਾਂ ਦੇ ਪਾਤਰਾਂ ਦਾ ਪਹਿਰਾਵਾ ਤਾਂ ਮਿਹਨਤਕਸ਼ ਜਨਤਾ ਦਾ ਹੁੰਦਾ ਹੈ ਪ੍ਰੰਤੂ ਚਿਹਰਾ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਦਾ ਹੁੰਦਾ ਹੈ। ਕੁਝ ਗੱਲਾਂ ਵਿੱਚ ਤਾਂ ਉਹ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਅਤੇ ਇਨ੍ਹਾਂ ਵਰਗਾਂ ਵਿਚ ਪੈਦਾ ਹੋਣ ਵਾਲੇ ਕਾਰਜ ਕਰਤਾਵਾਂ ਨੂੰ ਪਸੰਦ ਕਰਦੇ ਹਨ ਪ੍ਰੰਤੂ ਕਦੇ ਕਦੇ ਅਜਿਹੇ ਮੌਕੇ ਵੀ ਆਉਂਦੇ ਹਨ ਜਦੋਂ ਇਹ ਲੋਕ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ, ਕੁਝ ਗੱਲਾਂ ਵਿਚ ਤਾਂ ਉਨ੍ਹਾਂ ਨੂੰ ਬਿਲਕੁਲ ਹੀ ਪਸੰਦ ਨਹੀਂ ਕਰਦੇ। ਇਹ ਲੋਕ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜਾਂ ਉਨ੍ਹਾਂ ਦੇ ਤੌਰ ਤਰੀਕਿਆਂ ਨੂੰ ਜਾਂ ਉਨ੍ਹਾਂ ਦੇ ਮੁਢਲੇ ਕਲਾ ਸਾਹਿਤ ਨੂੰ (ਕੰਧ-ਅੱਖਰਾਂ, ਕੰਧ ਚਿੱਤਰਾਂ, ਲੋਕ ਗੀਤਾਂ, ਲੋਕ-ਕਥਾਵਾਂ ਆਦਿ ਨੂੰ) ਪਸੰਦ ਨਹੀਂ ਕਰਦੇ। ਕਦੇ ਕਦੇ ਉਹ ਇਨ੍ਹਾਂ ਚੀਜ਼ਾਂ ਨੂੰ ਪਸੰਦ ਕਰਨ ਲੱਗਦੇ ਹਨ, ਲੇਕਿਨ ਸਭ ਕੁਝ ਤਾਂ ਹੀ ਹੁੰਦਾ ਹੈ ਜਦੋਂ ਉਹ ਕਿਸੇ ਅਨੋਖੀ ਚੀਜ਼ ਦੀ ਭਾਲ ਵਿਚ ਹੋਣ। ਕਿਸੇ ਅਜਿਹੀ ਚੀਜ਼ ਦੀ ਤਲਾਸ਼ ਵਿਚ ਜਿਸ ਨਾਲ ਉਹ ਆਪਣੀਆਂ ਰਚਨਾਵਾਂ ਨੂੰ ਸਜਾ ਸਕਣ। ਇਥੋਂ ਤੱਕ ਕਿ ਆਪਣਾ ਇਹ ਮਕਸਦ ਪੂਰਾ ਕਰਨ ਲਈ ਉਹ ਕਿਸੇ ਪਿਛੜੀ ਹੋਈ ਵਸਤੂ ਦੀ ਤਲਾਸ਼ ਵਿਚ ਵੀ ਰਹਿੰਦੇ ਹਨ। ਕਿਸੇ ਹੋਰ ਮੌਕੇ ਉਹ ਇਨ੍ਹਾਂ ਗੱਲਾਂ ਦੀ ਖੁਲ੍ਹਮ-ਖੁੱਲ੍ਹਾ ਘਿਰਣਾ ਕਰਦੇ ਹਨ ਅਤੇ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਇਥੋਂ ਤੱਕ ਕਿ ਪੂੰਜੀਪਤੀ ਵਰਗ ਦੀਆਂ ਚੀਜ਼ਾਂ ਵੱਲ ਵੀ ਪੱਖਪਾਤੀ ਰੂਪ ਅਪਣਾ ਲੈਂਦੇ ਹਨ। ਇਨ੍ਹਾਂ ਸਾਥੀਆਂ ਨੇ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਦੇ ਪੱਖ ਵਿਚ ਪੈਰ ਗੱਡੇ ਹੋਏ ਹਨ। ਹੋਰ ਵੀ ਅਲੰਕਾਰਕ ਢੰਗ ਨਾਲ ਕਿਹਾ ਜਾਵੇ ਤਾਂ ਉਨ੍ਹਾਂ ਦੀ ਅੰਤਰ-ਚੇਤਨਾ ਉੱਤੇ ਅਜੇ ਵੀ ਨਿਮਨ-ਪੂੰਜੀਵਾਦੀ ਬੁੱਧੀਜੀਵੀ ਵਰਗ ਦਾ ਹੀ ਸਿੱਕਾ ਬੈਠਾ ਹੋਇਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਅਜੇ ਤੱਕ 'ਕਿਸਦੇ ਲਈ ?' ਸਮੱਸਿਆ ਨੂੰ ਸੁਲਝਾਇਆ ਨਹੀਂ ਹੈ ਜਾਂ ਸਪੱਸ਼ਟ ਰੂਪ ਵਿਚ ਉਹ ਇਸ ਸਮੱਸਿਆ ਨੂੰ ਸੁਲਝਾ ਨਹੀਂ ਸਕੇ ਹਨ। ਇਹ ਗੱਲ ਯੇਨਾਨ ਆਉਣ ਵਾਲੇ ਨਵੇਂ ਲੇਖਕਾਂ ਉਪਰ ਹੀ ਲਾਗੂ ਨਹੀਂ ਹੁੰਦੀ, ਅਜਿਹੇ ਸਾਥੀਆਂ ਉਪਰ ਵੀ ਲਾਗੂ ਹੁੰਦੀ ਹੈ ਜੋ ਲੜਾਈ ਦੇ ਮੋਰਚੇ ਤੇ ਜਾ ਚੁੱਕੇ ਹਨ ਅਤੇ ਸਾਡੇ ਆਧਾਰ ਖੇਤਰਾਂ ਵਿੱਚ ਜਾਂ ਅੱਠਵੀਂ ਮਾਰਗ ਸੈਨਾ ਜਾਂ ਨਵੀਂ ਚੌਥੀ ਸੈਨਾ ਵਿਚ ਅਨੇਕ ਵਰ੍ਹਿਆਂ ਤੱਕ ਕੰਮ ਕਰ ਚੁੱਕੇ ਹਨ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੇ ਇਸ ਸਮੱਸਿਆ ਨੂੰ ਅਜੇ ਪੂਰੀ ਤਰ੍ਹਾਂ ਹੱਲ ਨਹੀਂ ਕੀਤਾ। ਇਸਨੂੰ ਹੱਲ ਕਰਨ ਲਈ ਇਕ ਲੰਮਾ ਸਮਾਂ ਲੱਗਦਾ ਹੈ। ਘੱਟ ਤੋਂ ਘੱਟ ਅੱਠ ਦਸ ਸਾਲ ਲੱਗ ਜਾਂਦੇ ਹਨ। ਪ੍ਰੰਤੂ ਇਸ ਵਿਚ ਭਾਵੇਂ ਕਿੰਨਾ ਹੀ ਸਮਾਂ ਕਿਉਂ ਨਾ ਲੱਗੇ ਅਸੀਂ ਹਰ ਹਾਲਤ ਵਿਚ ਇਸ ਨੂੰ ਹੱਲ ਕਰਨਾ ਹੈ ਜਾਂ ਬਿਨਾਂ ਕਿਸੇ ਸ਼ੱਕ ਤੋਂ ਅਤੇ ਸਮੁੱਚੇ ਤੌਰ ਤੇ ਹੱਲ ਕਰਨਾ ਹੈ। ਸਾਹਿਤ ਤੇ ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲੇ ਸਾਡੇ ਕਾਰਜਕਰਤਾਵਾਂ ਨੂੰ ਆਪਣਾ ਇਹ ਕੰਮ ਪੂਰਾ ਕਰ ਲੈਣਾ ਚਾਹੀਦਾ ਹੈ ਅਤੇ ਆਪਣਾ ਦ੍ਰਿਸ਼ਟੀਕੋਣ ਬਦਲ ਲੈਣਾ



ਚਾਹੀਦਾ ਹੈ। ਉਨ੍ਹਾਂ ਨੂੰ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਦੇ ਵਿਚ ਜਾਣ ਦੀ ਪ੍ਰਕਿਰਿਆ ਅਤੇ ਮਾਰਕਸਵਾਦ ਤੇ ਸਮਾਜ ਦਾ ਅਧਿਐਨ ਕਰਨ ਦੀ ਪ੍ਰਕਿਰਿਆ ਰਾਹੀਂ ਕਦਮ ਕਦਮ ਕਰਕੇ ਆਪਣੇ ਪੈਰ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਦੇ ਪੱਖ ਵਿਚ ਜਮਾ ਲੈਣੇ ਚਾਹੀਦੇ ਹਨ, ਸਰਵਹਾਰਾ ਵਰਗ ਦੇ ਪੱਖ ਵਿਚ ਡੱਟ ਜਾਣਾ ਚਾਹੀਦਾ ਹੈ। ਸਿਰਫ ਇਸੇ ਤਰ੍ਹਾਂ ਹੀ ਅਸੀਂ ਇਕ ਅਜਿਹੇ ਕਲਾ-ਸਾਹਿਤ ਦੀ ਸਿਰਜਣਾ ਕਰ ਸਕਦੇ ਹਾਂ ਜੋ ਸੱਚਮੁੱਚ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਲਈ ਸਰਵਹਾਰਾ ਵਰਗ ਦਾ ਸੱਚਾ ਸਾਹਿਤ ਤੇ ਕਲਾ ਹੋਵੇ।

'ਕਲਾ ਕਿਸ ਲਈ ?' ਦਾ ਸਵਾਲ ਇਕ ਬੁਨਿਆਦੀ ਸਵਾਲ ਹੈ, ਇਹ ਇਕ ਅਸੂਲੀ ਸਵਾਲ ਹੈ। ਭੂਤਕਾਲ ਵਿਚ ਸਾਡੇ ਸਾਥੀਆਂ ਵਿੱਚ ਜਿਸ ਮੱਤਭੇਦ, ਵਿਚਾਰ-ਭੇਦ ਵਿਰੋਧ ਅਤੇ ਫੁੱਟ ਪੈਦਾ ਹੋਈ ਉਹ ਅਸੂਲ ਦੇ ਇਸ ਬੁਨਿਆਦੀ ਸਵਾਲ ਬਾਰੇ ਨਹੀਂ ਸਗੋਂ ਗੌਣ ਸਵਾਲਾਂ ਬਾਰੇ ਸੀ ਜਾਂ ਅਜਿਹੇ ਸਵਾਲਾਂ ਬਾਰੇ ਸੀ ਜਿਨ੍ਹਾਂ ਵਿੱਚ ਕੋਈ ਅਸੂਲੀ ਮਤਭੇਦ ਨਹੀਂ ਸੀ। ਪ੍ਰੰਤੂ ਅਸੂਲ ਦੇ ਇਕ ਸਵਾਲ ਬਾਰੇ ਸ਼ਾਇਦ ਹੀ ਵਿਰੋਧੀ ਪੱਖਾਂ ਵਿਚ ਕੋਈ ਮਤਭੇਦ ਹੋਵੇ ਅਤੇ ਉਹ ਸਭ ਇਕਮਤ ਜ਼ਾਹਿਰ ਕਰ ਚੁੱਕੇ ਹਨ। ਕਿਸੇ ਹੱਦ ਤੱਕ ਇਨ੍ਹਾਂ ਦੋਨਾਂ ਦਾ ਰੁਝਾਨ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਣ ਜਾਂ ਆਪਣੇ ਆਪ ਨੂੰ ਆਮ ਜਨਤਾ ਤੋਂ ਉਸ ਤਰ੍ਹਾਂ ਅੱਲਗ ਥਲਗ ਨਹੀਂ ਕਰਦੇ ਜਿਵੇਂ ਕਵਾਮਿੰਗ-ਤਾਰਾ ਦੇ ਲੋਕ ਕਹਦੇ ਹਨ। ਫਿਰ ਵੀ ਉਨ੍ਹਾਂ ਵਿਚ ਇਹ ਪ੍ਰਵਿਰਤੀ ਜ਼ਰੂਰ ਮੌਜੂਦ ਹੈ। ਜਦ ਤੱਕ ਇਹ ਬੁਨਿਆਦੀ ਸਮੱਸਿਆ ਹੱਲ ਨਹੀਂ ਹੋ ਜਾਂਦੀ, ਤਦ ਤੱਕ ਬਹੁਤ ਸਾਰੀਆਂ ਦੂਜੀਆਂ ਸਮੱਸਿਆਵਾਂ ਨੂੰ ਵੀ ਆਸਾਨੀ ਨਾਲ ਹੱਲ ਨਹੀਂ ਕੀਤਾ ਜਾ ਸਕੇਗਾ। ਮਿਸਾਲ ਦੇ ਤੌਰ ਤੇ ਕਲਾ-ਸਾਹਿਤ ਦੇ ਖੇਤਰ ਵਿਚ ਸੰਕੀਰਣਤਾਵਾਦ ਨੂੰ ਹੀ ਲਉ। ਇਹ ਵੀ ਇਕ ਅਸੂਲੀ ਸਵਾਲ ਹੈ, ਪ੍ਰੰਤੂ ਸੰਕੀਰਣਤਾਵਾਦ ਨੂੰ ਸਿਰਫ ਇਨ੍ਹਾਂ ਨਾਰ੍ਹਿਆਂ ਰਾਹੀਂ ਹੀ ਜੜ੍ਹੋਂ ਪੁੱਟਿਆ ਜਾ ਸਕਦਾ ਹੈ—'ਮਜ਼ਦੂਰਾਂ ਅਤੇ ਕਿਸਾਨਾਂ ਲਈ,' 'ਅੱਠਵੀਂ ਮਾਰਗ ਸੈਨਾ' ਅਤੇ 'ਨਵੀਂ ਚੌਥੀ ਸੈਨਾ ਲਈ' ਅਤੇ 'ਜਨਤਾ ਵਿਚ ਜਾਉ।' ਨਹੀਂ ਤਾਂ ਸੰਕੀਰਣਤਾਵਾਦ ਦੀ ਸਮੱਸਿਆ ਕਦੇ ਹੱਲ ਨਹੀਂ ਕੀਤੀ ਜਾ ਸਕੇਗੀ। ਲੂਸ਼ੁਨ ਨੇ ਇਕ ਬਾਰ ਕਿਹਾ ਸੀ ਕਿ ਇਕ ਸਮਾਨ ਉਦੇਸ਼ ਸਾਂਝੇ ਮੋਰਚੇ ਦੀ ਇਕ ਪਹਿਲੀ ਸ਼ਰਤ ਹੈ। "ਸਾਡਾ ਮੋਰਚਾ ਅਜੇ ਤੱਕ ਸਾਂਝਾ ਮੋਰਚਾ ਨਹੀਂ ਬਣ ਸਕਿਆ ਹੈ, ਇਸ ਤੱਥ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਅਸੀਂ ਆਪਣੇ ਉਦੇਸ਼ਾਂ ਵਿੱਚ ਏਕਤਾ ਨਹੀਂ ਲਿਆ ਸਕੇ। ਭਾਵ ਕੁਝ ਲੋਕ ਸਿਰਫ ਛੋਟੇ-ਛੋਟੇ ਗਰੁੱਪਾਂ ਲਈ ਜਾਂ ਅਸਲ ਵਿਚ ਕੇਵਲ ਆਪਣੇ ਲਈ ਹੀ ਕੰਮ ਕਰ ਰਹੇ ਹਨ। ਜੇ ਅਸੀਂ ਸਭ ਲੋਕਾਂ ਦਾ ਉਦੇਸ਼ ਮਜ਼ਦੂਰਾਂ ਅਤੇ ਕਿਸਾਨਾਂ ਦੀ ਸੇਵਾ ਕਰਨਾ ਹੋ ਜਾਵੇ ਤਾਂ ਬਿਨਾਂ ਸ਼ੱਕ ਸਾਡਾ ਮੋਰਚਾ, ਇਕ ਸਾਂਝਾ ਮੋਰਚਾ ਬਣ ਜਾਏਗਾ।"

ਇਹ ਸਮੱਸਿਆ ਉਸ ਸਮੇਂ ਸ਼ਿੰਘਾਈ ਵਿਚ ਮੌਜੂਦ ਸੀ, ਪਰ ਹੁਣ ਇਹ ਸ਼ੁੰਗ ਕਿੰਗ ਵਿਚ ਵੀ ਮੌਜੂਦ ਹੈ। ਅਜਿਹੀਆਂ ਥਾਵਾਂ ਤੇ ਇਸ ਸਮੱਸਿਆ ਨੂੰ ਪੂਰਣ ਤੌਰ ਤੇ ਹੱਲ ਕਰਨਾ ਮੁਸ਼ਕਿਲ ਹੈ, ਕਿਉਂਕਿ ਸ਼ਾਸਕ ਇਨਕਲਾਬੀ ਲੇਖਕਾਂ ਅਤੇ ਕਲਾਕਾਰਾਂ ਦਾ ਦਮਨ ਕਰਦੇ ਹਨ। ਉਨ੍ਹਾਂ ਨੂੰ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਦੇ ਲੋਕ-ਸਮੂਹ ਵਿਚ ਜਾਣ ਦੀ ਆਜ਼ਾਦੀ ਨਹੀਂ ਦਿੱਤੀ ਜਾਂਦੀ। ਸਾਡੇ ਇਥੇ ਪ੍ਰਸਥਿਤੀਆਂ ਬਿਲਕੁਲ ਵੱਖ ਹਨ। ਅਸੀਂ ਇਨਕਲਾਬੀ ਲੇਖਕਾਂ ਅਤੇ ਕਲਾਕਾਰਾਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਨਾਲ ਨੇੜਲਾ ਸੰਪਰਕ ਕਾਇਮ ਕਰਨ। ਉਨ੍ਹਾਂ ਨੂੰ ਪੂਰੀ ਆਜ਼ਾਦੀ ਹੈ ਕਿ ਉਹ ਆਮ ਜਨਤਾ ਵਿਚ ਜਾਣ ਅਤੇ ਸੱਚੇ ਅਰਥਾਂ ਵਿੱਚ ਇਕ ਇਨਕਲਾਬੀ ਕਲਾ ਸਾਹਿਤ ਦੀ ਸਿਰਜਣਾ ਕਰਨ। ਇਸ ਲਈ ਸਾਡੇ ਇਥੇ ਇਹ ਸਮੱਸਿਆ ਹੱਲ ਹੋਣ ਦੇ ਨੇੜੇ ਹੈ। ਪ੍ਰੰਤੂ ਹੱਲ ਹੋਣ ਦੇ ਨੇੜੇ ਹੋਣ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਇਹ ਪੂਰਣ ਤੌਰ ਤੇ ਹਰ ਤਰ੍ਹਾਂ ਨਾਲ ਹੱਲ ਹੋ ਚੁੱਕੀ ਹੈ। ਜਿਹਾ ਕਿ ਅਸੀਂ ਕਹਿੰਦੇ ਆਏ ਹਾਂ ਕਿ ਸਾਨੂੰ ਮਾਰਕਸਵਾਦ ਦਾ ਅਧਿਐਨ ਅਤੇ ਸਮਾਜ ਦਾ ਅਧਿਐਨ ਠੀਕ ਇਸੇ ਲਈ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਇਸ ਸਮੱਸਿਆ ਨੂੰ ਪੂਰੀ ਤਰ੍ਹਾਂ ਸਮੁੱਚੇ ਤੌਰ ਤੇ ਹੱਲ ਕਰਨਾ ਚਾਹੁੰਦੇ ਹਾਂ। ਮਾਰਕਸਵਾਦ ਤੋਂ ਸਾਡਾ ਭਾਵ ਅਜਿਹੇ ਮਾਰਕਸਵਾਦ ਤੋਂ ਹੈ ਜੋ ਆਮ ਜਨਤਾ ਦੇ ਜੀਵਨ ਵਿਚ ਅਤੇ ਉਸਦੇ ਸੰਘਰਸ਼ਾਂ ਇਕ ਅਸਰਦਾਇਕ ਭੂਮਿਕਾ ਅਦਾ ਕਰਦਾ ਹੋਵੇ, ਸਿਰਫ ਸ਼ਬਦਾਂ ਵਿਚ ਮੌਜੂਦ ਮਾਰਕਸਵਾਦ ਦਾ ਨਹੀਂ। ਜੇ ਸ਼ਬਦਾਂ ਵਿਚ ਮੌਜੂਦ ਮਾਰਕਸਵਾਦ

ਨੂੰ ਵਾਸਤਵਿਕ ਜੀਵਨ ਦੇ ਮਾਰਕਸਵਾਦ ਵਿਚ ਬਦਲ ਦਿੱਤਾ ਜਾਵੇ ਤਾਂ ਸੰਕੀਰਣਤਾਵਾਦ ਗਲਤੀ ਕਦੇ ਨਹੀਂ ਹੋਵੇਗੀ। ਇਸ ਨਾਲ ਨਾ ਕੇਵਲ ਸੰਕੀਰਣਤਾਵਾਦੀ ਦੀ ਸਮੱਸਿਆ ਹੀ ਹੱਲ ਹੋ ਜਾਵੇਗੀ। ਸਗੋਂ ਹੋਰ ਸਮੱਸਿਆਵਾਂ ਵੀ ਹੱਲ ਹੋ ਜਾਣਗੀਆਂ।

'ਕਿਸਦੀ ਸੇਵਾ ਕੀਤੀ ਜਾਵੇ' ਦੀ ਸਮੱਸਿਆ ਹੱਲ ਕਰਨ ਤੋਂ ਬਾਦ ਅਸੀਂ ਦੂਸਰੀ ਸਮੱਸਿਆ ਯਾਨੀ 'ਸੇਵਾ ਕਿਵੇਂ ਕੀਤੀ ਜਾਵੇ' ਉਪਰ ਵਿਚਾਰ ਕਰਨਾ ਚਾਹੀਦਾ ਹੈ। ਸਾਡੇ ਕੁਝ ਸਾਥੀਆਂ ਦੇ ਸ਼ਬਦਾਂ ਵਿਚ ਕੀ ਸਾਨੂੰ ਪੱਧਰ ਨੂੰ ਉੱਚਾ ਕਰਨ ਦੇ ਕੰਮ ਵਿਚ ਲਗ ਜਾਣਾ ਚਾਹੀਦਾ ਹੈ, ਜਾਂ ਲੋਕ ਪ੍ਰਿਅ ਬਣਾਉਣ ਦੇ ਕੰਮ ਵਿਚ ਜੁੱਟ ਜਾਣਾ ਚਾਹੀਦਾ ਹੈ ?

ਭੂਤਕਾਲ ਵਿਚ ਕੁਝ ਸਾਥੀਆਂ ਨੇ ਲੋਕ ਪ੍ਰਿਅ ਬਣਾਉਣ ਦੇ ਕੰਮ ਨੂੰ ਕਿਸੇ ਹੱਦ ਤੱਕ ਜਾਂ ਇਕ ਗੰਭੀਰ ਸੀਮਾਂ ਤੱਕ ਮਹੱਤਵਹੀਣ ਸਮਝਿਆ, ਭਾਵ ਉਸਨੂੰ ਅਣਵੇਖੇ ਕੀਤਾ ਜਾਂ ਪੱਧਰ ਉੱਚੀ ਕਰਨ ਉਪਰ ਵਧੇਰੇ ਜ਼ੋਰ ਦੇ ਮਾਰਿਆ। ਪੱਧਰ ਉੱਚਾ ਕਰਨ ਦੇ ਕੰਮ ਉਪਰ ਜ਼ਰੂਰੀ ਹੀ ਜ਼ੋਰ ਦੇਣਾ ਚਾਹੀਦਾ ਹੈ ਪ੍ਰੰਤੂ ਸਿਰਫ ਇਕ ਤਰਫਾ ਅਤੇ ਅਲਗ ਥਲਗ ਰੂਪ ਵਿਚ ਅਜਿਹਾ ਕਰਨਾ, ਜ਼ਰੂਰਤ ਤੋਂ ਵੱਧ ਅਜਿਹਾ ਕਰਨਾ ਗਲਤ ਹੈ। ਇਸ ਸਿਲਸਿਲੇ ਵਿਚ ਕਿਸਦੇ ਲਈ ? ਦੀ ਸਮੱਸਿਆ ਨੂੰ ਸਪੱਸ਼ਟ ਰੂਪ ਵਿਚ ਹੱਲ ਨਾ ਕੀਤਾ ਜਾਣਾ ਵੀ ਆਪਣਾ ਅਸਰ ਪਾਉਂਦਾ ਹੈ, ਜਿਸਦਾ ਮੈਂ ਉਪਰ ਜ਼ਿਕਰ ਕੀਤਾ ਹੈ। ਕਿਉਂਕਿ ਇਨ੍ਹਾਂ ਸਾਥੀਆਂ ਨੂੰ 'ਕਿਸਦੇ ਲਈ ?' ਦੀ ਸਮੱਸਿਆ ਦਾ ਸਪੱਸ਼ਟ ਰੂਪ ਵਿਚ ਹੱਲ ਨਹੀਂ ਮਿਲਦਾ। ਇਸ ਲਈ ਉਨ੍ਹਾਂ ਲੋਕਾਂ ਕੋਲ 'ਪੱਧਰ ਉੱਚਾ ਕਰਨ' ਅਤੇ 'ਲੋਕ ਪ੍ਰਿਅ' ਬਣਾਉਣ ਦੀ ਗੱਲ ਨੂੰ ਪਰਖਣ ਲਈ ਕੋਈ ਸਹੀ ਢੰਗ ਦੀ ਕਸੌਟੀ ਨਹੀਂ ਹੁੰਦੀ ਅਤੇ ਦੋਨਾਂ ਵਿਚ ਸੰਬੰਧਾਂ ਦਾ ਪਤਾ ਲਾਉਣ ਵਿਚ ਉਨ੍ਹਾਂ ਵਿਚ ਇਸ ਤੋਂ ਵੀ ਘੱਟ ਸਮਰੱਥਾ ਹੁੰਦੀ ਹੈ। ਕਿਉਂਕਿ ਸਾਡਾ ਕਲਾ-ਸਾਹਿਤ ਬੁਨਿਆਦੀ ਤੌਰ ਤੇ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਲਈ ਹੈ। ਇਸ ਲਈ ਲੋਕ ਪ੍ਰਿਅ ਬਣਾਉਣ ਦਾ ਅਰਥ ਹੈ, ਇਸਨੂੰ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਵਿਚ ਲੋਕ ਪ੍ਰਿਅ ਬਣਾਉਣ ਅਤੇ 'ਪੱਧਰ ਉੱਚਾ ਕਰਨ' ਦਾ ਅਰਥ ਹੁੰਦਾ ਹੈ. ਉਨ੍ਹਾਂ ਦੇ ਹੁਣ ਦੇ ਪੱਧਰ ਤੋਂ ਅਗਾਂਹ ਵਧਣਾ। ਉਨ੍ਹਾਂ ਵਿਚ ਸਾਨੂੰ ਕਿਹੜੀਆਂ ਚੀਜ਼ਾਂ ਨੂੰ ਲੋਕ ਪ੍ਰਿਅ ਬਣਾਉਣਾ ਚਾਹੀਦਾ ਹੈ ? ਕੀ ਸਾਨੂੰ ਉਨ੍ਹਾਂ ਵਿਚ ਅਜਿਹੀਆਂ ਚੀਜ਼ਾਂ ਨੂੰ ਲੋਕ ਪ੍ਰਿਅ ਬਣਾਉਣਾ ਚਾਹੀਦਾ ਹੈ, ਜਿਨ੍ਹਾਂ ਦੀ ਜ਼ਰੂਰਤ ਸਾਮੰਤੀ ਵਰਗ ਨੂੰ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਇਹ ਲੋਕ ਆਸਾਨੀ ਨਾਲ ਸਵੀਕਾਰ ਕਰ ਲੈਂਦੇ ਹਨ ? ਕੀ ਸਾਨੂੰ ਅਜਿਹੀਆਂ ਚੀਜ਼ਾਂ ਨੂੰ ਲੋਕ ਪ੍ਰਿਅ ਬਣਾਉਣਾ ਚਾਹੀਦਾ ਹੈ, ਜਿਨ੍ਹਾਂ ਦੀ ਲੋੜ ਨਿਮਨ-ਪੂੰਜੀਪਤੀ ਬੁੱਧੀਜੀਵੀਆਂ ਨੂੰ ਹੈ ਤੇ ਜਿਸ ਨੂੰ ਇਹ ਆਸਾਨੀ ਨਾਲ ਸਵੀਕਾਰ ਕਰ ਲੈਂਦੇ ਹਨ ? ਨਹੀਂ ਇਨ੍ਹਾਂ ਵਿਚੋਂ ਕਿਸੇ ਨਾਲ ਵੀ ਸਾਡਾ ਗੁਜ਼ਾਰਾ ਨਹੀਂ ਹੋਵੇਗਾ। ਸਾਨੂੰ ਸਿਰਫ ਉਨ੍ਹਾਂ ਚੀਜ਼ਾਂ ਨੂੰ ਲੋਕ ਪ੍ਰਿਅ ਬਣਾਉਣਾ ਚਾਹੀਦਾ ਹੈ, ਜਿਨ੍ਹਾਂ ਦੀ ਜ਼ਰੂਰਤ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਨੂੰ ਹੁੰਦੀ ਹੈ ਤੇ ਜਿਨ੍ਹਾਂ ਨੂੰ ਉਹ ਆਸਾਨੀ ਨਾਲ ਸਵੀਕਾਰ ਵੀ ਕਰ ਲੈਂਦੇ ਹਨ। ਨਤੀਜੇ ਵਜੋਂ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਨੂੰ ਸਿਖਿਅਤ ਕਰਨ ਦੇ ਕੰਮ ਤੋਂ ਪਹਿਲਾਂ ਸਾਡੇ ਸਾਹਮਣੇ ਇਨ੍ਹਾਂ ਲੋਕਾਂ ਤੋਂ ਸਿੱਖਣ ਦਾ ਕੰਮ ਪਿਆ ਹੈ। ਪੱਧਰ ਉੱਚਾ ਕਰਨ ਦੇ ਸੰਬੰਧ ਵਿਚ ਇਹ ਗੱਲ ਹੋਰ ਵੀ ਵਧੇਰੇ ਲਾਗੂ ਹੁੰਦੀ ਹੈ। ਕੋਈ ਨਾ ਕੋਈ ਆਧਾਰ ਜ਼ਰੂਰ ਹੋਣਾ ਚਾਹੀਦਾ ਹੈ, ਜਿਥੋਂ ਅੱਗੇ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ। ਮਿਸਾਲ ਲਈ ਪਾਣੀ ਦੀ ਇਕ ਬਾਲਟੀ ਨੂੰ ਹੀ ਲਉ। ਉਸਨੂੰ ਜੇ ਜ਼ਮੀਨ ਤੋਂ ਨਹੀਂ ਤਾਂ ਫਿਰ ਕਿੱਥੋਂ ਉਠਾਇਆ ਜਾਂਦਾ ਹੈ ? ਕੀ ਅਸਮਾਨ ਤੋਂ ਚੁੱਕਿਆ ਜਾਂਦਾ ਹੈ ? ਇਸੇ ਤਰ੍ਹਾਂ ਕਲਾ-ਸਾਹਿਤ ਨੂੰ ਕਿਸ ਆਧਾਰ ਤੋਂ ਉੱਚੀ ਪੱਧਰ ਤੱਕ ਲਿਜਾਣਾ ਹੈ ? ਕੀ ਸਾਮੰਤੀ ਵਰਗਾਂ ਦੇ ਆਧਾਰ ਤੋਂ ? ਕੀ ਪੂੰਜੀਪਤੀ ਵਰਗ ਦੇ ਆਧਾਰ ਤੋਂ ? ਕੀ ਨਿਮਨ ਪੂੰਜੀਵਾਦੀ ਬੁੱਧੀਜੀਵੀਆਂ ਦੇ ਆਧਾਰ ਤੋਂ ? ਨਹੀਂ ਇਨ੍ਹਾਂ ਵਿਚੋਂ ਕਿਸੇ ਆਧਾਰ ਤੋਂ ਵੀ ਨਹੀਂ। ਉਸਨੂੰ ਸਿਰਫ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਦੇ, ਲੋਕ ਸਮੂਹ ਦੇ ਆਧਾਰ ਤੋਂ ਹੀ ਉੱਚਾ ਚੁੱਕਣਾ ਚਾਹੀਦਾ ਹੈ। ਇਸਦਾ ਇਹ ਅਰਥ ਵੀ ਨਹੀਂ ਹੁੰਦਾ ਕਿ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਨੂੰ ਉੱਪਰ ਉਠਾ ਕੇ ਸਾਮੰਤੀ ਵਰਗਾਂ, ਪੂੰਜੀਪਤੀ ਵਰਗ ਤੇ ਨਿਮਨ ਪੂੰਜੀਵਾਦੀ ਬੁੱਧੀਜੀਵੀਆਂ ਦੇ 'ਪੱਧਰ' ਤੱਕ ਪੁਚਾ ਦਿੱਤਾ ਜਾਵੇ। ਇਸਦਾ ਮਤਲਬ ਇਹ ਹੈ ਕਿ ਕਲਾ-ਸਾਹਿਤ ਦੇ ਪੱਧਰ ਨੂੰ ਉਸੇ ਦਿਸ਼ਾ ਵੱਲ ਉਪਰ ਚੁੱਕਿਆ ਜਾਵੇ। ਜਿਸ ਦਿਸ਼ਾ ਵੱਲ ਮਜ਼ਦੂਰ ਕਿਸਾਨ ਅਤੇ ਸੈਨਿਕ ਅਗਾਂਹ ਵੱਧ ਰਹੇ ਹੋਣ। ਇਸ ਅਜਿਹੀ ਦਿਸ਼ਾ ਜਿਸ ਵੱਲ ਸਰਵਹਾਰਾ ਵਰਗ ਵੱਧ ਰਿਹਾ



ਹੈ। ਇਥੇ ਇਕਵਾਰ ਫਿਰ ਸਾਡੇ ਸਾਹਮਣੇ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਤੋਂ ਸਿੱਖਣ ਦਾ ਕੰਮ ਸਾਡੇ ਸਾਹਮਣੇ ਆ ਜਾਂਦਾ ਹੈ। ਅਸੀਂ ਲੋਕਪ੍ਰਿਅ ਬਣਾਉਣ ਅਤੇ ਪੱਧਰ ਉੱਚਾ ਕਰਨ ਦਾ ਕੰਮ ਸਹੀ ਤੌਰ ਤੇ ਸਿਰਫ ਮਜ਼ਦੂਰਾਂ ਕਿਸਾਨਾਂ ਅਤੇ ਸੈਨਿਕਾਂ ਤੋਂ ਸ਼ੁਰੂ ਕਰਕੇ ਹੀ ਸਮਝ ਸਕਦੇ ਹਾਂ ਅਤੇ ਇਨ੍ਹਾਂ ਦੋਨਾਂ ਵਿਚ ਸਮੁੱਚੇ ਸੰਬੰਧਾਂ ਦਾ ਪਤਾ ਲਗਾ ਸਕਦੇ ਹਾਂ।

ਅਖੀਰ ਤਮਾਮ ਸਾਹਿਤ ਅਤੇ ਕਲਾ ਦਾ ਮੂਲ ਸੋਮਾਂ ਕੀ ਹੈ ? ਸਾਹਿਤਕ ਰਚਨਾਵਾਂ ਅਤੇ ਕਲਾ ਕਿਰਤਾਂ ਵਰਗੇ ਵਿਚਾਰਾਤਮਕ ਰੂਪ ਸਮਾਜਿਕ ਜੀਵਨ ਵਿਚ ਮਨੁੱਖ ਦੇ ਦਿਮਾਗ ਤੇ ਪੈਣ ਵਾਲੇ ਪ੍ਰਤਿਬਿੰਬਾਂ ਦੀ ਉਪਜ ਹੁੰਦੇ ਹਨ। ਇਨਕਲਾਬੀ ਸਾਹਿਤ ਅਤੇ ਕਲਾ ਇਨਕਲਾਬੀ ਲੇਖਕਾਂ ਅਤੇ ਕਲਾਕਾਰ ਦਿਮਾਗ ਉਪਰ ਲੋਕ-ਜੀਵਨ ਵਲੋਂ ਪਏ ਪ੍ਰਤਿਬਿੰਬਾਂ ਦੀ ਪੈਦਾਵਾਰ ਹੁੰਦਾ ਹੈ। ਸਾਹਿਤ ਤੇ ਕਲਾ ਲਈ ਜਨਤਾ ਦਾ ਜੀਵਨ ਇਕ ਕੱਚੇ ਮਾਲ ਦੀ ਖਾਣ ਹੈ। ਇਕ ਅਜਿਹਾ ਕੱਚਾ ਮਾਲ ਜੋ ਆਪਣੇ ਸੁਭਾਵਿਕ ਰੂਪ ਵਿਚ ਹੁੰਦਾ ਹੈ, ਇਕ ਅਜਿਹਾ ਕੱਚਾ ਮਾਲ ਜੋ ਅਨਘੜ ਹੁੰਦਿਆਂ ਹੋਇਆਂ ਵੀ ਜਾਨਦਾਰ, ਅਮੀਰ ਅਤੇ ਮੌਲਿਕ ਹੁੰਦਾ ਹੈ। ਇਸ ਨਾਲ ਤੁਲਨਾ ਕਰਨ ਤੇ ਸਮੁੱਚਾ ਕਲਾ ਸਾਹਿਤ ਫਿੱਕਾ ਲਗਦਾ ਹੈ। ਇਹ ਸਾਹਿਤ ਤੇ ਕਲਾ ਦਾ ਅਨੰਤ ਸੋਮਾਂ ਹੈ ਤੇ ਉਸਦਾ ਇਕੋ ਇਕ ਸੋਮਾ ਵੀ। ਇਹ ਕੱਚਾ-ਮਾਲ ਉਸਦਾ ਇਕੋ ਇਕ ਸੋਮਾ ਇਸ ਲਈ ਹੈ ਕਿਉਂਕਿ ਉਸਦਾ ਹੋਰ ਕੋਈ ਸੋਮਾ ਨਹੀਂ ਹੋ ਸਕਦਾ। ਕੁਝ ਲੋਕ ਪੁੱਛਣਗੇ ਕੀ ਉਸਦਾ ਇਕ ਹੋਰ ਸੋਮਾਂ ਕਿਤਾਬਾਂ, ਪੁਰਾਣੇ ਜ਼ਮਾਨੇ ਦਾ ਕਲਾ-ਸਾਹਿਤ, ਵਿਦੇਸ਼ਾਂ ਦਾ ਕਲਾ-ਸਾਹਿਤ ਨਹੀਂ ਹੋ ਸਕਦਾ ? ਅਸਲ ਵਿਚ ਭੂਤਕਾਲ ਦੀਆਂ ਸਾਹਿਤਕ ਰਚਨਾਵਾਂ ਅਤੇ ਕਲਾ ਕਿਰਤਾਂ ਇਕ ਸੋਮਾਂ ਨਾ ਹੋ ਕੇ ਮਹਿਜ਼ ਇਕ ਧਾਰਾ ਹਨ। ਸਾਡੇ ਪੂਰਵਵਰਤੀਆਂ ਨੇ ਵਿਦੇਸ਼ੀਆਂ ਨੇ ਉਨ੍ਹਾਂ ਦੀ ਸਿਰਜਣਾ ਆਪਣੇ ਸਮੇਂ ਤੇ ਸਥਾਨ ਦੀ ਜਨਤਾ ਦੇ ਜੀਵਨ ਤੋਂ ਪ੍ਰਾਪਤ ਕੀਤੇ ਗਏ ਸਾਹਿਤਕ ਤੇ ਕਲਾਤਮਕ ਕੱਚੇ ਮਾਲ ਦੇ ਆਧਾਰ ਤੇ ਕੀਤੀ ਸੀ। ਸਾਨੂੰ ਆਪਣੀਆਂ ਸਾਹਿਤਕ ਤੇ ਕਲਾਤਮਕ ਵਿਰਾਸਤ ਦੀਆਂ ਤਮਾਮ ਉੱਤਮ ਚੀਜ਼ਾਂ ਨੂੰ ਆਤਮਸਾਤ ਕਰ ਲੈਣਾ ਚਾਹੀਦਾ ਹੈ। ਉਸਦੇ ਗੁਣਾਂ ਔਗੁਣਾਂ ਦਾ ਵਿਸ਼ਲੇਸ਼ਣ ਕਰਕੇ ਅਪਣਾ ਲੈਣਾ ਚਾਹੀਦਾ ਹੈ। ਜਦੋਂ ਅਸੀਂ ਆਪਣੇ ਸਮੇਂ ਤੇ ਸਥਾਨ ਦੀ ਜਨਤਾ ਦੇ ਜੀਵਨ ਵਿਚ ਮੌਜੂਦ ਸਾਹਿਤਕ ਅਤੇ ਕਲਾਤਮਕ ਕੱਚੇ ਮਾਲ ਤੋਂ ਆਪਣੀਆਂ ਰਚਨਾਵਾਂ ਦੀ ਸਿਰਜਣਾ ਕਰ ਰਹੇ ਹੋਈਏ ਤਾਂ ਉਸ ਸਮੇਂ ਵਿਰਾਸਤ ਨੂੰ ਉਦਾਹਰਣ ਦੇ ਤੌਰ ਤੇ ਇਸਤੇਮਾਲ ਕਰਨਾ ਚਾਹੀਦਾ ਹੈ। ਸਾਡੇ ਕੋਲ ਅਜਿਹੇ ਉਦਾਹਰਣ ਹਨ ਕਿ ਨਹੀਂ, ਇਸ ਗੱਲ ਨਾਲ ਸਾਡੀ ਸਾਹਿਤਕ ਤੇ ਕਲਾਤਮਕ ਸਿਰਜਣਾ ਦੇ ਕੰਮ ਵਿਚ ਬਹੁਤ ਵੱਡਾ ਫ਼ਰਕ ਪੈਂਦਾ ਹੈ, ਅਜਿਹਾ ਫਰਕ ਜੋ ਅਣਸੁਧਾਈਆਂ ਤੇ ਸੁਧਾਈ ਕੀਤੀਆਂ ਰਚਨਾਵਾਂ ਵਿਚ ਹੁੰਦਾ ਹੈ, ਅਨਘੜ ਤੇ ਸੁਹਣੀ ਤਰ੍ਹਾਂ ਘੜੀਆਂ ਰਚਨਾਵਾਂ ਵਿੱਚ ਹੁੰਦਾ ਹੈ। ਹੇਠਲੀ ਪੱਧਰ ਤੇ ਉਚੇਰੀ ਪੱਧਰ ਦੀਆਂ ਰਚਨਾਵਾਂ ਵਿਚ ਹੁੰਦਾ ਹੈ ਅਤੇ ਹੌਲੀ ਰਫਤਾਰ ਤੇ ਤੇਜ਼ ਰਫਤਾਰ ਨਾਲ ਰਚੀਆਂ ਜਾਣ ਵਾਲੀਆਂ ਰਚਨਾਵਾਂ ਦੇ ਵਿੱਚ ਹੁੰਦਾ ਹੈ। ਇਸ ਲਈ ਕਿਸੇ ਵੀ ਹਾਲਤ ਵਿਚ ਸਾਨੂੰ ਪੁਰਾਤਨ ਰਚਨਾਵਾਂ ਅਤੇ ਵਿਦੇਸ਼ੀਆਂ ਦੀ ਵਿਰਾਸਤ ਨੂੰ ਹਰਗਿਜ਼ ਠੁਕਰਾਣਾ ਨਹੀਂ ਚਾਹੀਦਾ। ਭਾਵ ਉਸਨੂੰ ਉਦਾਹਰਣ ਦੇ ਤੌਰ ਤੇ ਇਸਤੇਮਾਲ ਕਰਨ ਵਿਚ ਕਿਸੇ ਤਰ੍ਹਾਂ ਦੀ ਹਿਚਕਚਾਹਟ ਨਹੀਂ ਕਰਨੀ ਚਾਹੀਦੀ। ਚਾਹੇ ਉਹ ਰਚਨਾਵਾਂ ਸਾਮੰਤੀ ਵਰਗ ਜਾਂ ਪੂੰਜੀਪਤੀ ਵਰਗ ਦੀਆਂ ਹੀ ਕਿਉਂ ਨਾ ਹੋਣ। ਪ੍ਰੰਤੂ ਵਿਰਾਸਤ ਨੂੰ ਅਪਨਾਉਣ ਅਤੇ ਉਦਾਹਰਣ ਦੇ ਰੂਪ ਵਿਚ ਇਸਤੇਮਾਲ ਕਰਨ ਦੇ ਕੰਮ ਨੂੰ ਆਪਣੇ ਖ਼ੁਦ ਦੇ ਸਿਰਜਣਾਤਮਕ ਕੰਮ ਦੀ ਜਗਹ ਨਹੀਂ ਦੇ ਦੇਣੀ ਚਾਹੀਦੀ। ਅਜਿਹਾ ਕਿਸੇ ਸੂਰਤ ਵਿਚ ਨਹੀਂ ਹੋ ਸਕਦਾ। ਪ੍ਰਾਚੀਨ ਰਚਨਾਵਾਂ ਦੇ ਗੁਣ-ਦੋਸ਼ ਪਰਖੇ ਬਿਨਾਂ ਉਨ੍ਹਾਂ ਨੂੰ ਆਪਣੀ ਕਿਰਤਾਂ ਵਿਚ ਫਿਟ ਕਰ ਦੇਣਾ ਜਾਂ ਉਨ੍ਹਾਂ ਨੂੰ ਜਿਉਂ ਦਾ ਜਿਉਂ ਉਤਾਰ ਲੈਣਾ, ਕਲਾ ਤੇ ਸਾਹਿਤ ਦੇ ਖੇਤਰ ਵਿਚ ਅਤਿਅੰਤ ਸਿਰਜਣਾ ਵਿਰੋਧੀ ਅਤੇ ਹਾਨੀਕਾਰਕ ਕਠਮੁੱਲਾਵਾਦ ਹੈ। ਚੀਨ ਦੇ ਇਨਕਲਾਬੀ ਲੇਖਕਾਂ ਤੇ ਕਲਾਕਾਰਾਂ ਨੂੰ ਹੋਣਹਾਰ ਲੇਖਕਾਂ ਤੇ ਕਲਾਕਾਰਾਂ ਨੂੰ ਆਮ ਜਨਤਾ ਦੇ ਵਿਚ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਦਿਲੋਂ ਜਾਨ ਤੋਂ ਬਿਨਾਂ ਕਿਸੇ ਸ਼ਰਤ ਦੇ ਮਜ਼ਦੂਰਾਂ, ਕਿਸਾਨਾਂ ਅਤੇ ਸੈਨਕਾਂ ਦੇ ਲੋਕ ਸਮੂਹ ਵਿਚ ਜਾਣਾ ਚਾਹੀਦਾ ਹੈ, ਸੰਘਰਸ਼ ਦੀਆਂ ਲਪਟਾਂ ਵਿਚ ਕੁੱਦ ਪੈਣਾ ਚਾਹੀਦਾ ਹੈ। ਆਪਣੇ ਇਕੋ-ਇਕ ਸਮੇਂ ਕੋਲ, ਸਭ ਤੋਂ ਵਿਆਪਕ ਤੇ ਸਭ ਤੋਂ ਅਮੀਰ ਸੋਮੇ ਦੇ ਕੋਲ ਪਹੁੰਚ ਕਰਨੀ ਚਾਹੀਦੀ ਹੈ, ਤਾਂਕਿ ਉਹ ਹਰ ਤਰ੍ਹਾਂ ਦੇ ਲੋਕਾਂ, ਸਾਰੇ ਵਰਗਾਂ, ਸਾਰੇ ਤਰ੍ਹਾਂ ਦੇ ਲੋਕ-ਸਮੂਹਾਂ, ਜੀਵਨ ਤੇ ਸੰਘਰਸ਼ ਦੇ ਸਾਰੇ ਸਜੀਵ ਰੂਪਾਂ ਅਤੇ ਸਾਹਿਤ ਤੇ ਕਲਾ ਦੇ ਸਾਰੇ ਕੱਚੇ

ਮਾਲ ਨੂੰ ਦੇਖ ਸਕਣ। ਉਸਦਾ ਅਨੁਭਵ ਪ੍ਰਾਪਤ ਕਰ ਸਕਣ। ਉਸਦਾ ਅਧਿਐਨ ਕਰ ਸਕਣ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਣ। ਨਹੀਂ ਤਾਂ ਤੁਹਾਡੀਆਂ ਆਪਣੀਆਂ ਰਚਨਾਵਾਂ ਲਈ ਕਈ ਸਮੱਗਰੀ ਨਹੀਂ ਮਿਲ ਸਕੇਗੀ ਜਾਂ ਫਿਰ ਤੁਸੀਂ ਸਿਰਫ ਇਕ ਨਕਲੀ ਲੇਖਕ ਜਾਂ ਇਕ ਨਕਲੀ ਕਲਾਕਾਰ ਬਣ ਜਾਉਗੇ। ਇਕ ਅਜਿਹਾ ਲੇਖਕ ਜਾਂ ਕਲਾਕਾਰ ਜਿਸਦੇ ਬਾਰੇ ਆਪਣੀ ਵਸੀਅਤ ਵਿਚ ਲੂ--ਸ਼ੁਨ ਨੇ ਆਪਣੇ ਬੇਟੇ ਨੂੰ ਜਾਣੂ ਕੀਤਾ ਸੀ ਕਿ ਉਹ ਅਜਿਹਾ ਲੇਖਕ ਨਾ ਬਣੇ।

ਹਾਲਾਂਕਿ ਮਨੁੱਖ ਦਾ ਸਮਾਜਿਕ ਜੀਵਨ ਹੀ ਸਾਹਿਤ ਤੇ ਕਲਾ ਦਾ ਇਕੋ-ਇਕ ਸੋਮਾਂ ਹੈ ਅਤੇ ਉਸਦਾ ਵਿਸ਼ਾ-ਵਸਤੂ ਕਲਾ-ਸਾਹਿਤ ਦੇ ਮੁਕਾਬਲੇ ਬੇਹੱਦ ਸਜੀਵ ਤੇ ਅਮੀਰ ਹੋਵੇਗਾ। ਫਿਰ ਵੀ ਲੋਕ ਜੀਵਨ ਨੂੰ ਦੇਖਕੇ ਹੀ ਸੰਤੁਸ਼ਟ ਨਹੀਂ ਹੋ ਸਕਦੇ। ਉਹ ਸਾਹਿਤ ਤੇ ਕਲਾ ਦੀ ਮੰਗ ਕਰਦੇ ਹਨ। ਅਜਿਹਾ ਕਿਉਂ ਹੁੰਦਾ ਹੈ ? ਇਸਦਾ ਕਾਰਣ ਇਹ ਹੈ ਕਿ ਭਾਵੇਂ ਇਹ ਦੋਨੋਂ ਹੀ ਸੁਹਣੇ ਹੁੰਦੇ ਹਨ ਫਿਰ ਵੀ ਸਾਹਿਤਕ ਰਚਨਾਵਾਂ ਤੇ ਕਲਾ ਕਿਰਤਾਂ ਵਿਚ ਪ੍ਰਤਿਬਿੰਬਤ ਹੋਣ ਵਾਲਾ ਜੀਵਨ ਮੁਕਾਬਲਤਨ ਉੱਚੇ ਧਰਾਤਲ ਤੇ, ਮੁਕਾਬਲਤਨ ਵਧੇਰੇ ਤਿਖੇਰਾ, ਵੱਧ ਕੇਂਦਰਿਤ ਵੱਧ ਵਿਸ਼ਿਸ਼ਟਤਾਪੂਰਣ ਅਤੇ ਆਦਰਸ਼ ਦੇ ਨੇੜੇ ਹੁੰਦਾ ਹੈ, ਹੋਣਾ ਵੀ ਚਾਹੀਦਾ ਹੈ। ਇਸੇ ਲਈ ਉਹ ਰੋਜ਼ਾਨਾ ਵਾਸਤਵਿਕ ਜੀਵਨ ਤੋਂ ਵਧੇਰੇ ਵਿਆਪਕ ਪ੍ਰਭਾਵ ਵਾਲਾ ਹੁੰਦਾ ਹੈ। ਇਨਕਲਾਬੀ ਕਲਾ-ਸਾਹਿਤ ਨੂੰ ਚਾਹੀਦਾ ਹੈ ਕਿ ਉਹ ਵਾਸਤਵਿਕ ਜੀਵਨ ਦੇ ਵਿਭਿੰਨ ਤਰ੍ਹਾਂ ਦੇ ਪਾਤਰਾਂ ਨੂੰ ਹੀ ਸਿਰਜੇ ਅਤੇ ਇਤਿਹਾਸ ਨੂੰ ਅਗਾਂਹ ਵਧਾਉਣ ਵਿਚ ਜਨਤਾ ਦੀ ਮਦਦ ਕਰੇ। ਮਿਸਾਲ ਦੇ ਤੌਰ ਤੇ ਭੁੱਖ, ਠੰਡ ਅਤੇ ਜ਼ੁਲਮ ਦੀਆਂ ਔਕੜਾਂ ਅਜੇ ਵੀ ਮੌਜੂਦ ਹਨ ਅਤੇ ਮਨੁੱਖ ਰਾਹੀਂ ਮਨੁੱਖ ਦੀ ਲੁੱਟ ਅਤੇ ਜ਼ੁਲਮ ਦੀ ਹੋਂਦ ਅਜੇ ਬਰਕਰਾਰ ਹੈ। ਇਹ ਸਭ ਕੁਝ ਅਜੇ ਮੌਜੂਦ ਹੈ ਅਤੇ ਲੋਕ ਇਸਨੂੰ ਮਾਮੂਲੀ ਜਿਹੀ ਗੱਲ ਸਮਝਦੇ ਹਨ। ਪਰੰਤੂ ਲੇਖਕ ਅਤੇ ਕਲਾਕਾਰ ਇਸ ਤਰ੍ਹਾਂ ਦੀਆਂ ਰੋਜ਼ਮਰਾ ਦੀਆਂ ਘਟਨਾਵਾਂ ਦਾ ਕੇਂਦਰੀਕਰਣ ਕਰਦੇ ਹਨ। ਉਨ੍ਹਾਂ ਵਿਚਲੇ ਅੰਤਰ-ਵਿਰੋਧਾਂ ਸੰਘਰਸ਼ਾਂ ਨੂੰ ਮੂਰਤ ਰੂਪ ਦਿੰਦੇ ਹਨ ਅਤੇ ਅਜਿਹੀਆਂ ਰਚਨਾਵਾਂ ਦੀ ਸਿਰਜਣਾ ਕਰਦੇ ਹਨ ਜੋ ਜਨਤਾ ਨੂੰ ਜਾਗ੍ਰਿਤ ਕਰਦੀਆਂ ਹਨ। ਉਨ੍ਹਾਂ ਵਿਚ ਵਿਸ਼ਵਾਸ ਪੈਦਾ ਕਰਦੀਆਂ ਹਨ, ਉਨ੍ਹਾਂ ਨੂੰ ਇਕ ਸੂਤਰ ਵਿਚ ਪਰੋਣ ਅਤੇ ਆਲੇ-ਦੁਆਲੇ ਦੇ ਵਾਤਾਵਰਣ ਦਾ ਰੂਪਾਂਤ੍ਰਣ ਕਰਨ ਲਈ ਸੰਘਰਸ਼ ਵਲ ਪ੍ਰੇਰਿਤ ਕਰਦੀਆਂ ਹਨ। ਇਸ ਤਰ੍ਹਾਂ ਦੇ ਕਲਾ-ਸਾਹਿਤ ਤੋਂ ਬਿਨਾਂ ਸਾਡਾ ਇਹ ਕਾਰਜ ਪੂਰਾ ਨਹੀਂ ਹੋ ਸਕਦਾ ਭਾਵ ਘੱਟੋ ਘੱਟ ਇਨੇ ਜ਼ਿਆਦਾ ਕਾਰਗਰ ਰੂਪ ਵਿਚ ਤੇ ਇਨੀ ਤੇਜ਼ੀ ਨਾਲ ਪੂਰਾ ਨਹੀਂ ਹੋ ਸਕਦਾ।

ਸਾਹਿਤਕ ਰਚਨਾਵਾਂ ਅਤੇ ਕਲਾ ਕਿਰਤਾਂ ਦੇ ਖੇਤਰ ਲੋਕਪ੍ਰਿਅ ਬਣਾਉਣ ਅਤੇ ਪੱਧਰ ਉਚਾ ਕਰਨ ਦਾ ਅਰਥ ਕੀ ਹੈ ? ਇਨ੍ਹਾਂ ਦੋਨਾਂ ਕੰਮਾਂ ਵਿਚ ਕੀ ਸੰਬੰਧ ਹੈ। ਲੋਕ ਪ੍ਰਿਅ ਰਚਨਾਵਾਂ ਸਰਲ ਤੇ ਸਮਝ ਆਉਣ ਵਾਲੀਆਂ ਹੁੰਦੀਆਂ ਹਨ। ਇਸ ਲਈ ਵਿਆਪਕ ਜਨਤਾ ਉਨ੍ਹਾਂ ਨੂੰ ਆਸਾਨੀ ਨਾਲ ਅਪਣਾ ਲੈਂਦੀ ਹੈ। ਮੁਕਾਬਲਤਨ ਉੱਚ ਪੱਧਰੀ ਰਚਨਾਵਾਂ ਦੀ ਸਿਰਜਣਾ ਕਰਨਾ ਵਧੇਰੇ ਮੁਸ਼ਕਿਲ ਹੈ ਅਤੇ ਇਸ ਸਮੇਂ ਆਮ ਜਨਤਾ ਵਿਚ ਜ਼ਿਆਦਾ ਆਸਾਨੀ ਅਤੇ ਤੇਜ਼ੀ ਨਾਲ ਲੋਕਾਂ ਵਿਚ ਪ੍ਰਚਲਿਤ ਨਹੀਂ ਹੋ ਸਕਦੀਆਂ। ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਦੇ ਸਾਹਮਣੇ ਸਮੱਸਿਆ ਇਹ ਹੈ ਕਿ ਉਹ ਲੋਕ ਇਸ ਸਮੇਂ ਦੁਸ਼ਮਣ ਦੇ ਖ਼ਿਲਾਫ਼ ਤਿੱਖੇ ਤੇ ਖ਼ੂਨੀ ਸੰਘਰਸ਼ ਵਿਚ ਜੁਟੇ ਹੋਏ ਹਨ ਪਰੰਤੂ ਸਾਮੰਤੀ ਤੇ ਪੂੰਜੀਪਤੀ ਵਰਗਾਂ ਦੇ ਲੰਬੇ ਰਾਜ ਕਾਰਣ ਅਨਪੜ੍ਹ ਅਤੇ ਅਸਿਖਿਅਤ ਹੋਣ ਅਤੇ ਅਜਿਹੀਆਂ ਸਾਹਿਤਕ ਰਚਨਾਵਾਂ ਤੇ ਕਲਾਕ੍ਰਿਤਾਂ ਦੀ ਸਿਰਜਣਾ ਦੀ ਮੰਗ ਕਰ ਰਹੇ ਹਨ ਜੋ ਉਨ੍ਹਾਂ ਦੀਆਂ ਫੌਰੀ ਜ਼ਰੂਰਤਾਂ ਨੂੰ ਪੂਰਿਆਂ ਕਰ ਸਕਣ ਅਤੇ ਜਿਨ੍ਹਾਂ ਨੂੰ ਉਹ ਆਸਾਨੀ ਨਾਲ ਦਿਲ ਵਿਚ ਵਸਾ ਸਕਣ ਤਾ ਕਿ ਉਨ੍ਹਾਂ ਦੀ ਏਕਤਾ ਉਤਸ਼ਾਹ ਅਤੇ ਜਿੱਤ ਹਾਸਲ ਕਰਨ ਦਾ ਵਿਸ਼ਵਾਸ ਵਧ ਸਕੇ, ਉਨ੍ਹਾਂ ਦੀ ਏਕਤਾ ਮਜ਼ਬੂਤ ਹੋ ਸਕੇ ਅਤੇ ਉਹ ਇਕ ਮਨ ਤੇ ਇਕ ਜਾਨ ਹੋ ਕੇ ਦੁਸ਼ਮਣ ਨਾਲ ਲੋਹਾ ਲੈ ਸਕਣ। ਉਨ੍ਹਾਂ ਨੂੰ "ਰੇਸ਼ਮੀ ਕਪੜੇ ਤੇ ਵਧੇਰੇ ਫੁੱਲ" ਨਹੀਂ ਚਾਹੀਦੇ ਬਲਕਿ "ਬਰਫ਼ੀਲੇ ਮੌਸਮ ਵਿਚ ਕੰਮ ਆਉਣ ਵਾਲਾ ਬਾਲਣ" ਚਾਹੀਦਾ ਹੈ। ਇਸ ਲਈ ਵਰਤਮਾਨ ਪ੍ਰਸਥਿਤੀ ਵਿਚ ਸਾਹਿਤ-ਕਲਾ ਨੂੰ ਲੋਕਪ੍ਰਿਅ ਬਣਾਉਣ ਦਾ ਕੰਮ ਬਹੁਤ ਹੀ ਜ਼ਰੂਰੀ ਕੰਮ ਹੈ। ਇਸ ਤੱਥ ਦੀ ਉਪੇਖਿਆ ਕਰਨਾ ਮੂਲੋਂ ਗ਼ਲਤ ਹੋਵੇਗਾ।

ਫਿਰ ਵੀ, ਕਲਾ-ਸਾਹਿਤ ਨੂੰ ਲੋਕਪ੍ਰਿਅ ਬਣਾਉਣ ਤੇ ਇਸਦਾ ਪੱਧਰ ਉੱਚਾ ਕਰਨ ਦੇ ਵਿਚਕਾਰ ਕੋਈ ਪੱਕੀ ਲੀਕ ਨਹੀਂ ਖਿੱਚੀ ਜਾ ਸਕਦੀ। ਹਾਲਤ ਸਿਰਫ਼ ਇਹੀ ਨਹੀਂ ਹੈ ਕਿ ਉੱਚ-ਪੱਧਰੀ ਕੁਝ



ਰਚਨਾਵਾਂ ਨੂੰ ਅੱਜ ਵੀ ਲੋਕਪ੍ਰਿਆਂ ਬਣਾਇਆ ਜਾ ਸਕਦਾ ਹੈ ਬਲਕਿ ਇਹ ਵੀ ਹੈ ਕਿ ਵਿਆਪਕ ਜਨਤਾ ਦਾ ਸਭਿਆਚਾਰਕ ਪੱਧਰ ਲਗਾਤਾਰ ਉਚਾ ਹੁੰਦਾ ਜਾ ਰਿਹਾ ਹੈ। ਜੇ ਲੋਕਪ੍ਰਿਅ ਬਣਾਉ ਦਾ ਪੱਧਰ ਹਮੇਸ਼ਾ ਉਸੇ 'ਛੋਟੇ ਗਵਾਲੇ' ਅਤੇ ਉਸੇ 'ਆਦਮੀ ਹੱਥ, ਮੂੰਹ ਚਾਕੂ , ਗਾਂ, ਬੱਕਰੀ' ਵਾਲੀ ਸਮੱਗੀ ਨੂੰ ਹੀ ਪਰੋਸਿਆ ਗਿਆ ਤਾਂ ਕੀ ਸਿਖਿਆ ਦੇਣ ਵਾਲੇ ਅਤੇ ਸਿੱਖਿਆ ਪਾਉਣ ਵਾਲੇ ਦੀ ਉਹ ਹਾਲਤ ਨਹੀਂ ਹੋਵੇਗੀ ਕਿ ਇਕ ਕੋਲ ਛੇ ਰਨ ਤੇ ਦੂਸਰੇ ਕੋਲ ਅੱਧੀ ਦਰਜਨ ? ਇਸ ਤਰ੍ਹਾਂ ਲੋਕਪ੍ਰਿਅ ਬਣਾਉਣ ਦਾ ਭਲਾ ਕੀ ਫ਼ਾਇਦਾ ਹੋਵੇਗਾ ? ਜਨਤਾ ਇਹ ਮੰਗ ਕਰਦੀ ਹੈ ਕਿ ਪਹਿਲਾ ਲੋਕਪ੍ਰਿਅ ਬਣਾਇਆ ਜਾਵੇ ਤੇ ਉਸਤੋਂ ਬਾਦ ਪੱਧਰ ਉੱਚੀ ਕੀਤੀ ਜਾਵੇ। ਉਹ ਹਰ ਮਹੀਨੇ, ਹਰ ਸਾਲ ਪੱਧਰ ਉੱਚਾ ਕਰਨ ਦੀ ਮੰਗ ਕਰਦੀ ਹੈ। ਇਥੇ ਲੋਕਪ੍ਰਿਅ ਬਣਾਉਣ ਦਾ ਮਤਲਬ ਹੈ ਜਨਤਾ ਲਈ ਲੋਕਪ੍ਰਿਅ ਬਣਾਉਣਾ ਅਤੇ ਪੱਧਰ ਉੱਚਾ ਕਰਨ ਦਾ ਮਤਲਬ ਹੈ ਜਨਤਾ ਲਈ ਪੱਧਰ ਉੱਚਾ ਕਰਨਾ। ਤੇ ਇਉਂ ਪੱਧਰ ਉੱਚਾ ਕਰਨ ਦਾ ਕੰਮ ਹਵਾ ਵਿਚ ਜਾਂ ਬੰਦ ਦਰਵਾਜ਼ਿਆਂ ਪਿੱਛੇ ਨਹੀਂ ਹੁੰਦਾ। ਸਗੋਂ ਵਾਸਤਵ ਵਿਚ ਲੋਕਪ੍ਰਿਅ ਬਣਾਉਣ ਦੇ ਕੰਮ ਉਪਰ ਹੀ ਆਧਾਰਿਤ ਹੈ। ਇਸ ਕੰਮ ਦਾ ਫੈਸਲਾ ਲੋਕਪ੍ਰਿਅ ਬਣਾਉਣ ਦਾ ਕੰਮ ਹੀ ਕਰਦਾ ਹੈ ਅਤੇ ਨਾਲ ਹੀ ਇਹ ਲੋਕਪ੍ਰਿਅ ਬਣਾਉਣ ਦੇ ਕੰਮ ਦੀ ਅਗਵਾਈ ਵੀ ਕਰਦਾ ਹੈ। ਸਮੁੱਚੇ ਚੀਨ ਵਿਚ ਇਨਕਲਾਬ ਦਾ ਵਿਕਾਸ ਅਤੇ ਇਨਕਲਾਬੀ ਸਭਿਆਚਾਰ ਦਾ ਵਿਕਾਸ ਬੜੇ ਅਸੰਤੁਲਿਤ ਰੂਪ ਵਿਚ ਹੋ ਰਿਹਾ ਹੈ ਅਤੇ ਪ੍ਰਸਾਰ ਹੋ ਵੀ ਕਦਮ-ਦਰ-ਕਦਮ ਰਿਹਾ ਹੈ। ਕਿਸੇ ਕਿਸੇ ਥਾਂ ਤੇ ਲੋਕਪ੍ਰਿਅ ਬਣਾਉਣ ਦਾ ਕੰਮ ਤੇ ਇਸ ਆਧਾਰ ਤੇ ਪੱਧਰ ਉੱਚਾ ਚੁੱਕਣ ਦਾ ਕੰਮ ਵੀ ਹੋ ਰਿਹਾ ਹੈ ਜਦ ਕਿ ਬਾਕੀ ਥਾਵਾਂ ਤੇ ਲੋਕਪ੍ਰਿਅ ਬਣਾਉਣ ਦਾ ਕੰਮ ਅਜੇ ਸ਼ੁਰੂ ਹੀ ਨਹੀਂ ਹੋਇਆ ਹੈ। ਇਸ ਲਈ ਕਿਸੇ ਇਕ ਖੇਤਰ ਦੇ ਲੋਕਪ੍ਰਿਅ ਬਣਾਉਣ ਦੇ ਆਧਾਰ ਤੇ ਪੱਧਰ ਨੂੰ ਉੱਚਾ ਚੁੱਕਣ ਦੇ ਕੰਮ ਤੋਂ ਮਿਲੇ ਸ੍ਰੇਸ਼ਟ ਅਨੁਭਵਾਂ ਨੂੰ ਦੂਸਰੇ ਖੇਤਰਾਂ ਵਿਚ ਵੀ ਲਾਗੂ ਕੀਤਾ ਜਾ ਸਕਦਾ ਹੈ ਤੇ ਉਹ ਉਥੇ ਲੋਕਪ੍ਰਿਅ ਬਣਾਉਣ ਤੇ ਪੱਧਰ ਉੱਚੇਰਾ ਕਰਨ ਦੇ ਕੰਮ ਦੀ ਅਗਵਾਈ ਕਰ ਸਕਦੇ ਹਨ। ਇਸ ਲਈ ਸਾਡੇ ਇਥੇ ਪੱਧਰ ਉੱਚਾ ਕਰਨ ਦਾ ਕੰਮ ਲੋਕਪ੍ਰਿਅ ਬਣਾਉਣ ਦੇ ਕੰਮ ਉਪਰ ਹੀ ਆਧਾਰਿਤ ਹੈ, ਜਦਕਿ ਲੋਕਪ੍ਰਿਅ ਬਣਾਉਣ ਦੇ ਕੰਮ ਦੇ ਅਗਵਾਈ ਪੱਧਰ ਦੇ ਜਿਸ ਕੰਮ ਦੀ ਅਸੀਂ ਚਰਚਾ ਕਰ ਰਹੇ ਹਾਂ ਉਹ ਪੱਧਰ ਉਚੇਰਾ ਕਰਨ ਦੇ ਕੰਮ ਵਿਚ ਅੜਿੱਕਾ ਨਾ ਹੋ ਕੇ ਉਸ ਦਾ ਆਧਾਰ ਬਣ ਜਾਂਦਾ ਹੈ ਜਿਸਨੂੰ ਅਸੀਂ ਸੀਮਤ ਪੈਮਾਨੇ ਤੇ ਕਰ ਰਹੇ ਹਾਂ ਅਤੇ ਇਹ ਭਵਿੱਖ ਵਿਚ ਹੋਰ ਵੱਧ ਵਿਆਪਕ ਪੈਮਾਨੇ ਤੇ ਪੱਧਰ ਉੱਚਾ ਕਰਨ ਲਈ ਵੀ ਜ਼ਰੂਰੀ ਸਥਿਤੀਆਂ ਤਿਆਰ ਕਰ ਦਿੰਦਾ ਹੈ।

ਇਕ ਅਜਿਹੇ ਉਚੇਰੇ ਪੱਧਰ ਦੇ ਇਲਾਵਾ ਜੋ ਆਮ ਜਨਤਾ ਦੀਆਂ ਜ਼ਰੂਰਤਾਂ ਨੂੰ ਪ੍ਰਤੱਖ ਰੂਪ ਵਿਚ ਪੂਰਾ ਕਰਦਾ ਹੈ, ਇਕ ਅਜਿਹਾ ਉੱਚਾ ਪੱਧਰ ਵੀ ਹੁੰਦਾ ਹੈ ਜੋ ਉਸਦੀਆਂ ਜ਼ਰੂਰਤਾਂ ਨੂੰ ਅਪ੍ਰਤੱਖ ਰੂਪ ਵਿਚ ਪੂਰਾ ਕਰਦਾ ਹੈ। ਭਾਵ ਅਜਿਹਾ ਉਚੇਰਾ ਪੱਧਰ ਜਿਸਦੀ ਸਾਡੇ ਕਾਰਜਕਰਤਾਵਾਂ ਨੂੰ ਲੋੜ ਹੁੰਦੀ ਹੈ। ਕਾਰਜ-ਕਰਤਾ ਆਮ ਜਨਤਾ ਤੋਂ ਅਗਾਂਹ ਵਧੇ ਹੋਏ ਤੱਤ ਹੁੰਦੇ ਹਨ ਜੋ ਆਮ ਤੌਰ ਤੇ ਜਨਤਾ ਤੋਂ ਵਧੇਰੇ ਸਿਖਿਅਤ ਹੁੰਦੇ ਹਨ। ਉਨ੍ਹਾਂ ਲਈ ਦੂਜਿਆਂ ਦੇ ਮੁਕਾਬਲੇ ਉਚੇਰੇ ਪੱਧਰ ਦੇ ਕਲਾ ਸਾਹਿਤ ਬੇਹੱਦ ਜ਼ਰੂਰੀ ਹੈ। ਇਸ ਗੱਲ ਨੂੰ ਨਜ਼ਰ ਅੰਦਾਜ਼ ਕਰਨਾ ਗਲਤ ਹੋਵੇਗਾ। ਜੋ ਕੁਝ ਕਾਰਜਕਰਤਾਵਾਂ ਲਈ ਕੀਤਾ ਜਾਂਦਾ ਹੈ, ਉਹ ਵੀ ਪੂਰੇ ਤੌਰ ਤੇ ਜਨਤਾ ਲਈ ਹੀ ਹੁੰਦਾ ਹੈ। ਕਿਉਂਕਿ ਸਿਰਫ ਕਾਰਜਕਰਤਾਵਾਂ ਰਾਹੀਂ ਹੀ ਅਸੀਂ ਆਮ ਜਨਤਾ ਨੂੰ ਸਿਖਿਅਤ ਕਰ ਸਕਦੇ ਹਾਂ ਅਤੇ ਉਨ੍ਹਾਂ ਦੀ ਅਗਵਾਈ ਕਰ ਸਕਦੇ ਹਾਂ। ਜੇ ਅਸੀਂ ਇਸ ਮਕਸਦ ਦੇ ਖਿਲਾਫ ਕੰਮ ਕਰਾਂਗੇ, ਜੇ ਜੋ ਕੁਝ ਅਸੀਂ ਕਾਰਜਕਰਤਾਵਾਂ ਨੂੰ ਦੇਵਾਂਗੇ ਉਸ ਤੋਂ ਉਨ੍ਹਾਂ ਨੂੰ ਆਮ ਜਨਤਾ ਨੂੰ ਸਿਖਿਅਤ ਕਰਨ ਲਈ ਕੋਈ ਮਦਦ ਨਹੀਂ ਮਿਲਦੀ ਜਾਂ ਅਗਵਾਈ ਕਰਨ ਵਿਚ ਸਹਾਇਤਾ ਨਹੀਂ ਹੁੰਦੀ ਤਾਂ ਪੱਧਰ ਉਚੇਰਾ ਕਰਨ ਦਾ ਸਾਡਾ ਕੰਮ ਬਿਨਾ ਸੋਚੇ ਸਮਝੇ ਇਧਰ ਓਧਰ ਗੋਲੀਆਂ ਦਾਗਣ ਵਰਗਾ ਹੋਵੇਗਾ ਅਤੇ ਵਿਸ਼ਾਲ ਲੋਕ-ਸਮੂਹ ਦੀ ਸੇਵਾ ਕਰਨ ਦੇ ਬੁਨਿਆਦੀ ਅਸੂਲ ਤੋਂ ਬੇਮੁੱਖ ਹੋ ਜਾਵੇਗਾ। *(ਜਾਰੀ)*

-0-

<u>ਮੁਲਾਂਕਣ</u>

# ਥਿੜਕੀ ਜੀਵਨ-ਜਾਚ ਦੀ ਬਿਰਤਾਂਤਕਾਰੀ : ਨਹੀਂ, ਮੈਂ ਨਹੀਂ

*—ਡਾ. ਸੁਖਪਾਲ ਸਿੰਘ 'ਥਿੰਦ'*

ਜਿੰਦਰ ਸਾਡੇ ਸਮਿਆਂ ਦਾ ਚਰਚਿਤ ਕਥਾਕਾਰ ਹੈ। ਅਜੋਕੀ ਪੰਜਾਬੀ ਕਹਾਣੀ ਬਾਰੇ ਜਦ ਚਰਚਾ ਹੁੰਦੀ ਹੈ ਤਾਂ ਉਸਦਾ ਅਤੇ ਉਸਦੀ ਕਹਾਣੀ ਦਾ ਜ਼ਿਕਰ ਅਕਸਰ ਹੁੰਦਾ ਹੈ। ਉਸਦੇ ਸੰਬੰਧ ਵਿਚ ਇਹ ਵਿਸ਼ੇਸ਼ ਹੁੰਦਾ ਆਇਆ ਹੈ ਕਿ ਕਈ ਕਹਾਣੀ ਆਲੋਚਕਾਂ ਨੂੰ ਉਸਦੀ ਕਹਾਣੀ ਵਿਚ ਨਵੇਂ ਕਥਾ-ਮਾਡਲ ਦੀਆਂ ਗੂੰਜਾਂ ਸੁਣਾਈ ਦਿੰਦੀਆਂ ਹਨ ਅਤੇ ਉਹ ਉਸਨੂੰ ਪੰਜਾਬੀ ਕਹਾਣੀ ਦੀ ਵੱਡੀ ਸੰਭਾਵਨਾ ਵਜੋਂ ਲੈਂਦਿਆਂ ਉਸ ਨੂੰ 'ਭਵਿੱਖ' ਦੇ ਕਹਾਣੀਕਾਰ ਵਜੋਂ ਸਥਾਪਤ ਕਰਦੇ ਹਨ। ਦੂਜੇ ਪਾਸੇ ਅਜਿਹੇ ਕਥਾ-ਆਲੋਚਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਉਸਦੀ ਕਹਾਣੀ ਵਿਚ ਕੁਝ ਵੀ ਵਿਸ਼ੇਸ਼ ਅਤੇ ਗੌਲਣਯੋਗ ਦਿਖਾਈ ਨਹੀਂ ਦਿੰਦਾ। ਅਸਲ ਵਿਚ ਫ਼ਤਵੇ ਜਾਰੀ ਕਰਨ ਦੀ ਪੰਜਾਬੀ ਮਾਨਸਿਕਤਾ ਨੂੰ ਪ੍ਰਣਾਏ ਅਜਿਹੇ ਆਲੋਚਨਾ ਵਿਹਾਰ ਵਿਚ ਸਿਰਜਕ ਦੀ ਸਿਰਜਣਾ ਹਾਸ਼ੀਏ ਤੇ ਪਈ ਰਹਿੰਦੀ ਹੈ ਅਤੇ ਸਿਰਜਕ ਹੀ ਪਹਿਲਾ ਅਤੇ ਆਖਰੀ ਆਲੋਚਨਾ ਬਿੰਦੂ ਬਣਿਆ ਰਹਿੰਦਾ ਹੈ। ਅਜਿਹਾ ਕਰਦਿਆਂ ਜਾਂ ਤਾਂ ਆਵੇਸ਼ ਵਿਚ ਆਈਆਂ ਉਹ ਟਿੱਪਣੀਆਂ ਮਿਲਦੀਆਂ ਹਨ ਜੋ ਲੇਖਕ ਨੂੰ ਸੱਤ ਅਸਮਾਨਾ ਤੇ ਬਿਠਾ ਛੱਡਦੀਆਂ ਹਨ ਅਤੇ ਜਾਂ ਉਸਦੀ ਭਰਪੂਰ ਨਿਖੇਧੀ ਕਰਦਿਆਂ ਉਸ ਨੂੰ ਅਤੇ ਉਸਦੀ ਸਿਰਜਣਾਂ ਨੂੰ 'ਤੁੱਛ' ਤੋਂ ਵੀ ਹੇਠਾਂ ਦੀ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਛੱਡਦੀਆਂ ਹਨ। ਜ਼ਰੂਰਤ ਤਾਂ ਲੇਖਕ ਦੇ ਕਥਾ-ਸੰਸਾਰ ਦੀਆਂ ਪਰਤਾਂ ਥਾਣੀ ਗੁਜ਼ਰਦਿਆਂ, ਉਨ੍ਹਾਂ ਪਰਤਾਂ ਵਿਚ ਛੁਪੀ ਉਸ ਊਰਜਾ ਨੂੰ ਪਕੜਨ ਦੀ ਹੁੰਦੀ ਹੈ ਜੋ ਕਥਾ-ਸੰਸਾਰ ਦਾ ਸਹਿਜੇ ਹੀ ਅੰਗ ਬਣ ਗਈ ਹੈ। ਇਸ ਊਰਜਾ ਦੀਆਂ ਅੱਗੋਂ ਸਮਕਾਲੀ ਅਤੇ ਸਰੋਬਕਾਲੀ ਸੰਭਾਵਨਾਵਾਂ ਦੇ ਪਰਿਪੇਖ ਵਿਚੋਂ ਹੀ ਸਿਰਜਕ ਦੀ ਸਿਰਜਣਸ਼ਕਤੀ ਬਾਰੇ ਨਿਰਣਾ ਹੋਣਾ ਚਾਹੀਦਾ ਹੈ। ਜਿੰਦਰ ਦੀ ਨਵੀਂ ਛਾਪੀ ਕਥਾ-ਪੁਸਤਕ 'ਨਹੀਂ ਮੈਂ ਨਹੀਂ' ਨੂੰ ਵੀ ਅਜਿਹਾ ਕੁਝ ਦਰਕਾਰ ਹੈ।

ਜਿੰਦਰ ਦੀ ਇਸ ਪੁਸਤਕ ਵਿਚ ਪੇਸ਼ ਸੰਸਾਰ ਅਜਿਹੇ ਮਾਨਵ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ ਜਿਸਦੀ ਸਾਲਮ ਸਬੂਤੀ ਹੋਂਦ ਬੁਰੀ ਤਦਾਂ ਤਿੜਕ ਕੇ, ਖੰਡਿਤ ਹੋਈ ਪਈ ਹੈ। ਉਸ ਦੀ ਮਾਨਸਿਕਤਾ ਨਿਰੰਤਰ ਪਾਰੇ ਵਾਂਗ ਥਿੜਕਦੀ, ਲਰਜ਼ਦੀ, ਡੋਲਦੀ ਕਦੇ ਇਸ ਕਿਨਾਰੇ ਅਤੇ ਕਦੇ ਉਸ ਕਿਨਾਰੇ ਢੋਈ ਲੈਣ ਲਈ ਵਿਆਕੁਲ ਹੈ। ਇਹ ਮਾਨਵ ਨਿਰੰਤਰ ਸੁੰਗੜਦਾ ਪਹਿਲਾਂ ਸਮਾਜ ਤੋਂ ਟੁੱਟਿਆ, ਫਿਰ ਘਰ ਪਰਿਵਾਰ ਤੋਂ ਅਤੇ ਹੁਣ ਉਸਦੀ ਆਪਣੇ ਆਪ ਤੋਂ ਟੁੱਟਣ ਦੀ ਸ਼ੁਰੂ ਹੋਈ ਪ੍ਰਕਿਰਿਆ ਉਸਨੂੰ ਤਾਂ ਆਤਮਘਾਤੀ ਪਾਸੇ ਤੇ ਹੀ ਰਹੀ ਹੈ, ਮੌਜੂਦਾ ਸਮਾਜ ਦੀ ਹੋਣੀ ਉੱਤੇ ਵੀ ਪ੍ਰਸ਼ਨ ਚਿੰਨ੍ਹ ਅੰਕਿਤ ਕਰ ਜਾਂਦੀ ਹੈ। ਮਨੁੱਖ ਦੀ ਅਜਿਹੀ ਥਿੜਕਨ, ਬੇਵਸੀ, ਲਚਾਰਗੀ ਅਤੇ ਉਪਰਾਮਤਾ ਦੀਆਂ ਪੈੜਾਂ ਜਿੰਦਰ ਦੀ ਹਰ ਕਹਾਣੀ ਦੇ ਖ਼ਮੀਰ ਵਿਚ ਡੂੰਘੀਆਂ ਖੁਦੀਆਂ ਪਈਆਂ ਹਨ। ਉਸ ਦੀਆਂ ਕਹਾਣੀਆਂ ਉਸ ਜੀਵਨ-ਬੋਧ ਨੂੰ ਮੁਖਾਤਿਬ ਹਨ ਜਿਸ ਵਿਚ ਔਸਤਨ ਬੰਦਾ ਵਕਤ ਦੇ ਮਾਰੂ ਥਪੇੜਿਆਂ ਅੱਗੇ ਆਪਣੀਆਂ ਸੰਭਵ ਕੋਸ਼ਿਸ਼ਾਂ ਦੇ ਬਾਵਜੂਦ ਹਾਰਿਆ ਖੜ੍ਹਾ ਹੈ। ਬੰਦੇ ਦੀ ਬੰਦਿਆਈ ਹਾਸ਼ੀਏ ਤੇ ਚਲੀ ਗਈ ਹੈ ਅਤੇ ਕੇਂਦਰੀ ਸਤਾ ਉਸਦੀ ਹੋਂਦ ਨੂੰ ਖੋਰਨ, ਤੋੜਨ, ਅਤੇ ਮਿਟਾਉਣ ਵਾਲੀਆਂ ਮਾਰੂ ਸ਼ਕਤੀਆਂ ਦੇ ਹੱਥ ਆ ਗਈ ਹੈ। ਕਰੂਰ ਹਾਲਤਾਂ ਦੇ ਮੂੰਹਜ਼ੋਰ ਵੇਗ ਅੱਗੇ ਉਸਾਰੂ ਮਾਨਵੀ ਸ਼ਕਤੀ ਹੀਣ ਹੋਈ ਪਈ ਹੈ ਅਤੇ ਉਸਦੀ ਕੋਈ ਪਰਤਵੀ ਲਿਸ਼ਕ ਵੀ ਅਸਲੋਂ ਗਾਇਬ ਹੋ ਗਈ ਹੈ। ਉਸਦਾ ਮਨੁੱਖ ਅਜਿਹੇ ਬਾਣਾਂ ਦੇ ਤਿੱਖੇ ਹਮਲਿਆਂ ਕਾਰਣ ਅਸਲੋਂ ਦੀ ਟੁੱਟ ਕੇ ਖਿੰਡਰਿਆ ਪਿਆ ਹੈ। ਉਸਦੀ ਊਰਜਾ ਰਚਨਾਤਮਿਕ ਵੇਗ ਵਿਚ ਚਲਣ ਦੀ ਬਜਾਇ ਅਤੇ ਆਪਣਾ ਮੂੰਹ ਮਾਰੂ ਸ਼ਕਤੀਆਂ ਵੱਲ ਕਰਨ ਦੀ ਬਜਾਇ ਖ਼ੁਦ ਉਸ ਵੱਲ ਹੀ ਸਧਿਤ ਕਰੀ ਬੈਠੀ ਹੈ। ਅਜਿਹੇ ਮਾਰੂ ਵੇਗ ਦੇ ਚਲਦਿਆਂ ਜਾਂ ਤਾਂ ਮਨੁੱਖ ਆਤਮਘਾਤ ਦੇ ਰਸਤੇ ਤੁਰ ਸਕਦਾ ਹੈ ਜਾਂ ਆਪਣੀ ਹਾਰ ਦੀ ਅੰਦਰਲੀ ਤੜਫ਼ ਕਾਰਣ ਆਤਮ ਗਿਲਾਨੀ ਅਤੇ



ਹੀਣ-ਭਾਵਨਾ ਨਾਲ ਭਰ ਸਕਦਾ ਹੈ। ਅਜਿਹੇ ਵਿਚ ਆਪਣੀ ਸਾਬਤ ਸਬੂਤੀ ਹੋਂਦ ਨੂੰ ਬਰਕਰਾਰ ਰੱਖਣ ਅਤੇ ਇਕ ਸੰਬੰਧਾਂ ਦੀ ਲੜੀ ਵਿਚ ਬੱਲਣ ਅਤੇ ਇਕ ਸ਼ਕਤੀਸ਼ਾਲੀ ਧਿਰ ਬਣ ਜਾਣ ਦਾ ਸੁਫ਼ਨਾ ਖਿੰਡ-ਪੁੰਡ ਗਿਆ ਹੈ। ਜਿੰਦਰ ਦੀਆਂ ਕਹਾਣੀਆਂ ਆਪਣੇ ਰਚਨਾਤਮਕ ਸੂਤਰਾਂ ਨੂੰ ਅਜਿਹੇ ਜੀਵਨ ਬੋਧ ਵਿਚੋਂ ਹੀ ਉਸਾਰਦੀਆਂ ਹਨ।

'ਨਹੀਂ, ਮੈਂ ਨਹੀਂ' ਪੁਸਤਕ ਦੀਆਂ ਕਹਾਣੀਆਂ ਦੇ ਅਧਿਐਨ ਵਿਚੋਂ ਉਭਰਿਆ ਸੰਸਾਰ ਬੁਨਿਆਦੀ ਤੌਰ ਤੇ ਤਾਂ ਉਪਰ ਵਰਣਿਤ ਪ੍ਰਕਾਰ ਦਾ ਹੀ ਹੈ। ਇਹ ਉਹ ਜੀਵਨ ਬੋਧ ਹੈ ਜੋ ਮਨੁੱਖ ਦੀ ਸੋਚ, ਵਿਸ਼ਵਾਸ਼ਾਂ ਤੋਂ ਥਿੜਕਣ ਕਾਰਣ ਉਪਜਿਆ ਹੈ। ਜਿੰਦਰ ਆਪਣੇ ਕਥਾ ਸੰਸਾਰ ਵਿਚ ਇਸ ਜੀਵਨ ਬੋਧ ਤੱਕ ਤਿੰਨ ਤਰਾਂ ਰਸਾਈ ਕਰਦਾ ਹੈ—

1) ਆਰਥਿਕ ਅਸਾਂਵੇਪਣ ਨੂੰ ਮੇਟਣ ਦੀ ਜਦੋ-ਜਹਿਦ ਅੱਗੇ ਲਚਾਰ ਹੋਏ ਮਨੁੱਖ ਦੀ ਥਿੜਕਣ।

2) ਜਾਤੀਗਤ ਸ਼੍ਰੇਸ਼ਠਤਾ/ਹੀਣਤਾ ਦੇ ਦਾਇਰਿਆਂ ਵਿਚ ਫਸੇ ਮਨੁੱਖਾਂ ਦੇ ਆਪਸੀ ਸਮਾਜੀ ਸੰਬੰਧਾਂ ਕਾਰਣ ਉਪਜਦੀ ਥਿੜਕਣ ਅਤੇ ਹੀਣਤਾ।

3) ਸਰੀਰਕ ਸੰਬੰਧਾਂ ਦੀ ਮਰਿਆਦਾਗਤ ਵਿਆਕਰਣ ਨੂੰ ਉਲੰਘਣ ਦੇ ਇਵਜ਼ ਵਜੋਂ ਪੈਦਾ ਹੋਈ ਥਿੜਕਣ।

ਇਥੇ ਮੱਹਤਵਪੂਰਨ ਗੱਲ ਇਹ ਹੈ ਕਿ ਜਿੰਦਰ ਦੀ ਨਾਹਮੁਖ ਆਲੋਚਨਾ ਸਮੇਂ ਅਕਸਰ ਪਹਿਲੇ ਦੋ ਪਹਿਲੂਆਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ ਅਤੇ ਤੀਸਰੇ ਪਹਿਲੂ ਨੂੰ ਹੀ ਉਭਾਰ ਕੇ ਪੇਸ਼ ਕਰਨ ਕਾਰਨ ਮਨ ਚਾਹੇ ਅਰਥ ਕੱਢ ਕੇ ਉਸਦੀ ਸਿਰਜਣਾ ਨੂੰ ਨਕਾਰ ਦਿੱਤਾ ਜਾਂਦਾ ਹੈ। ਵੈਸੇ ਵੀ ਜਿੰਦਰ ਨੇ ਪਹਿਲੇ ਦੋ ਪਹਿਲੂਆਂ ਨੂੰ ਕਹਾਣੀਆਂ ਵਿਚ ਢਾਲਦੇ ਸਮੇਂ ਮੁਕਾਬਲਤਨ ਜ਼ਿਆਦਾ ਕਾਲਾਤਮਿਕ ਪੁਖ਼ਤਗੀ ਦਾ ਸਬੂਤ ਦਿੱਤਾ ਹੈ। ਉਸਦੇ ਜੀਵਨ ਬੋਧ ਬਾਰੇ ਤਾਂ ਕਿੰਤੂ ਪ੍ਰੰਤੂ ਹੋ ਸਕਦਾ ਹੈ ਪ੍ਰੰਤੂ ਕਹਾਣੀਆਂ ਦੀ ਕਲਾਤਮਿਕਤਾ ਬਾਰੇ ਠੋਸ ਨਜ਼ਰੀਆਂ ਬਣਾਇਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਵਿਚ ਇਸ ਸੰਗ੍ਰਹਿ ਦੀ ਕਹਾਣੀ 'ਹਮਜ਼ਾਦ' ਆਉਂਦੀ ਹੈ।

'ਹਮਜ਼ਾਦ' ਕਹਾਣੀ ਵਿਚੋਂ ਇਹ ਗੱਲ ਬੜੇ ਹੀ ਉਭਰਵੇਂ ਸੁਰ ਸਹਿਤ ਪ੍ਰਗਟ ਹੁੰਦੀ ਹੈ ਕਿ ਮੱਧਵਰਗੀ ਮਨੁੱਖ ਲਈ ਜ਼ਿੰਦਗੀ ਦਾ ਸਭ ਤੋਂ ਅਹਿਮ ਮੁੱਦਾ 'ਆਰਥਿਕਤਾ' ਹੀ ਹੈ। ਇਸ ਮਨੁੱਖ ਦੀ ਸਮੁੱਚੀ ਸਿਰਜਣਾਤਮਿਕ ਸ਼ਕਤੀ ਜ਼ਿੰਦਗੀ ਦੀ ਗੱਡੀ ਨੂੰ ਅੱਗੇ ਤੋਰਦਿਆਂ ਇਸ ਮੁੱਦੇ ਦੀ ਹੀ ਭੇਟਾ ਚੜ੍ਹ ਜਾਂਦੀ ਹੈ। ਇਸ ਸੰਘਰਸ਼ ਨਾਲ ਜ਼ਿੰਦਗੀ ਵਿਚ ਸੁਖਾਵੇਂ ਪਲਾਂ ਦੀ ਤਲਾਸ਼ ਲਈ ਜ਼ਮੀਨ ਤਿਆਰ ਕੀਤੀ ਜਾਂਦੀ ਹੈ ਪਰੰਤੂ 'ਸੁਖਾਵੇ ਪਲ' ਆਰਥਿਕ ਅਸਾਂਵੇਪਣ ਦੇ ਚਲਦਿਆਂ ਘੱਟ ਹੀ ਨਸੀਬ ਹੁੰਦੇ ਹਨ। ਇਸ ਨਾਲ ਆਮ ਮਨੁੱਖ ਦੀ ਜ਼ਿੰਦਗੀ ਵਿਚ ਨੀਰਸਤਾ, ਬੋਝਲਪਨ ਅਤੇ ਅਲਗਾਉਵਾਦੀ ਰੁਚੀਆਂ ਦੀ ਭਰਮਾਰਤਾ ਹੋ ਜਾਂਦੀ ਹੈ। ਜ਼ਿੰਦਗੀ ਵਿਚ ਕੜਵਾਹਟ, ਕੁਸੈਲੇਪਨ ਅਤੇ ਖ਼ਰਵੇਪਨ ਦੇ ਪਨਪਣ ਦੇ ਮੌਕੇ ਪੱਜ ਬਣ ਕੇ ਰਹਿੰਦੇ ਹਨ। ਨਿਰੰਤਰ ਦਬਾਅ ਦੇ ਚਲਦਿਆਂ ਮਨੁੱਖੀ ਸ਼ਕਤੀ ਦੇ ਨਿਕਾਸ ਦੇ ਸਭ ਦਰਵਾਜ਼ੇ ਬੰਦ ਹੋ ਜਾਂਦੇ ਹਨ। ਇਹੀ ਗੱਲ ਮਨੁੱਖ ਨੂੰ ਅੰਦਰੋ-ਅੰਦਰ ਖ਼ੋਰ ਕੇ ਉਸਦੀਆਂ ਸਭ ਉਸਾਰੂ ਸੰਭਾਵਨਾ ਨੂੰ ਮਿਟਾ ਛੱਡਦੀ ਹੈ। ਇਹ ਕਹਾਣੀ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਜਿੰਦਰ ਇਸ ਵਿਚ 'ਵਿਲਾਬਲ' ਨਾਮ ਦੇ ਨੌਜੁਆਨ ਦੀ ਉਪਰੋਕਤ ਮਨੋਸਥਿਤੀ ਨੂੰ ਚਿਤਰਦਿਆਂ ਇਸ ਨੂੰ ਬਹੁਤ ਵੱਡੇ ਕੈਨਵਸ ਤੇ ਫੈਲਾਉਂਦਾ ਹੈ। ਵਿਲਾਬਲ ਦਾ ਦੁਖਾਂਤ ਆਰਥਿਕ ਮੰਦਵਾੜੇ ਨੂੰ ਭੋਗ ਰਹੇ ਸਮੂਹ ਏਸ਼ੀਆ ਅਤੇ ਅਫ਼ਰੀਕਾ ਜਿਹੇ ਪੱਛੜੇ ਦੇਸ਼ਾਂ ਦੇ ਮੱਧਵਰਗੀ ਯੁਵਕਾਂ ਦਾ ਦੁਖਾਂਤ ਹੋ ਨਿਬੜਦਾ ਹੈ। ਸਥਿਤੀ ਦਾ ਸਿਤਮ ਇਸ ਗੱਲ ਵਿਚ ਹੈ ਕਿ ਵਿਲਾਬਲ ਆਪਣੀਆਂ ਸਾਧਾਰਨ ਯੋਗਤਾਵਾਂ ਅਤੇ ਸਮੁੱਚੀ ਸਹਿਰਦਤਾ ਅਤੇ ਸੰਘਰਸ਼ ਦੇ ਬਾਵਜੂਦ ਮੌਜੂਦਾ 'ਮੁਕਾਬਲੇ ਦੀ ਮੰਡੀ' ਵਿਚ ਹਰ ਪੜਾਅ ਤੇ ਮਾਤ ਖਾਂਦਾ ਹੈ। ਮੌਜੂਦਾ ਪਰਿਵੇਸ਼ ਜਿਸ ਵਿਚ ਵਿਸ਼ਵੀਕਰਣ ਦੇ ਚੱਲਦਿਆਂ ਸੰਸਾਰ ਦੇ 'ਖੁੱਲ੍ਹੀ ਮੰਡੀ' ਵਿਚ ਤਬਦੀਲ ਹੋਣ ਦੇ ਇਵਜ਼ ਵਜੋਂ ਪੱਛੜੇ ਦੇਸ਼ ਮੁਕਾਬਲੇ ਦੀ ਦੌੜ ਵਿਚ ਹਾਸ਼ੀਏ ਤੇ ਧਕੇਲ ਦਿੱਤੇ ਗਏ ਹਨ। ਪੂੰਜੀ ਦੇ ਬਲਬੂਤੇ ਪੈਦਾ ਕੀਤੀ ਟੈਕਨਾਲੋਜੀ ਅਤੇ ਉਸ ਰਾਹੀਂ ਸੰਸਾਰ ਨੂੰ ਕਾਬੂ ਕਰਨ ਦੇ ਨਿਕਲੇ 'ਨਵ-ਬਸਤੀਵਾਦੀ' ਸੰਕਲਪਾਂ ਨੂੰ ਇਸ ਕਹਾਣੀ ਦੇ ਪਿਛੋਕੜ ਵਿਚ ਮਹਿਸੂਸ

ਕੀਤਾ ਜਾ ਸਕਦਾ ਹੈ। ਭਾਰਤ ਵਰਗੇ ਪੱਛੜੇ ਦੇਸ਼ ਜੋ ਆਰਥਿਕ ਅਤੇ ਉਦਯੋਗਿਕ ਮੰਦਵਾੜੇ ਵਿਚੋਂ ਗੁਜ਼ਰ ਰਿਹਾ ਹੈ, ਵਿਚ ਵਿਸ਼ਵ ਵਿਉਪਾਰ ਸੰਸਥਾ ਦੇ ਸੰਸਾਰ ਵਿਉਪਾਰ ਨੂੰ ਵਿਚੋਂ ਨਿਯਮਬੱਧ ਕਰਨ ਦੇ ਮਨਸੂਬਿਆਂ ਦੇ ਚੱਲਦਿਆਂ ਵਿਲਾਬਲ ਵਰਗੇ ਨੌਜੁਆਨ ਦਾ ਕੀ ਭਵਿੱਖ ਹੈ ? ਇਹ ਇਸ ਕਹਾਣੀ ਦਾ ਵੱਡਾ ਪ੍ਰਸ਼ਨ ਹੈ ਜੋ ਬਾਰ-ਬਾਰ ਜੁਆਬ ਮੰਗਦਾ ਹੈ। ਵੈਸੇ ਬੁਨਿਆਦੀ ਤੌਰ ਤੇ ਇਹ ਕਹਾਣੀ ਵਿਲਾਬਲ ਦੇ ਪੜ੍ਹਾਈ ਵਿਚ ਸਧਾਰਨ ਯੋਗਤਾ ਸਿੱਧ ਕਰਨ ਉਪਰੰਤ ਉਪਜੀਵਕਾ ਕਮਾਉਣ ਅਤੇ ਆਤਮ ਨਿਰਭਰ ਹੋਣ ਲਈ ਅਰੰਭ ਵਿਭਿੰਨ ਕਾਰੋਬਾਰਾਂ (ਭਾਂਡਿਆਂ ਦੀ ਦੁਕਾਨ, ਚਾਹ ਦੀ ਕੰਟੀਨ) ਨੂੰ ਕਰਨ ਅਤੇ ਅਸਫਲ ਹੋਣ ਦੁਆਲੇ ਘੁੰਮਦੀ ਹੈ। ਉਸ ਨੂੰ ਹਰ ਕੰਮ ਵਿਚ ਆਰੰਭਿਕ ਸਫ਼ਲਤਾ ਤਾਂ ਮਿਲਦੀ ਹੈ ਪਰੰਤੂ ਮੁਕਾਬਲੇ ਦੀ ਮੰਡੀ ਵਿਚ ਜਿਸ ਵਿਚ ਚੀਜ਼ਾਂ ਦੀ ਵੰਨਸਵੰਨਤਾ (ਵੈਰਾਈਟੀ) ਅਤੇ ਬਹੁਲਤਾ ਨੇ ਵਿਉਪਾਰ ਨੂੰ ਨਿਰਧਾਰਤ ਕਰਨਾ ਹੈ, ਵਿਚ ਉਹ ਆਪਣੀ ਪਤਲੀ ਆਰਥਿਕ ਸਥਿਤੀ ਕਾਰਣ ਮਾਤ ਖਾਂਦਾ ਹੈ। ਵਿਲਾਬਲ ਦੇ ਨਿਮਨ ਲਿਖਲ ਬੋਲ ਇਸ ਸਥਿਤੀ ਦੇ ਪ੍ਰਸੰਗ ਨੂੰ ਡੂੰਘੀ ਤਰ੍ਹਾਂ ਉਘਾੜਦੇ ਹਨ—

* ਇਹ ਦੁਕਾਨ ਨ੍ਹੀਂ ਚਲਣੀ। ਤੁਸੀਂ ਪੁੱਛੋ-ਕਿਉਂ ? ਬਾਜ਼ਾਰ ਵੜਦਿਆਂ ਭਾਂਡਿਆਂ ਦੀਆਂ ਦੋ ਹੋਰ ਦੁਕਾਨਾਂ ਖੁੱਲ੍ਹ ਗਈਆਂ। ਉਨ੍ਹਾਂ ਵਿਚ ਸਮਾਨ ਦੀਆਂ ਬਹੁਤ ਸਾਰੀਆਂ ਵਰੈਟੀਆਂ ਪਈਆਂ। ਮੇਰੀ ਦੁਕਾਨ ਵਿਚ ਘੱਟੋ- ਘੱਟ ਚਾਲੀ ਪੰਜਾਬ ਹਜ਼ਾਰ ਦਾ ਮਾਲ ਪੈਣਾ ਚਾਹੀਦਾ। ਦੱਸੋ ! ਇੰਨੇ ਪੈਸੇ ਮੈਨੂੰ ਕੌਣ ਦੇ ਸਕਦਾ ?"

(ਹਮਜ਼ਾਦ, ਪੰਨ੍ਹਾ 15)

* ਅੱਜ ਕੱਲ੍ਹ ਕੰਮ ਪੈਸਿਆਂ ਨਾਲ ਚਲਦੇ। ਖੁੱਲ੍ਹੇ ਪੈਸੇ ਹੋਣ। ਦੁਕਾਨ ਭਰੀ-ਭਰੀ ਲੱਗੇ। ਗ੍ਰਾਹਕ ਆਪੇ ਆਉਂਦੇ।"

(ਹਮਜ਼ਾਦ, ਪੰਨ੍ਹਾ 15)

ਇਸ ਕਹਾਣੀ ਦਾ ਇੱਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਪਰਿਵਾਰ ਵਿਚਲੀਆਂ ਸਭ ਧਿਰਾਂ ਦੀ ਆਪਸੀ ਸੁਹਿਰਦ ਪਹੁੰਚ ਦੇ ਬਾਵਜੂਦ ਬਾਹਰੀ ਸਥਿਤੀਆਂ ਦਾ ਦਬਾਅ ਇਸ ਕਦਰ ਪ੍ਰਚੰਡ, ਮਾਰੂ ਅਤੇ ਖੰਡਿਤ ਕਰਨ ਵਾਲਾ ਹੈ ਕਿ ਆਪਸੀ ਸੰਬੰਧਾਂ ਵਿਚ ਨਿਰੰਤਰ ਤਲਖੀ ਭਰ ਰਹੀ ਹੈ ਅਤੇ ਦੂਰੀ ਪੈਦਾ ਹੋ ਰਹੀ ਹੈ। ਘਰ ਦੀ ਹਾਂ ਨੂੰ ਸਾਂਵੇ ਰੂਪ ਵਿਚ ਤੋਰੀ ਰੱਖਣ ਲਈ ਮਿ. ਬੋਗਾ ਸਰਕਾਰੀ ਨੌਕਰੀ ਦੇ ਨਾਲ-ਨਾਲ ਪਰੂਫ ਰੀਡਿੰਗ ਦਾ ਕੰਮ ਕਰਨ ਲਈ ਮਜ਼ਬੂਰ ਹਨ। ਕੰਮ ਦੀ ਬਹੁਲਤਾ ਦੇ ਚਲਦਿਆਂ ਉਨ੍ਹਾਂ ਕੋਲ ਪਤਨੀ ਅਤੇ ਪੁੱਤਰ ਲਈ ਵੀ ਢੁਕਵਾਂ ਸਮਾਂ ਨਹੀਂ ਹੈ। ਪਰੰਤੂ ਇਸ ਮਿਹਨਤ ਦੇ ਬਾਵਜੂਦ ਉਹ ਆਪਣੇ ਪੁੱਤਰ ਨੂੰ ਮੁਕਾਬਲੇ ਦੀ ਮੰਡੀ ਵਿਚ ਭਿੜਨ ਲਈ ਯੋਗ ਆਰਥਿਕ ਧਰਾਤਲ ਪ੍ਰਦਾਨ ਕਰਨ ਤੋਂ ਅਸਮਰਥ ਹਨ। ਮੱਧ ਵਰਗੀ ਮਨੁੱਖ ਦਾ ਅਜਿਹਾ ਦੁਖਾਂਤ ਉਸਦੀ ਹੋਣੀ ਦਾ ਸੱਚ ਹੈ। ਆਪਣੀਆਂ ਸੀਮਿਤ ਸੰਭਾਵਨਾਵਾਂ ਕਾਰਣ ਉਹ ਵੱਡੇ ਸਮਾਜੀ ਸਮੂਹ ਵਿਚ ਪੈਣ ਦੀ ਬਜਾਇ ਆਪਣੇ ਸੰਘਰਸ਼ ਨੂੰ ਸਿਰਫ ਘਰ ਤੱਕ ਮਹਿਦੂਦ ਕਰਦਾ ਹੈ, ਪਰੰਤੂ ਅਜੋਕੇ ਪ੍ਰਸੰਗਾਂ ਵਿਚ ਉਹ ਆਪਣੇ ਘਰ ਅਤੇ ਵੰਸ਼ ਨੂੰ ਵੀ ਆਪਣੇ ਸਭ ਨਿੱਜੀ ਯਤਨਾਂ ਦੇ ਬਾਵਜੂਦ ਸੁਰੱਖਿਆ ਛਤਰੀ ਦੇਣ ਤੋਂ ਅਸਮਰਥ ਹੈ। ਵਿਲਾਬਲ ਅੱਗੇ ਸਥਿਤੀਆਂ ਦੀ ਵਿਕਰਾਲਤਾ ਹੋਰ ਵੀ ਪ੍ਰਚੰਡ ਹੈ ਕਿਉਂਕਿ ਉਹ ਆਪਣੇ ਬਾਪ ਵਾਂਗ ਸਰਕਾਰੀ ਨੌਕਰੀ ਤੋਂ ਵੀ ਮਹਿਰੂਮ ਹੈ। ਉਸਦੀ ਸੁਰੱਖਿਆ ਛਤਰੀ ਤਾਂ ਮੌਜੂਦਾ ਪ੍ਰਸੰਗ ਵਿਚ ਬਿਲਕੁਲ ਹੀ ਗਾਇਬ ਹੈ। ਉਸ ਕੋਲ ਸਿਰਫ 'ਮਿਹਨਤ ਦੀ ਪੂੰਜੀ ਹੈ' ਜੋ 'ਮਾਲੀ ਪੂੰਜੀ' ਦੀ ਅਪੂਰਤੀ ਨੂੰ ਠੱਲਣ ਤੋਂ ਅਸਮਰਥ ਹੈ। ਸਥਿਤੀ ਦਾ ਦੁਖਾਂਤ ਇ ਹੈ ਕਿ ਮੌਜੂਦਾ ਸਥਿਤੀ ਵਿਚ ਦੋਨਾਂ ਧਿਰਾਂ (ਪਿਉ-ਪੁੱਤਰ) ਦੀ ਆਪਸੀ ਸੁਹਿਰਦ ਪਹੁੰਚ ਵੀ ਸਥਿਤੀ ਦੇ ਜਮੂਦ ਅਤੇ ਅਮਾਨਵੀਪੁਣੇ ਨੂੰ ਤੋੜਣ ਤੋਂ ਅਸਮਰਥ ਹੈ। ਕਿਸੇ ਵੀ ਧਿਰ ਕੋਲ ਕੋਈ ਦੂਜਾ ਬਦਲ ਨਹੀਂ। ਜੇ ਬਦਲ ਹੈ ਵੀ ਤਾਂ ਉਹ ਬਹੁਤ ਆਤਮਘਾਤੀ ਬਦਲ ਹੈ ਜੋ ਵਿਲਾਬਲ ਦੁਆਰਾ ਆਪਣੇ ਬਾਪ ਨੂੰ ਨਿਮਨ ਕਹੇ ਬੋਲਾਂ ਵਿਚੋਂ ਉੱਘੜ੍ਹਦਾ ਹੈ—

'......ਪਲੀਜ਼ ਲੀਵ ਮੀ ਅਲੋਨ।'

(ਪੰਨਾ 16)



ਇਹ ਬਦਲ ਸਿਰਫ ਵਿਲਾਬਲ ਦੀ ਅੰਦਰਲੀ ਤਨਖੀ ਦੀ ਬਾਹਰੀ ਚੀਕ ਹੈ। ਇਸ ਨਾਹਮੁਖ ਬਦਲ ਦੀਆਂ ਭਵਿੱਖਾਰਥੀ ਸੰਭਾਵਨਾਵਾਂ ਨਹੀਂ ਹੋ ਸਕਦੀਆਂ। ਸੂਚਨਾ ਟੈਕਨੀਕ ਅਤੇ ਇੰਟਰਨੈਟ ਕ੍ਰਾਂਤੀ ਦੇ ਵਿਸਫੋਟ ਦੇ ਚਲਦਿਆਂ ਸੰਸਾਰ ਦੇ 'ਗਲੋਬਲ ਵਿਲੇਜ' ਬਣਨ ਦੀ ਸ਼ੁਰੂ ਹੋਈ ਪ੍ਰਕਰਿਆ ਨੂੰ ਠੱਲਣਾ ਸਾਡੇ ਵਰਗੇ ਪੱਛੜੇ ਦੇਸ਼ ਲਈ ਅਸੰਭਵ ਪ੍ਰਤੀਤ ਹੁੰਦਾ ਹੈ। ਲਚਾਰ ਹੋ ਕੇ ਕੀਤੀ 'ਬੇਨਤੀ' ਨੂੰ ਸੰਸਾਰ ਭਾਈਚਾਰੇ ਦੇ ਵਿਕਸਤ ਸਰਮਾਏਦਾਰੀ ਦੇਸ਼ ਕਦਾਚਿਤ ਗੌਲਣ ਵਾਲੇ ਨਹੀਂ ਹਨ। ਵਿਲਾਬਲ ਵਰਗਿਆਂ ਨੂੰ ਇਸ ਭੇੜ ਦੀਆਂ ਸੰਭਾਵਨਾਵਾਂ ਆਪਣੀਆਂ ਅੰਦਰਲੀਆਂ ਬੰਦ ਪਈਆਂ ਯੋਗਤਾਵਾਂ ਨੂੰ ਜਗਾ ਕੇ ਅਤੇ ਨਿਕਾਸ ਦੇ ਕੇ ਹੀ ਤਲਾਸ਼ਣੀਆਂ ਪੈਣੀਆਂ ਹਨ। ਇਹ ਉਨ੍ਹਾਂ ਨੂੰ ਕਰਨਾ ਪੈਣਾ ਹੈ ਕਿਉਂਕਿ ਇਸ ਉੱਤੇ ਹੀ ਉਨ੍ਹਾਂ ਦੇ ਭਵਿੱਖ ਦੇ ਸਰੋਕਾਰ ਨਿਰਭਰ ਕਰਨਗੇ।

'ਨਹੀਂ, ਮੈਂ ਨਹੀਂ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦਾ ਅਗਲਾ ਮੱਹਤਵਪੂਰਨ ਪਸਾਰ ਉਨ੍ਹਾਂ ਕਹਾਣੀਆਂ ਵਿਚ ਮਿਲਦਾ ਹੈ ਜਿਸ ਵਿਚ ਜਿੰਦਰ ਜਾਤੀਗਤ ਵੰਡ ਦੇ ਸ਼ਿਕਾਰ ਵਿਭਿੰਨ ਮਨੁੱਖਾਂ ਦੇ ਮਨੋਕਲੇਸ਼ਾਂ ਨੂੰ ਜ਼ੁਬਾਨ ਦਿੰਦਾ ਹੈ। 'ਸੌਰੀ', ਆਤਮਹੱਤਿਆਂ' ਅਤੇ 'ਜ਼ਹਿਰ' ਕਹਾਣੀਆਂ ਆਪਣੇ ਸਿਰਜਣ ਸੰਸਾਰ ਵਿਚ ਅਜਿਹੇ ਪਸਾਰਾਂ ਨੂੰ ਸਮਾਈ ਬੈਠੀਆਂ ਹਨ। ਦਲਿਤ ਸੰਵੇਦਨਾ ਨੂੰ ਪ੍ਰਣਾਏ ਹੋਰ ਸਾਹਿਤਕਾਰਾਂ ਤੋਂ ਜਿੰਦਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਇਹ ਸਭ ਬਹੁਤ ਹੀ ਸਹਿਜਮਈ ਢੰਗ ਨਾਲ ਪੇਸ਼ ਕਰਦਾ ਹੈ। ਪਾਤਰਾਂ ਦੀ ਮਨੋਸਥਿਤੀ ਦੀਆਂ ਤੰਦਾਂ ਨੂੰ ਪਕੜਦਿਆਂ ਉਹ ਆਪਣੇ ਜਾਤੀਗਤ ਆਪੇ ਨੂੰ ਇਕ ਫ਼ਾਸਲੇ ਤੇ ਬਣਾਈ ਰੱਖਦਾ ਹੈ ਅਤੇ ਵਿਭਿੰਨ ਜਾਤੀਆਂ ਦੇ ਪਾਤਰਾਂ ਨੂੰ ਸੰਭਵ ਕਾਵਿਕ ਨਿਆਇ ਦੇਣ ਦਾ ਯਤਨ ਕਰਦਾ ਹੈ। ਉਹ ਕਿਸੇ ਖਾਸ ਧਰਮ ਜਾਂ ਜਾਤ ਨਾਲ ਮੋਹ ਜਾਂ ਨਫ਼ਰਤ ਪਾਲਦਾ ਨਜ਼ਰੀ ਨਹੀਂ ਪੈਂਦਾ ਸਗੋਂ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪਾਤਰ ਦੀਆਂ ਅੰਦਰਲੀਆਂ ਤਹਿਆਂ ਦੇ ਅਵਚੇਤਨੀ ਪਸਾਰਾਂ ਨੂੰ ਪਕੜਨ ਦਾ ਯਤਨ ਕਰਦਾ ਹੈ। ਇਸ ਗੱਲ ਵਿਚ ਹੀ ਇਨ੍ਹਾਂ ਕਹਾਣੀਆ ਅਤੇ ਜਿੰਦਰ ਦੀ ਸੰਭਾਵਨਾ ਛੁਪੀ ਹੋਈ ਹੈ। ਮਿਸਾਲ ਦੇ ਤੌਰ ਤੇ ਕਹਾਣੀ 'ਸੌਰੀ' ਨੂੰ ਲਿਆ ਜਾ ਸਕਦਾ ਹੈ ਇਸ ਕਹਾਣੀ ਵਿਚ ਸਮੁੱਚੇ ਤਾਣੇ ਪੇਟੇ ਨੂੰ ਦਲਿਤ ਭਾਈਚਾਰੇ ਵਿਚੋਂ ਵਿਕਸਤ ਹੋਏ ਮਨੁੱਖ ਦੇ ਅੰਦਰ ਸਦੀਵੀ ਛਿਪੀ ਹੀਣ ਭਾਵਨਾ ਦੇ ਦੁਆਲੇ ਉਣਿਆ ਗਿਆ ਹੈ। ਕਹਾਣੀ ਵਿਚ ਪੇਸ਼ ਬਿਰਤਾਂਤ ਵਕਤਾ 'ਲੱਧੜ' ਦੀ ਅਜਿਹੀ ਮਾਨਸਿਕਤਾ ਕਹਾਣੀ ਦੇ ਹਰ ਸ਼ਬਦ ਵਿਚੋਂ ਝਲਕਦੀ ਹੈ। ਆਪਣੀ ਸਰਕਾਰੀ ਨੌਕਰੀ ਦੇ ਬਲਬੂਤੇ ਨਵੀਂ ਉੱਸਰੀ ਕਲੋਨੀ ਵਿਚ ਉਹ ਆਪਣੀ ਨਵੀਂ ਉੱਸਰੀ ਸ਼ਨਾਖ਼ਤ ਨਾਲ ਰਹਿ ਰਿਹਾ ਹੈ। ਉਸਨੇ ਬਾਹਰੀ ਤੌਰ ਉੱਤੇ ਆਪਣੇ ਦਲਿਤ ਹੋਣ ਦੇ ਲੇਬਲ ਨੂੰ ਉਤਾਰ ਸੁੱਟਿਆ ਹੈ ਅਤੇ ਮੱਧਵਰਗ ਤੱਕ ਆਪਣੀ ਸੁਧਰੀ ਆਰਥਿਕ ਸਥਿਤੀ ਅਤੇ 'ਸਟੇਟਸ' ਕਾਰਨ ਰਸਾਈ ਪ੍ਰਾਪਤ ਕਰ ਚੁੱਕਾ ਹੈ। ਸਥਿਤੀ ਦੀ ਵਿਡੰਬਨਾ ਇਸ ਗੱਲ ਵਿਚ ਹੈ ਕਿ ਅੰਦਰੂਨੀ ਤੌਰ ਤੇ ਨਾ ਤਾਂ ਉਸਦੀ ਮਾਨਸਿਕਤਾ ਵਿਚ ਹੀ ਕੋਈ ਪਰਿਵਰਤਨ ਆਇਆ ਹੈ ਅਤੇ ਨਾ ਹੀ ਉਸਦੇ ਆਸ ਪਾਸ ਵੱਸਣ ਵਾਲੇ ਅਖੌਤੀ ਉੱਚੀਆਂ ਜਾਤੀਆਂ ਦੇ ਗੁਆਂਢੀਆਂ ਦੀ ਹੀ ਜ਼ਾਤ-ਪਾਤ ਸੰਬੰਧੀ ਕੋਈ ਵਿਸ਼ੇਸ਼ ਸੋਚ ਬਦਲੀ ਹੈ। ਉਹ ਪੜ੍ਹਣ ਲਿਖਣ ਕਾਰਣ ਬਾਹਰੀ ਤੌਰ ਉੱਤੇ ਦਲਿਤ ਸੰਬੰਧੀ ਆਪਣੇ ਪ੍ਰਤਿਕਰਮਾਂ ਨੂੰ ਪ੍ਰਗਟਾਉਣ ਵੇਲੇ ਤਾਂ ਸਭਿਅਕ ਵਤੀਰੇ ਨੂੰ ਅਪਣਾਉਂਦੇ ਹਨ ਪਰੰਤੂ ਜਦ ਉਹ 'ਆਪਣਿਆਂ' ਵਿਚ ਬੈਠਦੇ ਹਨ ਤਾਂ ਉਨ੍ਹਾਂ ਦੇ ਅਵਚੇਤਨ ਵਿਚ ਸ਼੍ਰੇਸ਼ਠਤਾ ਦੀਆਂ ਖ਼ੁਦੀਆਂ ਹੰਕਾਰ ਮਈ ਅਤੇ ਗੈਰਮਾਨਵੀ ਤਸਵੀਰਾਂ ਦੇ ਨਕਸ਼ ਉੱਘੜਦੇ ਹਨ।

ਚਮਾਰ ਜਾਤ ਦੇ ਲੱਧੜ ਦੀ ਦੁਖਾਂਤਿਕ ਸਥਿਤੀ ਇਹ ਹੈ ਕਿ ਉਹ ਅੰਦਰੋਂ ਤਾਂ ਘਰਾਂ ਵਿਚ ਕੰਮ ਕਰਦੀ ਆਪਣੀ ਜਾਤੀ ਦੀ ਬੰਤੀ ਨਾਲ ਹੁੰਦੇ ਦੁਰਵਿਹਾਰ ਸਮੇਂ ਹਮਦਰਦੀ ਨਾਲ ਭਰਿਆ ਪਿਆ ਹੈ ਪਰੰਤੂ ਆਪਣੀ ਸ਼ਨਖ਼ਤ ਦੇ ਜ਼ਾਹਿਰ ਹੋਣ ਦੇ ਡਰੋਂ ਉਸ ਲਈ ਕੁਝ ਵੀ ਆਰਥਿਕ ਕਰਨ ਤੋਂ ਅਸਮਰਥ ਹੈ। ਇਸ ਤਰ੍ਹਾਂ ਇਹ ਕਹਾਣੀ ਉਸਦੀ ਤ੍ਰਿਸ਼ੰਕੂ ਸਥਿਤੀ ਤੇ ਡੂੰਘਾ ਵਿਅੰਗ ਕਰਦੀ ਹੈ ਅਤੇ ਪੰਜਾਬੀ ਸਮਾਜ ਵਿਚਲੇ ਵਿਕਸਤ ਹੋਏ ਦਲਿਤ ਭਾਈਚਾਰੇ ਦੀ ਮਾਨਸਿਕ ਵਿਡੰਬਨਾ ਨੂੰ ਵੀ ਪੇਸ਼ ਕਰਦੀ ਹੈ। ਲੱਧੜ ਦੀ ਸਾਰਿਆਂ ਨਾਲ ਦੁੱਖ-ਸੁੱਖ ਦੀ ਸਾਂਝ ਹੈ, ਸਭ ਦੇ ਘਰੀਂ ਉਸਦਾ ਆਉਣ ਜਾਣ ਹੈ। ਉਸਦੀ ਆਪਣੀ ਜੀਵਨ ਲੜਾਈ ਸਿਰਫ ਆਪਣੇ ਆਸ-ਪਾਸ ਵਾਲਿਆਂ ਦੇ ਬਰਾਬਰ ਬਣ ਕੇ ਰਹਿਣ ਦੀ ਹੈ।

ਉਹ ਅਖੌਤੀ ਉੱਚੀਆਂ ਜਾਤਾਂ ਵਾਲਿਆਂ ਦੇ ਦੋਗਲੇ ਬੋਲਾਂ ਨੂੰ ਸਮਝਦਾ ਹੈ। ਉਹ ਜਾਣਦਾ ਹੈ ਕਿ ਇਨ੍ਹਾਂ ਸੰਬੰਧਾਂ ਨੂੰ ਓਪਰੇ ਤੌਰ ਤੇ 'ਸਟੇਟਸ' ਨਾਲ ਜੋੜਿਆ ਜਾਂਦਾ ਹੈ, ਪਰੰਤੂ ਇਸ ਤੋਂ ਵੱਡੀ ਗੱਲ 'ਆਪਣੀ ਜਾਤ' ਜਾਂ 'ਸਮਾਨ ਜਾਤ' ਹੋਣ ਦੀ ਹੈ। 'ਸਟੇਟਸ' ਸਿਰਫ਼ ਅਹੁਦਿਆਂ ਦੀ ਬਰਾਬਰੀ ਵਿਚ ਹੀ ਨਹੀਂ ਸਗੋਂ ਜਾਤੀਗਤ ਬਰਾਬਰੀ ਵਿਚ, ਨਿਰਧਾਰਤ ਹੁੰਦਾ ਹੈ। ਅਜਿਹੇ ਸਮਾਜ ਵਿਚ ਦਲਿਤ ਭਾਈਚਾਰੇ ਦਾ ਮੱਧਵਰਗ ਤਕ ਰਸਾਈ ਪ੍ਰਾਪਤ ਕਰ ਚੁੱਕਾ ਮਨੁੱਖ ਆਪਣੇ ਅਸਤਿਤਵ ਨੂੰ ਹਮੇਸ਼ਾ ਸੰਕਟ ਵਿਚ ਦੱਸਿਆ ਮਹਿਸੂਸਦਾ ਹੈ। ਉਹ ਆਪਣੇ ਨਵੇਂ ਉਸਾਰੇ 'ਭਾਈਚਾਰੇ' ਕੋਲੋਂ ਸਵੀਕ੍ਰਿਤੀ ਲੈਣ ਲਈ ਆਪਣੀ ਜਾਤੀ ਨੂੰ ਛੁਪਾਉਣ ਦੇ ਰਾਹ ਤੁਰਦਾ ਹੈ ਜੋ ਉਸਦੀ ਸ਼ਖਸ਼ੀਅਤ ਵਿਚ ਦੋਹਰਾ ਟੇਢ ਪੈਦਾ ਕਰਦੀ ਹੈ। ਇਕ ਪਾਸੇ ਤਾਂ ਉਹ ਬਾਹਰੀ ਤੌਰ ਉਤੇ ਆਪਣੀ ਜਾਤੀ ਤੋਂ ਵਿੱਥ ਬਣਾ ਕੇ ਚੱਲਦਾ ਹੈ ਅਤੇ ਅੰਦਰੋਂ ਭਾਵਨਾ ਵਜੋਂ ਉਸ ਨਾਲ ਜੁੜਿਆ ਹੁੰਦਾ ਹੈ। ਪਰੰਤੂ ਬਾਹਰੀ ਤੌਰ ਤੇ ਉੱਚ ਜਾਤੀਆਂ ਦੀਆਂ ਦਲਿਤ ਜਾਤੀ ਸੰਬੰਧੀ ਘਟੀਆ ਟਿੱਪਣੀਆਂ ਦੀ ਹਾਂ ਵਿਚ ਹਾਂ ਮਿਲਾਉਂਦਾ ਹੈ। ਇਸ ਦੁਫੇੜ ਵਿਚ ਉਹ ਨਿਰੰਤਰ ਹੀਣ ਭਾਵਨਾ ਨਾਲ ਭਰ ਕੇ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੁੰਦਾ ਹੈ। ਕਹਾਣੀ ਵਿਚ ਵੀ ਲੱਧੜ ਦਾਰੂ ਮਹਿਫ਼ਲ ਵਿਚ ਬੈਠਿਆ ਜਦ ਉੱਚ ਜਾਤੀਆਂ ਵਾਲਿਆਂ ਦੀਆਂ ਦਲਿਤ ਸੰਬੰਧੀ ਘਟੀਆ ਟਿਪਣੀਆਂ ਸੁਣਦਾ ਹੈ ਤਾਂ ਬਾਹਰੀ ਤੌਰ ਉਤੇ ਚੁਪ-ਚਾਪ ਸੁਣ ਕੇ ਵੀ ਅੰਦਰੋਂ ਆਤਮ ਗਿਆਨੀ ਨਾਲ ਭਰ ਜਾਂਦਾ ਹੈ—

"ਮੈਂ ਬੋਤਲ ਚੁੱਕੀ ਪੌਣੀ ਗਿਲਾਸੀ ਭਰ ਲਈ। ਇਕੋ ਸਾਹੇ ਪੀ ਲਈ।
ਰੁਮਾਲ ਨਾਲ ਬੁੱਲ੍ਹ ਪੂੰਝੇਂ। ਨੀਵੀਂ ਪਾਈ। ਅੰਨ੍ਹੇਵਾਹ ਤਾੜੀਆਂ ਮਾਰਨ ਲੱਗਾ।"

(ਸੌਰੀ, ਪੰਨਾ 26)

ਕਹਾਣੀ ਦੀ ਧੁਨੀ ਵਿਚੋਂ ਇਹ ਗੱਲ ਉਭਰਦੀ ਹੈ ਕਿ ਅਜਿਹੇ ਕਾਰਨਾ ਕਰਕੇ ਹੀ ਦਲਿਤ ਭਾਈਚਾਰੇ ਦਾ ਵਿਕਾਸ ਨਿੱਜੀ ਪ੍ਰਾਪਤੀਆਂ ਤੱਕ ਸੀਮਿਤ ਹੋ ਗਿਆ ਹੈ ਅਤੇ ਸਮੂਹਿਕ ਵਿਕਾਸ ਵਿਚ ਤਬਦੀਲ ਹੋਣ ਦੀਆਂ ਸੰਭਾਵਨਾਵਾਂ ਦਾ ਗਲਾ ਘੁੱਟਿਆ ਗਿਆ ਹੈ। ਦਲਿਤ ਮਨੁੱਖ ਦੀ ਅਜਿਹੀ ਸਥਿਤੀ ਉਸ ਨੂੰ ਇਕ ਪਾਸੇ ਆਪਣੇ ਪੀੜਿਤ ਭਾਈਚਾਰੇ ਦੇ ਕਲਿਆਣ ਤੋਂ ਵਰਜਦੀ ਹੈ ਅਤੇ ਦੂਜੇ ਪਾਸੇ ਅਖੌਤੀ ਉੱਚ ਜਾਤੀ ਸਮਾਜ ਦਾ ਹਿੱਸਾ ਬਣਨ ਤੋਂ ਵੀ ਪਰ੍ਹੇ ਰੱਖਦੀ ਹੈ। ਉਹ ਅੰਦਰੋਂ ਸ਼ਰਮਸਾਰ ਹੋਇਆ ਦੋਨਾਂ ਪੱਧਰਾਂ ਤੇ ਹੀ ਨਿਸ਼ਕ੍ਰਿਆ ਹੋਣੀ ਨੂੰ ਭੋਗਦਾ ਹੀਣ ਭਾਵਨਾ ਨਾਲ ਭਰਦਾ ਹੈ ਅਤੇ ਆਪਣੀ ਸਿਰਜਣਾਤਮਿਕ ਊਰਜਾ ਦੀਆਂ ਰੌਸ਼ਨ ਸੰਭਾਵਨਾਵਾਂ ਨੂੰ ਜਗਾਉਣ ਤੋਂ ਅਸਮਰਥ ਰਹਿੰਦਾ ਹੈ। ਉਸ ਦੀ ਅਜਿਹੀ ਜਮੂਦ ਮਈ ਵਿਅਕਤੀ ਕੇਂਦ੍ਰਿਤ ਸਥਿਤੀ ਨਾਂ ਤਾਂ ਦਲਿਤ ਸਮਾਜਚਾਰੇ ਦਾ ਹੀ ਕੁਝ ਸੰਵਾਰਦੀ ਹੈ ਅਤੇ ਨਾ ਹੀ ਸਮੁੱਚੇ ਸਮਾਜ ਲਈ ਕੋਈ ਸਾਰਥਿਕ ਉਪਲਬਧੀ ਦੀ ਸੂਚਕ ਬਣਦੀ ਹੈ।

'ਆਤਮਹੱਤਿਆ' ਅਤੇ 'ਜ਼ਹਿਰ' ਕਹਾਣੀਆਂ ਵਿਚ ਦਲਿਤ ਸੰਵੇਦਨਾ ਦਾ ਇਕ ਵੱਖਰਾ ਪਰਿਪੇਖ ਉੱਭਰਦਾ ਹੈ। ਇਨ੍ਹਾਂ ਕਹਾਣੀਆਂ ਦਾ ਬੁਨਿਆਦੀ ਨੁਕਤਾ ਇਸ ਗੱਲ ਉੱਤੇ ਆਧਾਰਿਤ ਹੈ ਕਿ ਭਾਰਤੀ ਸਮਾਜ ਵਿਚ ਜਾਤੀਗਤ ਵੰਡੀਆਂ ਦੀ ਖਾਈ ਏਨੀ ਡੂੰਘੀ ਹੈ ਕਿ ਅਜੋਕੇ ਉੱਤਰ-ਆਧੁਨਿਕ ਆਖੇ ਜਾਂਦੇ ਸਮਾਜ ਵਿਚ ਵੀ ਇਹ ਮਾਨਵੀ ਅਵਚੇਤਨ ਵਿਚ ਜਿਉਂ ਦੀ ਤਿਉਂ ਪਈ ਹੋਈ ਹੈ। ਵੱਖ-ਵੱਖ ਜਾਤਾਂ ਦੇ ਆਪਸੀ ਮਿਲਵਰਤਣ ਅਤੇ ਸਾਂਝਾਂ ਦੇ ਬਾਵਜੂਦ ਵੀ ਇਹ ਮਨੁੱਖੀ ਮਾਨਸਿਕਤਾ ਵਿਚੋਂ ਕਦੇ ਵੀ ਖਾਰਜ ਨਹੀਂ ਹੁੰਦਾ। ਇਹ ਸਮੱਸਿਆ ਏਨੀ ਵਿਕਰਾਲ ਅਤੇ ਇਸਦੇ ਨਕਸ਼ ਮਨੁੱਖੀ ਅਵਚੇਤਨ ਤੇ ਏਨੇ ਡੂੰਘੇ ਹਨ ਕਿ ਵਿਆਹ ਸੰਬੰਧਾਂ ਵਿਚ ਬੱਝ ਕੇ ਵੀ ਵਿਭਿੰਨ ਜਾਤੀਆਂ (ਉੱਚੀਆਂ ਅਤੇ ਨੀਵੀਆਂ) ਦੇ ਮਨੁੱਖਾਂ ਵਿਚ ਵਿਹਾਰ ਦੀ ਸਹਿਜਤਾ ਪੈਦਾ ਨਹੀਂ ਹੁੰਦੀ। 'ਆਤਮਹੱਤਿਆ' ਕਹਾਣੀ ਵਿਚ ਇਸੇ ਅੰਤਰਜਾਤੀ ਵਿਆਹ ਦੇ ਦੁਆਲੇ ਹੀ ਸਮੁੱਚਾ ਕਥਾ-ਪ੍ਰਬੰਧ ਉਸਰਿਆ ਹੈ। ਕਹਾਣੀ ਵਿਚਲੀ 'ਸੁਰਜੀਤ' ਜੋ ਉੱਚ-ਜਾਤੀ ਲੜਕੀ ਹੈ ਪ੍ਰਤਿ ਨੀਵੀਂ ਜ਼ਾਤ ਦੇ ਉਸਦੇ ਪਤੀ ਰਮੇਸ਼ ਅਤੇ ਉਸਦੇ ਮਾਂ ਦਾ ਵਿਵਹਾਰ ਸਹਿਜਤਾ ਤੋਂ ਸੱਖਣਾ ਹੈ। ਸੁਰਜੀਤ ਪ੍ਰਤਿ ਉਨ੍ਹਾਂ ਦੇ ਮਨਾਂ ਵਿਚ ਉਕਰਿਆ 'ਵੱਡੇ ਘਰ ਦੀ' ਦਾ ਮੋਟਿਫ ਹਰ ਘਟਨਾਂ ਵੇਲੇ ਆਪਣਾ ਪ੍ਰਭਾਵ ਛੱਡਦਾ ਹੈ। ਇਸ ਲਈ ਉਨ੍ਹਾਂ ਦਾ ਹਰ ਘਟਨਾ ਪ੍ਰਤਿ ਪ੍ਰਤਿਕਰਮ



ਸੁਰਜੀਤ ਜਾਂ ਉਸਦੇ ਪਰਿਵਾਰ ਦੇ ਸੰਬੰਧ ਵਿਚ ਅਧੀਨਗੀ ਵਾਲਾ ਹੈ। ਸਾਡੇ ਸਮਾਜ ਵਿਚ ਜਾਤ-ਪਾਤ ਦਾ ਵਿਸ਼ੈਲਾ ਨਾਗ ਆਪਣੀ ਜ਼ਹਿਰ ਸਾਡੇ ਮਨ ਮਸਤਕ ਵਿਚ ਡੂੰਘੀ ਤਰਾਂ ਫੈਲ ਚੁੱਕਾ ਹੈ। ਇਸ ਕਾਰਣ ਹੀ ਉੱਚ ਜਾਤੀਆਂ ਨਾਲ ਸੰਬੰਧਾਂ ਵਿਚ ਵਿਚਰਦੇ ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ ਦਾ ਪ੍ਰਤਿਕਰਮ ਦੋ ਤਰਾਂ ਸਾਹਮਣੇ ਆਉਂਦਾ ਹੈ—

1) ਅਧੀਨਗੀ (ਹੀਣ ਭਾਵਨਾ) ਨਾਲ ਭਰਿਆ
2) ਨਫ਼ਰਤ (ਵਿਸਫੋਟਕ ਵਿਦ੍ਰੋਹ) ਨਾਲ ਭਰਿਆ

ਪਹਿਲੇ ਰੂਪ ਦੀ ਵੰਨਗੀ 'ਆਤਮਹੱਤਿਆ' ਕਹਾਣੀ ਵਿਚ ਮਿਲਦੀ ਹੈ ਅਤੇ ਦੂਜਾ ਰੂਪ 'ਜ਼ਹਿਰ' ਕਹਾਣੀ ਵਿਚ ਆਪਣਾ ਅਸਰ ਦਿਖਾਉਂਦਾ ਹੈ। 'ਜ਼ਹਿਰ' ਕਹਾਣੀ ਵਿਚ ਕੇਂਦਰੀ ਘੁੰਢੀ ਕਹਾਣੀ ਦੇ ਬਿਰਤਾਂਤ ਵਕਤਾ ਮੈਂ' ਦੇ ਮਨ ਵਿਚ ਬੜੀ ਹੀਣ ਭਾਵਨਾ ਨੂੰ ਉਹ 'ਤਾਇਆ' ਕਹਿ ਕੇ ਸੰਬੋਧਤ ਕਰਦਾ ਹੈ। ਦੋਨਾਂ ਪਰਿਵਾਰਾਂ ਦੇ ਨੇੜਲੇ ਸੰਬੰਧ ਹਨ। ਪਰੰਤੂ ਤਾਏ ਦੀ ਭੈਣ ਦੇ ਵਿਆਹ ਵੇਲੇ ਆਪਣੇ ਬਾਪ ਨੂੰ 'ਲਾਗ' ਦੇ ਮਿਲੇ ਖੇਸ ਤ ਪੰਜਾਹ ਰੁਪਇਆਂ ਤੋਂ ਉਸ ਅੰਦਰ ਨਫ਼ਰਤ ਦੇ ਅੰਸ਼ ਪੈਦਾ ਹੋ ਜਾਂਦੇ ਹਨ। ਆਪਣੇ ਬਾਪ ਦੀ ਡੰਡੀ ਲੱਤ ਅਤੇ ਉਸਦੇ ਕਰਪੇਕ ਹੋਣ ਸੰਬੰਧੀ ਤਾਏ ਕੋਲੋਂ ਸੁਣੇ ਵੇਰਵੇ ਉਸਦੀ ਹੀਣ ਭਾਵਨਾ ਨੂੰ ਹੋਰ ਪ੍ਰਬਲ ਕਰ ਦਿੰਦੇ ਹਨ। ਇਸ ਕਹਾਣੀ ਦਾ ਇੱਕ ਉਸਾਰੂ ਪਹਿਲੂ ਇਹ ਹੈ ਕਿ ਇਹ ਹੀਣ ਭਾਵਨਾ ਹੀ ਕਹਾਣੀ ਵਕਤਾ ਦੇ ਬਾਪ ਅਤੇ ਖ਼ੁਦ ਕਹਾਣੀ ਵਕਤਾ ਨੂੰ ਆਪਣੀ ਆਰਥਿਕ ਸਥਿਤੀ ਸੁਧਾਰਨ ਲਈ ਪ੍ਰੇਰਦੇ ਹਨ। ਇਸ ਪ੍ਰੇਰਨਾ ਵਿਚੋਂ ਨਿਕਲੇ ਉਸਦੇ ਬਾਪ ਦੇ ਇਹ ਸ਼ਬਦ ਸਮਝਣਯੋਗ ਹਨ—

"ਮੇਰੀ ਇਹੀ ਇੱਛਾ ਆ ਕਿ ਤੂੰ ਵੱਡਾ ਅਫ਼ਸਰ ਬਣੇ। ਪਿੰਡ ਵਿਚ ਆਪਣੀ
ਕਿੱਲ੍ਹੇ ਜਿੱਡੀ ਕੋਠੀ ਪਾਵੇਂ। ਸਾਡੀ ਦਸਾਂ ਪਿੰਡਾਂ ਵਿਚ ਬੱਲੇ-ਬੱਲੇ ਹੋਵੇ। ਕੋਈ
ਪੁੱਛੇ ਇਹ ਕੋਠੀ ਕਿਹਦੀ ਆ ? ਅਗੋਂ ਉਹਨੂੰ ਜਵਾਬ ਮਿਲੇ-ਗੰਗਾ ਰਾਮ
ਦੇ ਪੋਤੇ ਦੀ।"

(ਜ਼ਹਿਰ, ਪੰਨਾ 74)

ਇਨ੍ਹਾਂ ਸਤਰਾਂ ਵਿਚ ਦੋਹਰਾ ਪ੍ਰਸੰਗ ਹੈ। ਇਕ ਪੱਖ ਤਾਂ ਆਪਣੀ ਆਰਥਿਕ ਸਥਿਤੀ ਨੂੰ 'ਅਫ਼ਸਰੀ' ਦੀ ਜਾਦੂਛੜੀ ਰਾਹੀਂ ਸੁਧਾਰਨ ਦਾ ਹੈ ਅਤੇ ਆਪਣੀ ਸਦੀਆਂ ਤੋਂ ਗੁਆਚੀ ਹਉਮੈਂ ਦੀ ਮੁੜ ਪ੍ਰਾਪਤੀ ਦਾ ਹੈ। ਇਸਦੇ ਨਾਲ ਹੀ ਇਥੇ ਆਪਣੀਆਂ ਜੜ੍ਹਾਂ ਵੱਲ ਪਰਤਣ ਦੀ ਲਲਕ ਵੀ ਹੈ। ਪਿੰਡ ਵਿਚ ਕਿਉਂਕਿ ਆਪਣੀ ਜਾਤੀਗਤ ਸ਼ਨਾਖ਼ਤ ਬਾਰੇ ਤਾਂ ਭੁਲੇਵਾਂ ਨਹੀਂ ਸਿਰਜਿਆ ਜਾ ਸਕਦਾ ਇਸ ਲਈ ਇਸ ਸ਼ਨਾਖ਼ਤ ਨੂੰ 'ਅਫ਼ਸਰੀ' ਦੇ ਦਾਬੇ ਹੇਠ ਨਾਲ ਦੇ ਭਾਈਚਾਰੇ ਵਿਚ ਨਵੇਂ ਰੂਪ ਵਿਚ ਪੇਸ਼ ਕਰਨ ਵਿਚ ਹੈ। ਇਹੀ ਕੁਝ ਇਸ ਕਹਾਣੀ ਵਿਚਲਾ ਬਿਰਤਾਂਤ ਵਕਤਾ ਮੈਂ ਪਾਤਰ ਕਰਦਾ ਹੈ। ਉਸਦੀ ਸਾਰੀ ਪ੍ਰਾਪਤੀ ਤਾਏ ਪ੍ਰਤਿ ਉਪਜੀ ਅੰਦਰਲੀ ਨਫ਼ਰਤ ਦਾ ਹੀ ਪ੍ਰਤਿਕਰਮ ਹੈ। ਉਹ ਤਾਏ ਨੂੰ ਆਪਣੇ ਅਹਿਸਾਨਾਂ ਦੇ ਬੋਝ ਥੱਲੇ ਦੱਬ ਕੇ ਅਤੇ ਅਫ਼ਸਰੀ ਦੇ ਬਲਬੂਤੇ ਨਵੀਂ ਪ੍ਰਾਪਤ ਅਮੀਰੀ ਦਿਖਾਏ ਨਿਰੰਤਰ ਆਪਣੀ ਹੀਣ ਭਾਵਨਾ ਤੋਂ ਮੁਕਤੀ ਲਈ ਯਤਨਸ਼ੀਲ ਹੈ। ਪਰੰਤੂ ਜਦ ਪਿੰਡ ਮਿਲਣ ਆਏ ਨੂੰ ਤਾਇਆ, ਨਿਮਨ ਆਪਣੇ ਪੁਤ ਨਿਮਨ ਨੂੰ ਬੋਝ ਕਹਿੰਦਾ ਹੈ ਤਾਂ ਕਹਾਣੀ ਨਵਾਂ ਪ੍ਰਸੰਗ ਗ੍ਰਹਿਣ ਕਰਦੀ ਹੈ—

"ਤੂੰ ਐਦਾਂ ਕਰ—ਇਹਦੇ ਸਕੂਟਰ ਪਿੱਛੇ ਆਲੂਆਂ ਦੀ ਬੋਰੀ ਰੱਖ ਦੇ।
ਮੇਰੇ ਬਾਬੇ ਨੇ ਮੈਨੂੰ ਇਹ ਸਿਖ ਮੱਤ ਦਿੱਤੀ। ਘਰ ਆਏ ਨੂੰ ਖਾਲੀ
ਹੱਥ ਨ੍ਹੀ ਜਾਣ ਦਈਦਾ ਹੁੰਦਾ।......ਆਪਾਂ ਇਹਨੂੰ ਦੇਣ ਜੋਗੇ ਵੀ ਕੀ ਆ।
ਜਾਹ-ਜਾਹ ਤੂੰ ਇਹਨੂੰ ਆਪ ਛੱਡ ਕੇ ਆ। ਇਹ ਤੇਰਾ ਵੱਡਾ ਭਾਈਆ।
ਇਹਦੇ ਪੈਰੀਂ ਹੱਥ ਲਾਇਆ ਕਰ।

(ਜ਼ਹਿਰ ਪੰਨਾ 82)

ਇਨ੍ਹਾਂ ਕਹਾਣੀਆਂ ਵਿਚੋਂ ਇਹ ਗੱਲ ਬੜੇ ਸ਼ਕਤੀਸ਼ਾਲੀ ਰੂਪ ਵਿਚ ਉਭਰਦੀ ਹੈ ਕਿ ਦਲਿਤ

ਮਨੁੱਖ ਦੇ ਉੱਚ ਜਾਤੀਆਂ ਨਾਲ ਆਪਸੀ ਸੰਬੰਧਾਂ ਵਲੋਂ ਉਪਜਦੇ ਇਹ ਦੋਨੋਂ ਤਰ੍ਹਾਂ ਦੇ ਪ੍ਰਤਿਕਰਮ ਸਹਿਜ ਹੋਣ ਦੀ ਬਜਾਇ ਅਸਹਿਜ ਹਨ। ਇਸ ਤਰ੍ਹਾਂ ਇਨ੍ਹਾਂ ਦੀ ਅੰਤਿਮ ਪ੍ਰਾਪਤੀ ਸਾਡੇ ਸਮਾਜਚਾਰੇ ਲਈ ਵਿਨਾਸ਼ਕਾਰੀ ਹੀ ਹੋ ਸਕਦੀ ਹੈ। ਜ਼ਰੂਰਤ ਇਨ੍ਹਾਂ ਸੰਬੰਧਾਂ ਵਿਚ ਸਹਿਜਤਾ ਸਥਾਪਤ ਹੋਣ ਦੀ ਹੈ। ਇਸ ਗੱਲ ਨੂੰ ਅਣਕਹੇ ਰੂਪ ਵਿਚ ਇਹ ਕਹਾਣੀਆਂ ਕਹਿੰਦੀਆਂ ਜਾਪਦੀਆਂ ਹਨ।

'ਨਹੀਂ ਮੈਂ ਨਹੀਂ', ਸੰਗ੍ਰਹਿ ਦੀਆਂ ਕਹਾਣੀਆਂ ਦਾ ਉਹ ਪਸਾਰ ਜੋ ਆਪਣੇ ਸੰਗਠਨ ਨੂੰ ਸਰੀਰਕ ਸੰਬੰਧਾਂ ਦੀ ਮਰਿਆਦਾਗਤ ਵਿਆਕਰਣ ਨੂੰ ਉਲੰਘਣ ਤੋਂ ਉਪਜਦੇ ਸੰਕਟਾਂ ਵਿਚੋਂ ਉਸਰਦਾ ਹੈ, ਵੀ ਪਾਠਕ ਲਈ ਨੁਕਤੇ ਛੱਡ ਜਾਂਦਾ ਹੈ। ਸ਼ੀਤ ਯੁੱਧ, ਮਾਤ੍ਰਸ਼ੀ, ਕੱਚੇ ਪੱਕੇ ਨਕਸ਼ੇ, ਪਿਉ ਸਿਧਾਰਥ-ਪੁੱਤਰ, ਜਵਾਲਾਮੁਖੀ ਪਤੰਦਰ, ਕੂੜ ਇਸ ਵੰਨਗੀ ਦੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਮਰਿਆਦਾਗਤ ਕਾਮ-ਸੰਬੰਧਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਖ਼ਲਲ ਪਿਆ ਹੈ। ਇਹ ਖ਼ਲਲ ਕਿਤੇ ਤਾਂ ਮਜ਼ਬੂਰੀ ਵਸ ਅਤੇ ਕਿਤੇ ਨਵੀਂ ਜੀਵਨ-ਜਾਚ ਨੂੰ ਪ੍ਰਣਾਉਣ ਕਾਰਨ ਪਿਆ ਹੈ। ਪਰੰਤੂ ਕਾਰਨ ਕੁਝ ਵੀ ਰਹੇ ਹੋਣ ਇਸ ਨਾਲ ਕਥਾ-ਸੰਗਠਨ ਵਿਚ ਢਲੇ ਪਾਤਰਾਂ ਦੀ ਮਾਨਸਿਕ ਸਥਿਤੀ ਤਿੱਖੇ ਮਨੋਵਿਸ਼ਾਦ ਅਤੇ ਮਨੋਕਲੇਸ਼ ਵਿਚੋਂ ਗੁਜ਼ਰਦੀ ਹੈ। ਜਿੱਥੇ ਕਿਤੇ ਤਾਂ ਇਨ੍ਹਾਂ ਮਨੋਕਲੇਸ਼ਾਂ ਲਈ ਸਮਾਜੀ ਤਾਣਾ-ਬਾਣਾ ਜ਼ਿੰਮੇਵਾਰ ਨਜ਼ਰ ਆਉਂਦਾ ਹੈ ਉਥੇ ਤਾਂ ਪਾਤਰਾਂ ਦੀ ਸਥਿਤੀ ਦਾ ਤਰਕ ਕੁਝ ਹੱਦ ਤੱਕ ਮੰਨਣਯੋਗ ਜਾਪਦਾ ਹੈ ਜਿਵੇਂ "ਕੱਚੇ ਪੱਕੇ ਨਕਸ਼ੇ" ਕਹਾਣੀ ਵਿਚ ਬੱਚੇ ਦੀ ਪ੍ਰਾਪਤੀ ਲਈ ਬਿਰਤਾਂਤਕ ਵਕਤਾ ਮੈਂ ਆਪਣੇ ਪਤੀ ਦੀ ਨਿਪੁੰਸਕਤਾ ਕਾਰਣ ਜੇਠ ਨਾਲ ਕਾਮ ਸੰਬੰਧ ਬਣਾਉਂਦੀ ਹੈ। ਪਰੰਤੂ ਇਹ ਅਜਿਹਾ ਮਸਲਾ ਹੈ ਜੋ ਬੇਹੱਦ ਪੇਚੀਦਾ ਹੈ। ਕਿਉਂਕਿ ਸਰੀਰਕ ਸੰਬੰਧਾਂ ਵਿਚ ਵਿਚਰਣ ਦਾ ਅਮਲ ਸਿਰਫ਼ 'ਸੀਮੈਂਨ' ਲੈਣ ਤੱਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ। ਇਸ ਨਾਲ ਸਾਡੇ ਇਸ ਪੱਖੋਂ ਬੰਦ ਵਿਧਾਨਕੀ ਸਮਾਜ ਅਤੇ ਸਦੀਆਂ ਤੋਂ ਦ੍ਰਿੜਾਈ ਜਾਂਦੀ ਨੈਤਿਕਤਾ ਅਤੇ ਸਦਾਚਾਰ ਦੇ ਪਹਿਲੂਆਂ ਦੇ ਤਿੜਕਣ ਦੇ ਅਸਾਰ ਹਨ। ਇਸ ਸਮੱਸਿਆਂ ਦੀਆਂ ਅਸੀਮ ਪਰਤਾਂ ਹਨ ਜਿਸ ਵਿਚੋਂ ਕੁਝ ਇਕ ਨੂੰ ਜਿੰਦਰ ਪਕੜਨ ਲਈ ਯਤਨਸ਼ੀਲ ਨਜ਼ਰ ਆਉਂਦਾ ਹੈ। ਪਰੰਤੂ ਦੂਜੇ ਪਾਸੇ 'ਸੀਤ ਯੁੱਧ' ਵਰਗੀ ਕਹਾਣੀ ਵਿਚ ਮਾਂ ਅਤੇ ਧੀ ਨੂੰ ਆਪਣੀਆਂ ਕਾਮਕ ਖਿੱਚਾਂ ਦੀ ਅਧੀਨਗੀ ਵਿਚ ਵਿਚਰਦਿਆਂ ਇਕ ਹੀ ਰਸਤੇ ਦੀਆਂ ਪਾਂਧੀ ਬਣੀਆਂ ਚਿਤਰਿਆ ਗਿਆ ਹੈ। ਇਹ ਕਹਾਣੀ ਏਨੀ ਗੱਲ ਤਾਂ ਸੰਚਾਰਦੀ ਜਾਪਦੀ ਹੈ ਕਿ ਮਰਿਆਦਾਗਤ ਕਾਮੁਕ ਸੰਬੰਧਾਂ ਨੂੰ ਤੋੜਨ ਵਾਲੀ ਮਾਂ ਦੀ ਧੀ ਵੀ ਉਸ ਵਾਂਗ ਹੀ ਕਰੇਗੀ ਪਰੰਤੂ ਇਸ ਤੋਂ ਵਡੇਰੇ ਅਰਥਾਂ ਦੀ ਗੁੰਜਾਇਸ਼ ਕਹਾਣੀ ਵਿਚ ਨਹੀਂ ਬਣ ਸਕੀ। ਅਜਿਹਾ ਕੁਝ ਹੀ ਇਸ ਵਿਸਥਾਰ ਵਾਲੀਆਂ ਦੂਜੀਆਂ ਕਹਾਣੀਆਂ ਵਿਚ ਹੋਇਆ ਹੈ। ਇਹ ਕਹਾਣੀਆਂ ਆਪਣੇ ਸੰਗਠਨ ਵਿਚ ਕਿਤੇ-ਕਿਤੇ ਖੂਬਸੂਰਤ ਛੋਹਾਂ ਅਤੇ ਮਨ ਦੇ ਚਿੱਤਰਪੱਟ ਤੇ ਫੈਲਦੇ ਚੁਸਤ ਵਾਕਾਂ ਤੋਂ ਬਿਨਾਂ ਹੋਰ ਕੋਈ ਵੱਡੇ ਅਰਥਾਂ ਦੀ ਸਿਰਜਣਾ ਵਿਚ ਅਸਫਲ ਰਹੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਸਿਧਾਂਤਬੱਧ ਰੂਪ ਵਿਚ ਗ੍ਰਹਿਣ ਕੀਤੀ ਕਿਸੇ ਗੱਲ ਨੂੰ ਸਿੱਧੇ ਰੂਪ ਵਿਚ ਹੀ ਕਹਾਣੀਆਂ ਵਿਚ ਵਿਉਂਤਣ ਦਾ ਸੁਚੇਤ ਯਤਨ ਕੀਤਾ ਜਾਪਦਾ ਹੈ। ਠੋਸ ਅਨੁਭਵ ਦੀ ਘਾਟ ਅਤੇ ਆਪਣੀ ਰਚਨਾਤਮਿਕਤਾ ਵਿਚ ਸਮੋ ਕੇ ਪੇਸ਼ ਕਰਨ ਦੀ ਬਜਾਇ ਇਹ ਕਹਾਣੀਆਂ ਕਿਸੇ ਗੱਲ ਦਾ ਤੱਟ-ਫੱਟ ਪ੍ਰਤਿਕਰਮ ਜਾਪਦੀਆਂ ਹਨ। ਇਸ ਪਸਾਰ ਦੀਆਂ ਕਹਾਣੀਆਂ ਜਿੰਦਰ ਦੇ ਨਕਸ਼ਾਂ ਨੂੰ ਡੂੰਘਿਆਂ ਕਰਨ ਦੀ ਬਜਾਇ ਪੇਤਲਾ ਕਰਦੀਆਂ ਹਨ ਅਤੇ ਉਸਦੀ ਆਪਣੀ ਰਚਨਾਤਮਿਕ ਸ਼ਕਤੀ ਹੋਣ ਦੇ ਬਾਵਜੂਦ ਉਸ ਉਤੇ 'ਪ੍ਰੇਮ ਪ੍ਰਕਾਸ਼ ਮਾਡਲ' ਦਾ ਕਹਾਣੀਕਾਰ ਹੋਣ ਦਾ ਠੱਪਾ ਲਵਾਉਂਦੀਆਂ ਹਨ। ਇਸ ਪਸਾਰ ਨੂੰ ਪਕੜ ਕੇ ਹੀ ਕਥਾ-ਆਲੋਚਕ ਉਸਦੀ ਸਮੁੱਚੀ ਸਿਰਜਣਸ਼ੀਲਤਾ ਨੂੰ ਨਕਾਰ ਦਿੰਦੇ ਹਨ ਜੋ ਕੇ ਪੰਜਾਬੀ ਕਹਾਣੀ ਅਤੇ ਜਿੰਦਰ ਦੋਹਾਂ ਲਈ ਹੀ ਘਾਤਕ ਹੈ। ਕਥਾ-ਆਲੋਚਕਾਂ ਅਤੇ ਜਿੰਦਰ ਦੋਹਾਂ ਨੂੰ ਹੀ ਇਸ ਪੱਖੋਂ ਸੁਚੇਤ ਹੋਣਾ ਹੋਵੇਗਾ।

ਜਿੰਦਰ ਨੇ ਆਪਣੀਆਂ ਕਹਾਣੀਆਂ ਵਿਚ ਜਿਸ ਮਾਨਵੀ ਬੋਧ ਨੂੰ ਪੇਸ਼ ਕੀਤਾ ਹੈ ਉਸ ਲਈ 'ਉਤਮ ਪੁਰਖੀ ਬਿਰਤਾਂਤਕ ਮੈਂ' ਦੀ ਪੇਸ਼ਕਾਰੀ ਜੁਗਤ ਬਹੁਤ ਵਧੀਆ ਹੈ। ਮਨੁੱਖ ਦੇ ਵਿਸ਼ਾਦਗ੍ਰਸਤ ਹੋਣ, ਮਨਕਲੇਸ਼ਾਂ ਵਿਚ ਸੁੰਗੜਨ ਅਤੇ ਨਿਰੰਤਰ ਉਪਰਾਮ ਹੋਣ ਦੀ ਥਿੜਕਦੀ ਸਥਿਤੀ ਵਿਚ ਵਿਚਰਦੇ ਉਸਦੇ ਪਾਤਰ ਇਸ ਯੁਗਤ ਦੇ ਇਸਤੇਮਾਲ ਕਾਰਨ ਸਮੁੱਚੀ ਸਥਿਤੀ ਆਪਣੀ ਜ਼ਿੰਮੇਵਾਰੀ ਦਾ 'ਕਨਫੈਸ਼ਨ'



ਕਰਦੇ ਜਾਪਦੇ ਹਨ। ਮੌਜੂਦਾ ਜਮੂਦਗ੍ਰੱਸਤ ਮਨੁੱਖ ਆਪਣੀ ਸਥਿਤੀ ਨੂੰ ਸਮਝਣ ਉਪਰੰਤ ਆਪਣੀ ਲਘੂਤਾ ਨੂੰ ਸਵੀਕਾਰਨ ਦੇ ਜਿਸ ਰਸਤੇ ਤੁਰਿਆ ਹੈ ਉਸ ਦੇ ਮੰਥਨ ਵਿਚੋਂ ਹੀ ਭਵਿੱਖ ਵਿਚ 'ਕੁਝ ਚੰਗੇ' ਦੀ ਆਸ ਬਣਦੀ ਹੈ। ਇਸ ਮੰਥਨ ਰਾਹੀਂ ਹੀ ਆਤਮ ਪ੍ਰਕਾਸ਼ ਨੇ ਪੈਦਾ ਹੋਣਾ ਹੈ। ਕਹਾਣੀ ਸੰਗ੍ਰਹਿ ਵਿਚ ਪੇਸ਼ ਕਹਾਣੀਆਂ ਦਾ ਬਿਰਤਾਂਤ 'ਕ੍ਰਮਿਕ ਬਿਰਤਾਂਤ' ਨਹੀਂ ਹੈ। ਇਹ ਕਹਾਣੀਆਂ ਛੋਟੀਆਂ-ਛੋਟੀਆਂ ਘਟਨਾਵਾਂ ਦੇ ਮਨ ਉੱਤੇ ਪੈਂਦੇ ਸੂਖ਼ਮ ਪ੍ਰਭਾਵਾਂ ਦੁਆਲੇ ਬੁਣੀਆਂ ਹੋਈਆਂ ਹਨ। ਇਨ੍ਹਾਂ ਕਹਾਣੀਆਂ ਦਾ ਵਕਤਾ ਪਾਠਕੀ ਸੌਖ ਲਈ ਘਟਨਾਵੀ ਭੂਮਿਕਾ ਵਿਉਂਤਬੰਦੀ ਦੀ ਬਜਾਇ ਪਾਰੇ ਵਾਂਗ ਥਿੜਕਦੀ ਮਾਨਸਿਕਤਾ ਦੇ ਵਾਂਗ ਹੀ ਘਟਨਾਵਾਂ ਨੂੰ ਕਦੇ ਕਿਸੇ ਕੋਨਿਉਂ ਪਕੜਦਿਆਂ ਪੇਸ਼ ਕਰਦਾ ਹੈ ਅਤੇ ਫਿਰ ਉਸ ਨੂੰ ਵਿਚ ਵਿਚਾਲਿਉਂ ਛੱਡ ਨਵੇਂ ਪਾਸਿਉਂ ਸੰਬੰਧਿਤ ਘਟਨਾਂ ਨੂੰ ਪੇਸ਼ ਕਰਨ ਲੱਗ ਜਾਂਦਾ ਹੈ। ਕਈ ਵਾਰ ਉਹ ਬਿਲਕੁਲ ਨਵੀਂ ਘਟਨਾਂ ਨੂੰ ਸ਼ੁਰੂ ਕਰ ਲੈਂਦਾ ਹੈ। ਇਹ ਘਟਨਾਂ ਕਈ ਵਾਰ ਬਿਲਕੁਲ ਵੱਖਰੀ ਜਾਪਦੀ ਹੈ ਅਤੇ ਸਮੁੱਚੀ ਕਹਾਣੀ ਦਾ ਪਾਠ ਮੁਕੰਮਲ ਕਰਨ ਉਪਰੰਤ ਹੀ ਇਸਦੀਆਂ ਤੰਦਾਂ ਬਾਕੀ ਪ੍ਰਬੰਧ ਨਾਲ ਜੁੜਦੀਆਂ ਹਨ। ਇਕ ਬੈਠਕ ਵਿਚ ਕਹਾਣੀ ਪੜ੍ਹਦੇ ਸਮੇਂ ਕਈ ਵਾਰ ਇਸ ਦੀਆਂ ਤੰਦਾਂ ਪਾਠਕ ਦੀ ਪਕੜ ਵਿਚ ਪੂਰੀ ਤਰ੍ਹਾਂ ਨਹੀਂ ਆਉਂਦੀਆਂ। ਜਿੰਦਰ ਦੇ ਬਿਰਤਾਂਤ ਦੇ ਜਟਿਲ ਹੋਣ ਦਾ ਇਹ ਇੱਕ ਵੱਡਾ ਕਾਰਨ ਹੈ। ਕਹਾਣੀਆਂ ਵਿਚ ਪਾਠਕ ਨੂੰ ਖ਼ੁਦ ਸਿਰਜਕ ਬਣ ਕੇ ਛੱਡੇ ਖੱਪਿਆਂ ਨੂੰ ਭਰਨ ਅਤੇ ਪੁਨਰ ਸਿਰਜਣ ਕਰਨ ਦਾ ਕਾਰਜ ਕਰਨਾ ਪੈਂਦਾ ਹੈ। ਉਹ ਬਹੁਤ ਕੁਝ ਕਹਿ ਕੇ ਵੀ ਕਾਫੀ 'ਅਣਕਿਹਾ' ਛੱਡਣ ਵਾਲਾ ਕਹਾਣੀਕਾਰ ਹੈ। ਉਸਦੀ ਅਜਿਹੀ ਬਿਰਤਾਂਤਕਾਰੀ ਕਾਰਣ ਘਟਨਾ ਉਸਦੀ ਕਹਾਣੀ ਵਿਚ ਦੂਜੈਲੀ ਮੱਹਤਤਾ ਦੀ ਧਾਰਨੀ ਹੋ ਜਾਂਦੀ ਹੈ ਅਤੇ ਉਹ ਵੱਖਰੀ ਘਟਨਾ ਜਾਂ ਵਾਪਰਨ ਜਾ ਰਹੀ ਘਟਨਾ ਦੇ ਮਨ ਤੇ ਉੱਕਰੇ ਪ੍ਰਭਾਵਾਂ ਨੂੰ ਕ੍ਰਮਬੱਧ ਕਰਨ ਲੱਗ ਪੈਂਦਾ ਹੈ। ਅਜਿਹੇ ਪ੍ਰਭਾਵਾਂ ਦੀਆਂ ਤੰਦਾਂ ਨੂੰ ਸਮੇਟਦਿਆਂ ਉਹ ਕਈ ਵਾਰ ਕੁਝ ਤੰਦਾਂ ਵਿਚ ਵਿਚਾਲੇ ਛੱਡ ਦਿੰਦਾ ਹੈ ਅਤੇ ਕਈ ਵਾਰ ਇਹ ਆਪਸ ਵਿਚ ਬੁਰੀ ਤਰ੍ਹਾਂ ਉਲਝ ਜਾਂਦੀਆਂ ਹਨ। ਇਸ ਨਾਲ ਕਹਾਣੀਆਂ ਦੀ ਸੰਚਾਰ ਜਗਤਾ ਨੂੰ ਠੇਸ ਪਹੁੰਚਦੀ ਹੈ। ਅਜੋਕੀ ਕਹਾਣੀ ਵਿਚ ਬਹੁਤ ਕੁਝ ਅਣਕਿਹਾ ਕਹਿਣ ਦੀ ਯੁਗਤ ਵਰਤੀ ਜਾਂਦੀ ਹੈ ਪਰੰਤੂ ਜੋ ਕੁਝ ਕਿਹਾ ਗਿਆ ਹੈ, ਉਸ ਦੀ ਸੰਚਾਰ ਯੋਗਤਾ ਵਿਚ ਖੱਪੇ ਨਹੀਂ ਰਹਿਣੇ ਚਾਹੀਦੇ। ਦੂਜਾ ਕਹਾਣੀਆਂ ਦੀ ਡੂੰਘਾਈ ਪੇਸ਼ ਘਟਨਾਵਾਂ ਅਤੇ ਪਾਤਰਾਂ ਦੇ ਜੀਵਨ ਬੋਧ ਦੀ ਦਿਸ਼ਾ ਅਤੇ ਇਸ ਨੂੰ ਨਿਰਧਾਰਤ ਕਰਦੇ ਪ੍ਰੇਰਕਾਂ ਦੀ ਕੁਸ਼ਲ ਸਿਰਜਣਾ ਵਿਚ ਹੁੰਦੀ ਹੈ। ਕਥਾ ਦੀ ਡੂੰਘਾਈ ਕਹਾਣੀ ਵਿਚ ਬਹੁਤੀਆਂ ਤੰਦਾਂ ਨੂੰ ਸ਼ੁਰੂ ਕਰਨ, ਆਪਸ ਵਿਚ ਫਸਾਉਣ ਇਸ ਪੱਖੋਂ ਸੁਚੇਤ ਹੋਣ ਦੀ ਜ਼ਰੂਰਤ ਹੈ। ਵੈਸੇ ਉਹ ਜਿਸ ਬਿਰਤਾਂਤਕ-ਮਾਡਲ ਦਾ ਕਹਾਣੀਕਾਰ ਹੈ ਉਸ ਨੂੰ ਅਜੇ ਪੰਜਾਬੀ ਪਾਠਕਾਂ ਤੱਕ ਰਸਾਈ ਕਰਨ ਲਈ ਸਮਾਂ ਲੱਗੇਗਾ। ਪੰਜਾਬੀ ਪਾਠਕ ਅਜੇ ਵੀ ਸੰਗਠਿਤ ਕਥਾ-ਬਿੰਬ ਨੂੰ ਪੜ੍ਹਨ ਤੇ ਇਸਦੇ ਕਥਾ-ਰਸ ਨੂੰ ਮਾਨਣ ਦੀ ਮਾਨਸਿਕਤਾ ਤੋਂ ਮੁਕਤ ਨਹੀਂ ਹੋਏ। ਹੁਣ ਤਕ ਸਾਡੇ ਕੋਲ ਜੋ ਬਿਰਤਾਂਤ ਰਿਹਾ ਹੈ ਉਸ ਵਿਚ ਜਾਂ ਤਾਂ ਕਹਾਣੀ ਨੂੰ ਲਕੀਰੀ ਪਸਾਰ ਵਿਚ ਨਾਟਕੀ ਸਿਖ਼ਰ ਅਤੇ ਅੰਤਿਮ ਝਲਕਾਰੇ ਰਾਹੀਂ ਸਮੇਟਣ ਦੀ ਯੁਗਤ ਵਰਤੀ ਜਾਂਦੀ ਰਹੀ ਹੈ। ਜਾਂ ਦੂਜੇ ਪਾਸੇ ਉਹ ਕਥਾ ਮਾਡਲ ਜਿਸ ਵਿਚ ਛੋਟੇ-ਛੋਟੇ ਨਾਟਕੀ ਸਿਖਰਾਂ ਨਾਲ ਜੜਿਤ ਕਿਸੇ ਕੇਂਦਰੀ ਨੁਕਤੇ ਦੁਆਲੇ ਸੰਗਠਿਤ ਅਤੇ ਅੰਤਿਮ ਤੌਰ ਤੇ ਬੱਝਵੇਂ ਪ੍ਰਭਾਵ ਵਾਲੇ ਲੰਮੇ ਬਿਰਤਾਂਤ ਸਿਰਜਣ ਦੀ ਜੁਗਤ ਵੀ ਕਾਫ਼ੀ ਮਕਬੂਲ ਹੋਈ ਹੈ। ਜਿੰਦਰ ਆਪਣੇ ਕਥਾ-ਮਾਡਲ ਵਿਚ ਏਨ੍ਹਾਂ ਦੋਨਾਂ ਬਿਰਤਾਂਤ ਮਾਡਲਾਂ ਤੋਂ ਪ੍ਰੇਰਨਾ ਲੈਂਦਾ, ਆਪਣਾ ਬਿਰਤਾਂਤਕ-ਮਾਡਲ ਉਸਾਰਨ ਦਾ ਕਾਰਜ ਕਰਦਾ ਜਾਪਦਾ ਹੈ। ਉਹ ਅਕਾਰ ਪੱਖੋਂ ਵਿਰਕ ਵਾਂਗ ਛੋਟੀ ਕਹਾਣੀ ਰਚਕੇ ਵੀ ਉਸ ਵਿਚ ਲੰਮੀ ਕਹਾਣੀ ਵਾਂਗ ਬਹੁਤ ਕੁਝ ਸਮੇਟਣ ਲਈ ਤਤਪਰ ਨਜ਼ਰ ਆਉਂਦਾ ਹੈ। ਇਸ ਗੱਲ ਨੇ ਹੀ ਇਨਾਂ ਕਹਾਣੀਆਂ ਦੀ ਬਿਰਤਾਂਤਕਾਰੀ ਨੂੰ ਜਟਿਲ ਅਤੇ ਵਿਚ-ਵਿਚ ਸੰਚਾਰ ਰੋਧਕ ਵੀ ਬਣਾਇਆ ਹੈ। ਜਿੰਦਰ ਦੇ ਕਥਾ-ਸੰਸਾਰ ਅੱਗੇ ਭਵਿੱਖ ਦੀ ਸਭ ਤੋਂ ਵੱਡੀ ਚੁਣੌਤੀ ਪੇਸ਼ ਘਟਨਾਵਾਂ ਦੇ ਪ੍ਰੇਰਕਾਂ ਦੀ ਅੰਤਰ ਮੁਖਤਾ ਨੂੰ ਵਿਸ਼ਾਲ ਬਾਹਰਮੁਖੀ ਦ੍ਰਿਸ਼ਟੀ ਕੋਣ ਤੋਂ ਆਤਮਸਾਤ ਕਰਨ ਦੇ ਨਾਲ-ਨਾਲ ਕਹਾਣੀਆਂ ਦੀ ਮੌਜੂਦਾ ਸੰਘਣਤਾ ਨੂੰ ਬਣਾਈ ਰੱਖਦਿਆਂ ਸੰਚਾਰ ਮੁਖ ਸਰਲ ਬਿਤਾਂਤ ਸਿਰਜਣ ਦੀ ਯੋਗਤਾ ਨੂੰ ਨਿਭਾਉਣ ਵਿਚ ਹੈ।

*(ਸਰਕਾਰੀ ਕਾਲਜ, ਕਪੂਰਥਲਾ।)*

## ਪੂਰਾ ਸੱਚ / *ਬਸ਼ਰਾ ਹਜ਼ੀਂ*

ਮੇਰੀ ਗਵਾਹੀ ਅੱਧੀ ਤਾਂ ਕੀ
ਚਿਹਰਾ ਵੀ ਤੇ ਅੱਧਾ ਏ
ਪਿਓ ਦੀ ਪਹਿਲੀ ਝਿੜਕ ਗਵਾਹ ਏ
ਮੇਰਾ ਚਿਹਰੇ ਦਾ ਇਕ ਹਿੱਸਾ ਆਪਣੀ ਮਰਜ਼ੀ
ਦੂਜਾ ਹਿੱਸਾ ਆਪਣੇ ਆਪ ਨੂੰ ਮਾਰ ਕੇ
ਹੁਣ ਵੀ ਤਾਂ ਤਾਬੇਦਾਰੀ ਕਰਦਾ ਏ

ਵੇਖਣ ਵਾਲੇ ਤਾਂ ਤਾਬੇਕਾਰੀ ਵਾਲਾ ਹਿੱਸਾ ਵੇਖਦੇ ਨੇ
ਦੂਜਾ ਹਿੱਸਾ ਬਸ ਮੈਨੂੰ ਈ ਦਿਸਦਾ ਏ
ਮੱਥੇ ਦੇ ਵੀ ਅੱਧ-ਵਿਚਕਾਰ
ਇਕ ਲਕੀਰ ਏ
ਮੱਥੇ ਦਾ ਇਕ ਹਿੱਸਾ ਰੱਬ ਦੇ ਲਿਖੇ ਮਕੱਦਰ
ਦੱਸਦਾ ਏ
ਦੂਜੇ ਹਿੱਸੇ ਤੇ
ਮੇਰੇ ਆਪਣੇ ਤਕਦੀਰਾਂ ਲਿਖਦੇ ਨੇ
ਇਕ ਹਿੱਸੇ ਦਾ ਨਾਂ ਹੋ ਜਾਂਦਾ
ਦੂਜਾ ਉਹਲੇ ਰਹਿੰਦੇ ਏ।

ਮੇਰੀਆਂ ਅੱਖਾਂ ਦੋਵੇਂ
ਕੀਹਨੂੰ ਦਿਸਦੀਆਂ ਨੇ
ਮੇਰੇ ਕੋਲੋਂ ਮੇਰੀਆਂ ਖੁਸ਼ੀਆਂ
ਕੁਰਬਾਨੀ ਦੇ ਨਾਂ ਤੇ
ਮੰਗਣ ਵਾਲਿਆਂ ਨੂੰ
ਮੈਂ ਹੱਸਦੀ ਅੱਖ ਨਾਲ
"ਹਾਂ" ਇਸ਼ਾਰਾ ਕਰਨੀ ਆਂ
ਦੂਜੀ ਅੱਖ 'ਚੋਂ ਆਪੋ ਆਪ ਈ
ਹੰਝੂ ਡੁੱਲ੍ਹ ਡੁੱਲ੍ਹ ਪੈਂਦੇ ਨੇ।

ਵੀਹਵੀਂ ਸਦੀ ਤੋਂ ਵਗਦੀ ਅੱਖ ਦੇ
ਹੰਝੂ ਕੀਹਨੇ ਵੇਖੇ ਨੇ।
ਆਪਣੇ ਆਪ ਦੀ ਭੇਂਟ ਚੜ੍ਹਾ ਕੇ
ਆਪਣੇ ਬੁੱਲ੍ਹਾਂ ਨੂੰ ਦੰਦਾਂ ਵਿਚ ਦਬਾ ਕੇ
ਹਉਕੇ ਭਰਦੀ ਰਹਿੰਨੀ ਆਂ।

ਮੇਰੀ ਜ਼ਾਤ ਦਾ ਅੱਧਾ ਚੰਨ
ਬੱਦਲਾਂ ਵਿਚ ਲੁਕਿਆ ਰਹਿੰਦਾ ਏ
ਪਿਓ, ਭਰਾ, ਪੁੱਤਰ ਦੇ ਘਰ ਦੀਆਂ



ਕੰਧਾਂ ਮੈਂ ਲਿਸ਼ਕਾਉਂਦੀ ਆਂ
ਤੀਲਾ ਤੀਲਾ ਚੁਣ ਕੇ, ਆਪਣਾ ਕਹਿ ਕੇ
ਘਰ ਸਜਾਉਂਦੀ ਆਂ।
ਸਾਰਾ ਦਿਨ ਦੁਨੀਆਂਚਾਰੇ ਨੂੰ
ਹੱਸ-ਹੱਸ ਵੇਲਾ ਕੱਟਦੀ ਆਂ
ਅੱਧੀ ਰਾਤ ਨੂੰ ਅੱਧੇ ਚੰਨ ਵਿਚ
ਆਪਣੀ ਅੱਧੀ ਜ਼ਾਤ ਦਾ ਝਉਲਾ ਪੈਂਦਾ ਏ
ਹੁਸਨ ਤੇ ਇਸ਼ਕ ਦੇ ਸਾਰੇ ਕਿੱਸੇ
ਦਿਲ ਦੁਨੀਆਂ ਦੇ ਸਾਰੇ, ਹਿੱਸੇ
ਮੇਰੇ ਦਮ ਦਾ ਸਦਕਾ ਨੇ
ਮੈਂ ਮਾਲਕ ਦੀ ਸਭ ਤੋਂ ਸੁਹਣੀ "ਰਚਨਾ" ਵਾਂ
ਪਰ ਮੈਂ 'ਕੱਲ੍ਹੀ ਬਹਿ ਕੇ
ਅਕਸਰ ਸੋਚਦੀ ਆਂ,

ਜਿੰਨਾ ਮੈਨੂੰ ਜ਼ਹਿਰ ਪਿਆਇਆ ਜਾਂਦਾ ਏ
ਓਨੀਆਂ ਮੇਰੀਆਂ ਛਾਵਾਂ ਗੂਹੜੀਆਂ ਹੁੰਦੀਆਂ ਨੇ
ਮਰਦਾਂ ਦੀ ਉਹ ਦੁਨੀਆਂ ਖੌਰੇ ਜਾਣਦੀ ਏ
ਕਾਲੀ ਰਾਤ ਦਾ ਨੇਰਾ
ਚਿੱਟੇ ਦਿਨ ਦੀ ਪਛਾਣ ਕਰਾਉਂਦਾ ਏ।
ਐਵੀਂ ਹੀ
ਕੋੜੇ ਮਾਹੌਲ 'ਚ ਰੱਖ ਕੇ
ਮੇਰੀ ਸੁੰਦਰਤਾ ਵਿਚ ਵਾਧਾ ਹੁੰਦਾ ਏ

ਮੇਰੇ ਮਾਲਕ ਹੋਣ ਦੇ ਦਾਅਵੇਦਾਰ ਵੀ
ਇਕ ਨਹੀਂ ਦੋ ਨੇ।
ਇਕ ਹਕੀਕੀ ਮਾਲਕ ਇਕ ਮਜਾਜ਼ੀ ਏ
ਇਕ ਰੁੱਸ ਪੈਂਦੇ ਜੇ, ਦੂਜਾ ਰਾਜ਼ੀ ਏ
ਇੰਟਰਨੈੱਟ ਦੇ ਦੌਰ 'ਚ ਭਾਵੇਂ
ਸਾਰਾ ਦਿਨ ਲੋਕਾਂ ਦੇ
ਮੋਢੇ ਨਾਲ ਮੋਢਾ ਜੋੜ ਕੇ
ਜਿੰਨੇ ਕੰਮ ਕਰਾਂ

ਪੈਰੀਂ ਦਿਸਦੀ ਭਾਵੇਂ ਕੋਈ ਜ਼ੰਜੀਰ ਨਹੀਂ
ਅੱਜ ਵੀ ਔਰਤ ਨੂੰ ਸਾਰੇ ਹੱਕ
ਤੇ ਆਜ਼ਾਦੀ ਮਿਲ ਗਈ ਏ
ਇਹ ਸਭ ਵੇਖਣ ਵਾਲੇ ਉੱਠਕੇ ਵੇਖਣ
ਤੇ ਸਦੀਆਂ ਤੋਂ ਜਗਰਾਤੇ ਕੱਟਦੀ ਔਰਤ ਦਾ
ਅੱਜ ਵੀ ਹੰਝੂਆਂ ਦੇ ਨਾਲ ਸਿਰਹਾਣਾ ਭਿੱਜਿਆ ਏ।

*(ਲਹਿਰਾਂ, ਲਾਹੌਰ)*

## 1. ਕੀ ਦੱਸੋਗੇ / *ਜ਼ਫ਼ਰ ਇਕਬਾਲ*

ਕੀ ਦੱਸੋਗੇ
ਉਥੇ ਜਾਕੇ ਕੀ ਦੱਸੋਗੇ
ਏਥੇ ਕੀ ਕਰਨਾ ਚਾਹੁੰਦੇ ਸਓ
ਕੀ ਕੁਝ ਕੀਤਾ! ਕੀ ਨਾ ਕੀਤਾ
ਜੋ ਕੁਝ ਕੀਤਾ
ਉਹ ਵੀ ਹੋਰਾਂ ਦੇ ਆਖਣ ਤੇ ਕੀਤਾ
ਜੋ ਨਾ ਕੀਤਾ
ਓਸ ਦਾ ਕਿਵੇਂ ਜਵਾਬ ਦੱਸੋਗੇ ?
ਭਾਵੇਂ ਇੱਕ ਦੇ ਵੀਹ ਦੱਸੋਗੇ
ਉਥੇ ਜਾ ਕੇ ਕੀ ਦੱਸੋਗੇ ?

## 2. ਬੁਢੇਪਾ

ਚੀਜ਼ ਕੋਈ ਹੋਰ ਛੂਹਣਾ ਚਾਹੁੰਦਾ ਹਾਂ
ਹੱਥ ਕਿਧਰ ਹੋਰ ਜਾ ਲਗਦਾ ਏ ਮੇਰਾ
ਪੈਰ ਪੁੱਟਨਾ ਹੋਰ ਪਾਸੇ
ਜਾ ਕੇ ਪੈਂਦਾਂ ਏ ਕਦਾਈ ਹੋਰ
ਸੋਚਾਂ ਹੋਰ ਕੋਈ ਸੋਚਦਾ ਹਾਂ
ਧਿਆਨ ਕਿਧਰੇ ਹੋਰ ਤੁਰ ਜਾਂਦਾ ਏ
ਗਲ ਕੋਈ ਹੋਰ ਕਰਨਾ ਚਾਹੁੰਦਾ
ਮੂੰਹੋਂ ਨਿਕਲ ਜਾਂਦੀ ਏ ਹੋਰ ਹੋਰ
ਵੇਖਣ ਹੋਰ ਪਾਸੇ ਲਗਨਾ ਹਾਂ ਮੈਂ
ਵਿਖਾਲਾ ਹੋਰ ਪਾਸੇ ਦੇ ਰਿਹਾ ਹੋਂਦਾ ਏ ਮੈਨੂੰ
ਪਿਆਰ ਕਿਧਰੇ ਹੋਰ ਪਾਵਣ ਨੂੰ ਕਰਾਂ
ਇਹ ਦਿਲ ਕਦਾਈਂ ਹੋਰ ਜਾ ਫਸਦਾ ਏ ਮੇਰਾ।

*(ਪੰਚਮ-ਲਾਹੌਰ)*

*-0-*

## ਦੋ ਮਰਾਠੀ ਕਵਿਤਾਵਾਂ / *ਸ਼ਰਧਾ ਬੇਲਸਰੇ*

### 1. ਤਲਾਸ਼

ਕਿੰਨਾ ਡੂੰਘਾ ਪੁੱਟ ਕੇ
ਮਿਲੂ ਯਕੀਨਨ ਪਾਣੀ
ਇਹ ਅੰਦਾਜ਼ਾ ਕੌਣ ਕਰੇਗਾ ?

ਕਹਿੰਦੇ ਨੇ ਕਿ ਔੜ ਪਿਆਂ ਤੇ
ਧਰਤੀ ਹੇਠਾਂ ਵਗਦੇ ਚਸ਼ਮੇ
ਆਪਣੇ ਰਾਹ ਬਦਲਾ ਲੈਂਦੇ ਨੇ

ਨੇੜੇ ਤੇੜੇ ਪਏ ਹੋਏ ਪੱਥਰਾਂ ਦੇ ਢੇਰ 'ਚ
ਪਾਣੀ ਲੱਭਦਾ ਇਕ ਮੁਰਝਾਇਆ ਚਿਹਰਾ ਮੇਰਾ
ਪਾਣੀ ਦੀ ਇਕ ਬੂੰਦ ਦੀ ਖ਼ਾਤਰ
ਕਾਫ਼ੀ ਚਿਰ ਤੋਂ ਭਟਕ ਰਿਹਾ ਹੈ

ਕਾਫ਼ੀ ਚਿਰ ਤੋਂ ਬਾਅਦ
ਇਹ ਮੈਨੂੰ ਗਿਆਨ ਹੋ ਗਿਐ
ਜਿਹੜੀ ਥਾਂ ਮੈਂ ਖੋਦ ਰਹੀ ਸੀ
ਉਥੇ ਤਾਂ ਪਾਣੀ ਹੀ ਨਹੀਂ ਸੀ

ਇਸ ਦਾ ਕਿਸ ਨੂੰ ਦੋਸ਼ ਦਿਆਂ ਮੈਂ ?
ਤੇਰੇ ਸਿਰ ਇਲਜ਼ਾਮ ਨਾ ਕੋਈ
ਪਾਣੀ ਦੇ ਝਰਨੇ ਤਾਂ ਏਥੇ
ਅੰਦਰ ਖਾਤੇ ਲੁਕ ਜਾਂਦੇ ਨੇ
ਇਸ ਦੀ ਖਾਤਰ ਤੂੰ ਮੈਂ ਦੋਵੇਂ
ਬਿਲਕੁਲ ਜ਼ਿੰਮੇਵਾਰ ਨਹੀਂ ਹਾਂ

ਅੱਜ ਮੈਂ ਫੇਰ ਪਿਆਸੀ
ਵੇਖੋਂ! ਮੁੜ ਕੇ ਪਾਣੀ ਲੱਭ ਰਹੀ ਹਾਂ

### 2. ਕਾਫ਼ੀ ਸਮੇਂ ਬਾਅਦ

ਓਪਰੀ ਜਿਹੀ ਦੁਨੀਆਂ ਵਿਚ
ਕਾਫ਼ੀ ਸਮੇਂ ਬਾਅਦ
ਅਸਮਾਨ ਦਾ ਇਕ ਟੋਟਾ
ਮੈਨੂੰ ਬੁਲਾ ਰਿਹਾ ਹੈ

ਕਿੰਨਾ ਮੁਸ਼ਕਿਲ ਹੈ ਆਪਣੇ ਹੀ ਘਰ
ਨੀਲੇ ਅੰਬਰ ਦੇ ਟੁਕੜੇ ਨੂੰ ਜੀ ਆਇਆਂ ਨੂੰ ਆਖਣਾ
ਉਹੋ ਜਿਹੇ ਸਮਿਆਂ ਵਿਚ ਜਦੋਂ ਅਜੇ
ਆਪਣਾ ਆਪਣਾ ਕਹਿਣ ਵਾਲੀ
ਧਰਤੀ ਮਾਂ ਵੱਲੋਂ ਦਿੱਤੇ ਜ਼ਖ਼ਮ ਅਜੇ ਹਰੇ ਹਨ
ਆਖ਼ਰਕਾਰ ਮੈਂ ਅਸਮਾਨ ਤੋਂ ਮੰਗਿਆ ਵੀ ਕੀ ਹੈ ?

ਨੀਲੇ ਅਸਮਾਨ ਨੂੰ
ਮਿਲਣ ਦਾ ਲਾਲਚ ਬਾਰ ਬਾਰ
ਘੜੀ ਮੁੜੀ ਧਰਤੀ ਛੱਡਣ ਦੀ ਇਹ ਜਲਦਬਾਜ਼ੀ

ਅਸਮੌਨ ਕੋਲ ਜਾਣ ਤੋਂ ਪਹਿਲਾਂ
ਧਰਤੀ ਛੱਡਣ ਵੇਲੇ
ਮੈਂ ਬਹੁਤ ਡੂੰਘਾ ਹਾਉਕਾ ਭਰਾਂਗੀ

*-ਪੰਜਾਬੀ ਅਨੁਵਾਦ ਗੁਰਭਜਨ ਗਿੱਲ*



## 1. ਇੱਕੀਵੀਂ ਸਦੀ / *ਮਸਊਦ ਅਹਿਮਦ ਚੌਧਰੀ*

ਇੱਕੀਵੀਂ ਸਦੀ ਮਨਾਵਣ ਵਾਲਿਓ।
ਕਲਾਕਾਰ ਅਖਵਾਵਣ ਵਾਲਿਓ।
ਦੱਬ ਧਮਾਲਾਂ ਪਾਵਣ ਵਾਲਿਓ।
ਧੁੱਪੇ ਧੂੰਆਂ ਧੁਖਾਵਣ ਵਾਲਿਓ।
ਇੱਕੀਵੀਂ ਸਦੀ ਦੇ ਪਹਿਲੇ ਦਿਨ ਦਾ
ਪੜ੍ਹ ਵੇਖੋ ਅਖਬਾਰ।

ਕਤਲ, ਉਧਾਲੇ, ਸੰਨ੍ਹਾ, ਡਾਕੇ
ਜੁਰਮਾਂ ਦੇ ਅੰਬਾਰ
ਕਿੰਨੀਆਂ ਇੱਜ਼ਤਾਂ ਲੁੱਟ ਗਈਆਂ ਨੇ
ਪਹਿਲੇ ਦਿਨ।

ਅੱਖੀਂ ਡਿੱਠਾ ਕੰਨੀਂ ਸੁਣਿਆ
ਹੁੰਦਾ ਨਹੀਂ ਅਫਸਾਨਾ
ਬੋਲੋ ਤੇ ਸਹੀ
ਦੱਸੋ ਤੇ ਸਹੀ
ਨਵੇਂ ਸੂਰਜ ਨੂੰ ਪੇਸ਼ ਕੀਤਾ ਜੇ
ਕਿੰਨੀਆਂ ਲਾਸ਼ਾਂ ਦਾ ਨਜ਼ਰਾਨਾ

ਆਪਣੇ ਅੰਦਰ ਝਾਤੀ ਪਾਓ।
ਫਿਰ ਬੇਸ਼ੱਕ ਇੱਕੀਵੀਂ ਸਦੀ ਮਨਾਓ।" *(ਲਹਿਰਾਂ, ਲਾਹੌਰ)*

## 2. ਕਿਹੜੇ ਪਾਸੇ ਜਾਂ

ਉਸ ਦਿਨ ਨੂੰ
ਉਸ ਚੰਦਰੇ ਦਿਨ ਨੂੰ
ਕਿਵੇਂ ਮੈਂ ਭੁੱਲ ਜਾਂ
ਪਿਓ ਨੇ ਅੱਖਾਂ ਮੀਟ ਲਈਆਂ
ਤੇ ਉਹਲਾ ਕਰ ਗਈ ਮਾਂ
ਸੱਖਣਾ ਕਰ ਗਏ ਕਾਂ ਬਨੇਰਾ
ਸੁੰਞੇ ਸ਼ਹਿਰ ਗਰਾਂ
ਧੁੱਪਾਂ ਦੇ ਵਿਚ ਧੁੱਪ ਨਾ ਲੱਭੇ
ਨਾ ਛਾਵਾਂ ਵਿਚ ਛਾਂ
ਅੰਬਰ ਦੀ ਛੱਤ ਸਿਰ ਤੋਂ ਲਹਿ ਗਈ
ਬੰਜਰ ਜਾਪੇ ਧਰਤੀ ਮਾਂ
ਕਿਹੜੇ ਪਾਸੇ ਜਾਂ ਨੀ ਮਾਏ
ਕਿਹੜੇ ਪਾਸੇ ਜਾਂ । *(ਪੰਚਮ-ਲਾਹੌਰ)*

# ਅਮਨਪਾਲ ਸਾਰਾ (ਦੋ ਮਾਵਾਂ ਦਾ ਪੁੱਤਰ)

'ਦੋ ਮਾਵਾਂ ਦਾ ਪੁੱਤਰ' ਅਮਨ ਪਾਲ ਸਾਰਾ ਰਚਿਤ ਕਵਿਤਾਵਾਂ ਦਾ ਪਹਿਲਾ ਕਾਵਿ-ਸੰਗ੍ਰਹਿ ਹੈ, ਇਸ ਕਾਵਿ ਸੰਗ੍ਰਹਿ ਵਿਚ ਅਮਨ ਪਾਲ ਦੀਆਂ ਬਾਈ ਕਵਿਤਾਵਾਂ ਅਤੇ ਤਿੰਨ ਗੀਤ ਸੰਕਲਿਤ ਹਨ। ਇਨ੍ਹਾਂ ਕਵਿਤਾਵਾਂ ਦੇ ਪਾਠ-ਅਧਿਅਨ ਉਪ੍ਰੰਤ ਪਾਠਕ ਅਥਵਾ ਅਧਿਅਨ ਕਰਤਾ ਦੇ ਮਨ ਵਿਚ ਕਵੀ ਦਾ ਜੋ ਬਿੰਬ ਬਣਦਾ ਹੈ ਉਹ ਇਕ ਗੰਭੀਰ ਅਥਵਾ ਸੁਹਿਰਦ ਕਵੀ ਦਾ ਹੈ।

ਇਹ ਕਵਿਤਾਵਾਂ ਝੂ ਹੇਰਵੇ ਦੀ ਭਾਵਨਾ ਵਿਅਕਤ ਕਰਦੀਆਂ ਹਨ ਜਾਂ ਪਰਵਾਸੀ ਜੀਵਨ ਵਾਲ ਸੰਬੰਧ ਰਖਦੀਆਂ ਹਨ : ਦੋ ਮਾਵਾਂ ਦਾ ਪੁੱਤਰ (ਪੰਨਾ 17) 'ਲੀਗਲ ਤੇ ਦਿਲ ਲੀਗਲ' (ਪੰਨਾਂ 26-29) 'ਇੱਕਤੀ ਦਸੰਬਰ' (ਪੰਨਾ 30) ਸਿਧਾਂਤ ਤੇ ਫ਼ਰਕ (31-34) 'ਸਨੋਅ ਤੇ ਗਾਰਾ' (45-47) ਆਦਿ ਕਵਿਤਾਵਾਂ ਪਰਵਾਸ ਅਨੁਭਵ ਦੀਆਂ ਕਵਿਤਾਵਾਂ ਹਨ। ਇਹ ਕਵਿਤਾਵਾਂ ਪਰਵਾਸ ਹੰਢਾਉਂਦਿਆਂ ਆਪਣੀ ਮਾਤ-ਭੂਮੀ, ਆਪਣੇ ਦੇਸ, ਆਪਣੇ ਪ੍ਰਾਂਤ-ਪੰਜਾਬ ਜਾਂ ਆਪਣੇ ਪਿੰਡ ਦੀਆਂ ਗਲੀਆਂ, ਖੇਤਾਂ ਅਤੇ ਪੈਲੀਆਂ ਆਦਿ ਦੇ ਵਿਗੋਚੇ ਦੀਆਂ ਆਮ ਕਵਿਤਾਵਾਂ ਨਹੀਂ, ਸਗੋਂ ਪਰਵਾਸੀ ਜੀਵਨ ਅਤੇ ਪਰਵਾਸ ਅਨੁਭਵ ਪ੍ਰਗਟਾਉਂਦੀਆਂ ਵਧੀਆ ਰਚਨਾਵਾਂ ਹਨ।

ਅਮਨਪਾਲ ਸਾਰਾ ਰਚਿਤ ਇਸ ਸੰਗ੍ਰਹਿ ਵਿਚ ਸੰਕਲਿਤ ਕਵਿਤਾ 'ਜਨੂੰਨ' ਦਾਰਸ਼ਨਿਕ ਪੱਧਰ ਨੂੰ ਪ੍ਰਾਪਤ ਹੁੰਦੀ ਕਵਿਤਾ ਹੈ ਅਤੇ ਹੈ ਵੀ ਗਾਗਰ ਵਿਚ ਸਾਗਰ। 'ਜਨੂੰਨ' ਦਾ ਹਰ ਬੰਦ ਜ਼ਿੰਦਗੀ ਦੇ ਕਿਸੇ ਨ ਕਿਸੇ ਸੱਚ ਨੂੰ ਅਤਿ ਦੀ ਸਾਦਗੀ ਅਤੇ ਸਹਿਜ ਢੰਗ ਨਾਲ ਵਿਅਕਤ ਕਰਦਾ ਹੈ। ਕਿਸੇ ਦਾਰਸ਼ਨਿਕ ਭਾਂਤ ਦੇ ਤੱਤ ਅਤੇ ਯਥਾਰਥ ਨੂੰ ਕਾਵਿ ਸੱਚ ਰੂਪ ਵਿਚ ਢਾਲ ਕੇ ਇਸ ਭਾਂਤ ਪੇਸ਼ ਕਰ ਸਕਣਾ ਕਵੀ ਅਮਨ ਪਾਲ ਸਾਡੀ ਵਡਿਆਈ ਹੈ।

"ਇਕ ਤਲਵਾਰ ਹੈ
ਜੋ ਕਤਲ ਕਰਨ ਵੇਲੇ ਕਮਜ਼ੋਰ ਜਾਂ ਬਲਵਾਨ ਨਹੀਂ ਦੇਖਦੀ

(ਜਨੂੰਨ 13)

ਇਹ ਕਾਵਿਕ ਅਤੇ ਦ੍ਰਿਸ਼ਟੀਕੋਣ ਪੱਖੋਂ ਸਮਰੱਥ ਕਵਿਤਾ— ਭਾਸ਼ਾਈ ਪੱਖ ਤੋਂ ਦੂਜਾ ਬੰਦ ਥੋੜਾ ਦੋਸ਼ਪੂਰਨ ਜਾਪਦਾ ਹੈ। 'ਇਨਸਾਨੀ ਦਿਮਾਗ਼ ਦੀ ਸ਼ੈਤਾਨੀ ਸੋਚ' ਦੀ ਥਾਂ ਜੇਕਰ 'ਸ਼ੈਤਾਨ ਸੋਚ' ਹੁੰਦਾ ਤਾਂ ਹੋਰ ਵੀ ਚੰਗਾ ਹੁੰਦਾ। ਇਸ ਪ੍ਰਕਾਰ ਕਵਿਤਾ ਦੀ ਲੈਅ ਵੀ ਸੰਪੂਰਣ ਹੋ ਜਾਂਦੀ ਹੈ।

ਬਹੁਤੀ ਪਰਵਾਸੀ ਕਵਿਤਾ ਪੰਜਾਬ ਵਿਚ ਬੀਤੇ ਬਚਪਨ ਤੇ ਚੜ੍ਹਦੀ ਜਵਾਨੀ ਦੀਆਂ ਰੰਗੀਨ ਯਾਦਾਂ ਦੀ ਕਵਿਤਾ ਹੀ ਹੈ। ਪਰ 'ਦੋ ਮਾਵਾਂ ਦਾ ਪੁੱਤਰ' ਦੀਆਂ ਕਵਿਤਾਵਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚਲੀਆਂ ਬਹੁ-ਗਿਣਤੀ ਕਵਿਤਾਵਾਂ ਓਪਰੀ ਧਰਤੀ 'ਤੇ ਜਾ ਕੇ ਪ੍ਰਾਪਤ ਕੀਤੇ ਨਵੇਂ ਅਨੁਭਵ ਦੀਆਂ ਕਵਿਤਾਵਾਂ ਹਨ। ਇਸ ਸੰਗ੍ਰਹਿ ਦੀ ਵਿਸ਼ੇਸ਼ ਕਵਿਤਾ 'ਦੋ ਮਾਵਾਂ ਦਾ ਪੁੱਤਰ' ਪਰਵਾਸ ਅਨੁਭਵ ਦੀ ਨਿਵੇਕਲੀ ਰਚਨਾ ਹੈ ? ਗਰੀਬ ਜਨਮ ਭੂਮੀ ਅਤੇ ਪਰਾਈ ਧਰਤੀ ਜਿੱਥੇ ਜਾ ਕੇ ਪਰਵਾਸੀ ਵਿਅਕਤੀ ਆਪਣੀ ਜ਼ਿੰਦਗੀ ਦੇ ਸੁੱਖ ਆਰਾਮ ਵਾਸਤੇ ਸਾਧਨ ਜਟਾਉਂਦਾ ਹੈ, ਪਰਵਾਸੀ ਵਾਸਤੇ ਦੋਵੇਂ ਇੱਕੋ ਜਿੰਨੇ ਪਿਆਰ ਸਤਿਕਾਰ ਦੀਆਂ ਪਾਤਰ ਹਨ ਪਰ ਨਵੀਂ ਧਰਤੀ ਦੀਆਂ ਨਵੀਆਂ ਰਸਮਾਂ ਰੀਤਾਂ ਅਪਣਾਉਣ ਅਤੇ ਪੁਰਾਣੀਆਂ ਦਾ ਤਿਆਗ ਕਰ ਦੇਣ ਦੀ ਦੁਚਿੱਤੀ ਜਿਉਂ ਦੀ ਤਿਉਂ ਹੈ :

ਇੱਕ ਮਾਂ
ਜਿਨੇ ਜੰਮਿਆਂ ਤੇ ਛਾਤੀ 'ਚੋਂ ਦੁੱਧ ਚੁੰਘਾਇਆ
ਦੂਜੀ ਮਾਂ
ਜਿਸਦੀ ਛਾਤੀ ਪਿਆ ਸੋਨਾ ਚਾਂਦੀ ਦਬਾਇਆ

(ਦੋ ਮਾਵਾਂ ਦਾ ਪੁੱਤਰ-17)



ਕਵੀ ਦੀ ਅੰਤਰੀਵ ਦੁਚਿੱਤੀ, ਮਾਨਸਿਕ ਸੰਘਰਸ਼ ਅਤੇ ਪੀੜਾ ਦਾ ਚਿਤਰਣ ਅਨੂਠੇ ਢੰਗ ਨਾਲ ਕਰਕੇ ਕਵਿਤਾ ਇਕ ਦਮ ਇਹ ਕਹਿ ਕੇ ਖ਼ਤਮ ਹੋ ਜਾਂਦੀ ਹੈ :

"ਇੱਕ ਚਿਤ ਆਵੇ
ਜਜ਼ਬਾਤਾਂ ਦੇ ਹੜ੍ਹ ਕਰਦੇ ਤਬਾਹੀ
ਦੂਜਾ ਸਮਝਾਵੇ।"

(ਦੋ ਮਾਵਾਂ ਦਾ ਪੁੱਤਰ 17)

ਕਵਿਤਾ ਖ਼ਤਮ ਹੋ ਜਾਂਦੀ ਹੈ— ਪਰ ਸੰਪੂਰਣ ਨਹੀਂ ਹੁੰਦੀ, ਇਉਂ ਜਾਪਦਾ ਹੈ ਕਿ ਕੁਝ ਕਹਿਣਾ, ਲਿਖਣਾ ਰਹਿ ਗਿਆ ਹੈ। ਮਨੁੱਖ ਦੇ ਜੀਵਨ ਦੇ ਯਥਾਰਥ ਅਤੇ ਉਸਦੀਆਂ ਭਾਵਨਾਵਾਂ ਵਿਚਲੇ ਦਵੰਦ ਨੂੰ ਪੇਸ਼ ਕਰਦੀ ਇਕ ਬਹੁਤ ਵਧੀਆ ਕਵਿਤਾ ਆਪਣੇ ਕਰਤਾ ਦੀ ਮਾਨਸਿਕ ਕਾਹਲ ਅਥਵਾ ਅਵੇਸਲੇਪਨ ਕਾਰਨ ਸਾਹਿਤਕ ਰਚਨਾ ਦੀ ਉਸ ਸਸ਼ੇਟਤਾ ਨੂੰ ਪ੍ਰਾਪਤ ਨਹੀ ਹੋ ਸਕੀ ਜਿਸਦੀ ਸੰਭਾਵਨਾ ਸੀ। ਸਾਡਾ ਭਾਵ ਇਹ ਹੈ ਕਿ ਅੰਤ ਕੁਝ ਹੋਰ ਰੂਪ ਵਿਚ ਹੁੰਦਾ ਤਾਂ ਇਹ ਹੋਰ ਵੀ ਉੱਤਮ ਹੋ ਸਕਦੀ ਸੀ।

ਕਵੀ ਦੇ ਸ੍ਵੈਕਥਨ ਅਨੁਸਾਰ, "ਕੁਝ ਇਕ ਕਵਿਤਾਵਾਂ ਆਪਣੇ ਚਿੱਤੋਂ ਗੀਤਾਂ ਦੇ ਰੂਪ ਵਿਚ ਕਦੇ ਨਾ ਕਦੇ ਫ਼ਿਲਮਾਕਿਣ ਕਰ ਸਕਣ ਲਈ ਵੀ ਲਿਖੀਆਂ ਹਨ।" (ਆਪਣੇ ਵਲੋਂ-ਪੰਨਾ 10) ਪਰ ਇਹ ਗੀਤ ਨੁਮਾ ਕਵਿਤਾਵਾਂ ਪੁਸਤਕ ਦੀਆਂ ਹੋਰ ਕਵਿਤਾਵਾਂ ਦੀ ਪੱਧਰ ਤੋਂ ਹਲਕੀਆਂ ਕਹਿ ਗਈਆਂ ਹਨ। ਅਜਿਹੇ ਇਕ ਗੀਤ ਦੇ ਪ੍ਰਥਮ ਬੋਲ ਹਨ :

"ਕੀ ਕਰਾਂ ਇਸ ਬੇਮਤਲਬ ਬੇਸੁਰ ਗੀਤ ਦਾ
ਹਾਰਨ ਜਿਹਾ ਅਹਿਸਾਸ ਹੋਵੇ ਜਿਵੇਂ ਜੀਤ ਦਾ........."

ਉਪਰੋਕਤ ਗੀਤ ਦੇ ਮੁਖੜੇ ਵਿਚ ਪੰਜਾਬੀ ਸ਼ਬਦ 'ਜਿੱਤ' ਨੂੰ ਹਿੰਦੀ ਉਰਦੂ 'ਜੀਤ' ਫਿੱਟ ਕੀਤਾ ਗਿਆ ਹੈ ਜਿਹੜਾ ਜਚਦਾ ਨਹੀ ਹੈ ਵੀ ਗਲਤ। ਇਸੇ ਤਰ੍ਹਾਂ ਇਕ ਹੋਰ ਗੀਤਾਤਮਿਕ ਕਵਿਤਾ 'ਇੰਮੀਗ੍ਰੇਂਟ ਨੂੰ' (ਪੰਨਾ 58) ਦੇ ਪਹਿਲੇ ਬੋਲ ਹਨ :

'ਛੱਡ ਉੱਡਣਾ ਹੁਣ ਪੰਛੀ
ਕਿ ਹੁਣ ਇਹ ਦੇਸ਼ ਨਹੀਂ ਬੇਗਾਨਾ।"

ਅਮਨਪਾਲ ਸਾਰਾ ਰਚਿਤ ਇਸ ਗੀਤ ਦਾ ਮੁੱਖੜਾ ਅੱਜ ਤੋਂ ਕੁਝ ਦਹਾਕੇ ਪਹਿਲਾਂ ਚੱਲੇ ਹਰਮਨ ਪਿਆਰੇ ਫ਼ਿਲਮੀ ਗਾਣੇ ਦੀ ਖ਼ੂਬਸੂਰਤ ਪੈਰੋਡੀ ਹਨ :

"ਚੱਲ ਉੜ ਜਾ ਰੇ ਪੰਛੀ
ਕਿ ਅਬ ਯਿਹ ਦੇਸ਼ ਹੂਆ ਬੇਗਾਨਾ............"

ਇਹ ਅਤੇ ਅਜਿਹੀਆਂ ਇਕ ਦੋ ਹੋਰ ਕਵਿਤਾਵਾਂ ਸੰਗ੍ਰਹਿ ਦੇ ਸਮੁੱਚੇ ਪ੍ਰਭਾਵ ਨੂੰ ਭੰਗ ਕਰਦੀਆਂ ਹਨ। ਅਜਿਹੀਆਂ ਰਚਨਾ ਦੀ ਛਾਂਟੀ ਕਰਨੀ ਸਦਾ ਹੀ ਸੰਗ੍ਰਹਿ ਅਤੇ ਕਵੀ ਲਈ ਲਾਭਦਾਇਕ ਹੁੰਦੀ ਹੈ।

ਉਪਰੋਕਤ ਕਿੰਤੂ 'ਦੋ ਮਾਵਾਂ ਦਾ ਪੁੱਤਰ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਕੁਝ ਦੋਸ਼ ਪੂਰਨ ਕ੍ਰਿਤੀਆਂ ਸਬੰਧੀ ਹੀ ਹਨ। ਵੀਹ ਸਾਲ ਪਹਿਲਾ ਪੰਜਾਬ/ਭਾਰਤ ਤੋਂ ਦੂਰ ਵਸ ਰਹੇ ਕਵੀ ਦਾ ਆਪਣੀ ਮਾਤ ਬੋਲੀ ਨਾਲ ਜੁੜਨਾ, ਉਸਦੀ ਸੇਵਾ ਕਰਨਾ ਅਤੇ ਕਾਵਿ-ਕਿਰਤਾਂ ਨਾਲ ਪੰਜਾਬੀ ਸੰਸਾਰ ਨਾਲ ਸਾਂਝ ਪਾਉਣ ਦਾ ਜਜ਼ਬਾ ਹੈ ਪ੍ਰਸ਼ੰਸਾ ਮਈ ਹੈ। ਅਜਿਹਾ ਸੰਗ੍ਰਹਿ ਜਦੋਂ 'ਦੋ ਮਾਵਾਂ ਦਾ ਪੁੱਤਰ' ਵਰਗੀਆਂ ਕਵਿਤਾਵਾਂ ਨਾਲ ਸਜਿਆ ਹੋਵੇ ਤਾਂ ਹੋਰ ਵੀ ਸਲਾਹੁਣ ਯੋਗ ਹੋ ਜਾਂਦਾ ਹੈ।

-0-

*ਸੁਰਿੰਦਰ ਗਿੱਲ,*
*(20, ਜਰਮਨੀ ਦਾਸ ਪਾਠਕ, ਕਪੂਰਥਲਾ)*

## ਅੱਖ ਦੇ ਬੋਲ (ਮਹਿੰਦਰ ਗਿੱਲ)

'ਅੱਖ ਦੇ ਬਲ' ਡਾ. ਮਹਿੰਦਰ ਗਿੱਲ ਦਾ ਤੀਸਰਾ ਕਾਵਿ-ਸੰਗ੍ਰਹਿ ਹੈ। ਇਸ ਕਾਵਿ- ਸੰਗ੍ਰਹਿ ਵਿੱਚ ਕੁਲ ੯0 ਕਵਿਤਾਵਾਂ ਹਨ ਜਿਨ੍ਹਾਂ ਚੋਂ 7 ਗਜ਼ਲਾਂ ਹਨ। ਲੇਖਕ ਨੇ ਖੁਲ੍ਹੀ ਕਵਿਤਾ ਨੂੰ ਆਪਣੇ ਖਿਆਲ ਪ੍ਰਗਟਾਵੇ ਦਾ ਮਾਧਿਅਮ ਬਣਾਇਆ ਹੈ। ਬੇਸ਼ਕ ਖੁਲ੍ਹੀ ਕਵਿਤਾ ਸਾਹਿਤ ਜਗਤ ਵਿੱਚ ਕਾਫੀ ਹੱਦ ਤੀਕ ਪ੍ਰਵਾਨ ਹੋ ਰਹੀ ਹੈ ਪਰ ਲੇਖਕ ਨੇ ਜਿਸ ਢੰਗ ਨਾਲ ਲੈਅ ਯੁਕਤ ਬੁਲੰਦ ਖਿਆਲੀ ਨਵੇਂ ਚਿੰਨਾਂ ਤੇ ਅਲੰਕਾਰਾਂ ਦੀਆਂ ਸ਼ਬਦ ਪਿੜੀਆਂ ਬੁਣੀਆਂ ਹਨ, ਇਸ ਕਵਿਤਾ ਤੋਂ ਪਾਠਕ ਕੁਝ ਘੱਟ ਉਕਤਾਉਂਦਾ ਹੈ। ਪੁਸਤਕ ਦੀਆਂ ਇਕ ਕਵਿਤਾਵਾਂ ਛੰਦ ਯੁਕਤ ਅਤੇ ਉਚ ਪਾਏ ਦੀਆਂ ਹਨ, ਜਿਨ੍ਹਾਂ ਨੂੰ ਦੁਬਾਰਾ ਪੜ੍ਹਨ ਨੂੰ ਜੀਅ ਕਰਦਾ ਹੈ। .

ਡਾ. ਮਹਿੰਦਰ ਗਿੱਲ ਨੇ 'ਅੱਖ ਦੇ ਬਲ' ਵਿੱਚ ਅਨੇਕਾਂ ਸਮਾਜਕ ਵਿਸੰਗਤੀਆਂ, ਡਿਗ ਰਹੀਆਂ ਸਮਾਜਕ ਕਦਰਾਂ-ਕੀਮਤਾਂ, ਮਨੁੱਖ ਹੱਥੋਂ ਮਨੁੱਖ ਦੀ ਲੁੱਟ, ਧਰਮਾਂ-ਮਜ਼ਬਾਂ-ਜਾਤਾਂ-ਨਸਲਾਂ ਰੰਗਾਂ ਕਾਰਨ ਮਨੁੱਖਤਾ ਦੀ ਕੀਤੀ ਜਾ ਰਹੀ ਵੰਡ, ਤਰਕ ਵਿਹੂਣੇ ਲੋਕ, ਅੰਧ ਵਿਸ਼ਵਾਸ ਦਾ ਵਧ ਰਿਹਾ ਪਸਾਰਾ ਧਰਮ ਦੇ ਠੇਕੇਦਾਰਾਂ ਵਲੋਂ ਕੀਤੇ ਜਾ ਰਹੇ ਅਧਰਮੀ ਕਾਰਜ, ਨੇਤਾਵਾਂ ਦੇ ਦੰਭ, ਕਹਿਣੀ ਕਰਨੀ 'ਚ ਅੰਤਰ, ਤਕੜਿਆਂ ਹੱਥੋਂ ਮਾੜਿਆਂ ਨਾਲ ਜ਼ਿਆਦਤੀ, ਅਦਾਲਤਾਂ 'ਚੋਂ ਨਿਆਂ ਦਾ ਨਾ ਮਿਲਣਾ, ਅਤਿਵਾਦੀ ਹਿੰਸਾ ਦੌਰਾਨ ਬੇ-ਕਸੂਰ ਲੋਕਾਂ ਦਾ ਹੋਇਆ ਘਾਣ ਆਪਣਿਆਂ ਦੇ ਬਿਗਾਨੇ ਹੋ ਜਾਣਾ, ਸਭਿਆਚਾਰਕ ਸੰਕਟ, ਆਦਿ ਅਨੇਕਾਂ ਵਿਸ਼ਿਆਂ ਨੂੰ ਛੂਹਣ ਦੇ ਨਾਲ ਨਾਲ ਦੇਸ਼-ਵਿਦੇਸ਼ ਦੀਆਂ ਰਾਜਨੀਤਕ ਸਾਹਿਤਕ ਘਟਨਾਵਾਂ ਦਾ ਵੀ ਚਿਤਰਨ ਖੂਬਸੂਰਤ ਕੀਤਾ ਹੈ। ਸੋਵੀਅਤ ਸੰਘ ਦੇ ਟੁੱਟਣ ਤੇ (ਠੀਕ ਸਿਆਸਤ) ਨੈਲਸਨ ਮੰਡੇਲਾ ਦੇ ਨਾਮ (ਖਿਆਲ) ਤੇ (ਆ ਜਾ ਅਫਰੀਕਾ), ਸੰਤ ਲੌਂਗੋਵਾਲ ਦੀ ਮੌਤ ਤੇ (ਪੜਾਅ ਦੀ ਮੌਤ), ਰਘਬੀਰ ਢੰਡ ਨੂੰ (ਕੋਈ ਜਾਂਦਾ ਜਾਂਦਾ), ਮਿਥਹਾਸਕ ਯੂਨਾਨੀ ਉੱਨ ਢੂੰਡਣ ਗਏ ਪਾਤਰ ਨੂੰ (ਆਰਗੋਨੋਟ) ਆਦਿ ਕਈ ਯਾਦਾਂ ਨੂੰ ਸਹੀ ਸੰਦਰਭ ਵਿੱਚ ਪੇਸ਼ ਕੀਤਾ ਹੈ।

ਉਂਜ ਤਾਂ ਸਾਰੀਆਂ ਹੀ ਕਵਿਤਾਵਾਂ ਕਲਪਨਾ ਉਡਾਰੀ ਦਾ ਆਨੰਦ ਦੇਂਦੀਆਂ ਹਨ ਪਰ ਆਦਮ, ਅੱਜ ਰਾਤ ਕਿਹੋ ਜਿਹੀ ਆਵੇਗੀ, ਬੱਦਲ ਦਾ ਮੀਤ, ਵੀਨਸ ਦੀ ਤਾਬ, ਕੋਈ ਜਾਂਦਾ ਜਾਂਦਾ ਅੰਤਰ ਨਿਰੀਖਣ, ਆਰਗੋਨੋਟ ਤੇ ਸੂਰਤਾਂ ਕਵਿਤਾਵਾਂ ਕਮਾਲ ਦੀ ਕਾਵਿ-ਬੁਲੰਦੀ ਨੂੰ ਛੂੰਹਦੀਆਂ ਹਨ ਅਤੇ ਦੁਬਾਰਾ ਪੜ੍ਹਨ ਨੂੰ ਦਿਲ ਕਰਦਾ ਹੈ। ਅੱਖ ਦੇ ਬੋਲ ਦੀਆਂ ਕਵਿਤਾਵਾਂ 1985 ਤੋਂ ਹੁਣ ਤੱਕ ਦੇ ਸਮੇ ਨੂੰ ਆਪਣੇ ਕਲਾਵੇ 'ਚ ਲੈਂਦੀਆਂ ਹਨ। ਭਾਵੇਂ ਕਈ ਕਵਿਤਾਵਾਂ ਵਿੱਚ ਵਿਚਾਰਾਂ ਤੇ ਕਾਵਿਕਤਾ ਦਾ ਰੰਗ ਕੁਝ ਧੁੰਦਲਾ ਜਿਹਾ ਪੈ ਜਾਂਦਾ ਹੈ ਪਰ ਸਮੁੱਚੇ ਤੌਰ ਤੇ ਲੇਖਕ ਤੋਂ ਭਵਿੱਖ ਵਿੱਚ ਹੋਰ ਵਧੀਆਂ ਕਵਿਤਾਵਾਂ ਲੈ ਕੇ ਸਾਹਿਤ ਜਗਤ ਵਿੱਚ ਪ੍ਰਵੇਸ਼ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ।

ਇਹ ਚੰਦ ਪਲਾਂ ਦੀ ਖੁਸ਼ੀ ਖਾਤਰ
ਕਿਸੇ ਦੇ ਰੰਗ ਨੂੰ ਵੀ ਉੜਾ ਸਕਦੇ ਨੇ।
ਗਲਾ ਘੁੱਟ ਸਕਦੇ ਨੇ ਨਰਮ ਲਗਰਾਂ ਦਾ
ਮੁਹੱਬਤ ਦੀ ਸੁਰਖ ਲਾਟ ਬੁਝਾ ਸਕਦੇ ਨੇ। (ਕੌਣ ਜਾਣੇ)

ਸ਼ਾਮ ਵਿਚਾਰੀ ਸਿਸਕ ਰਹੀ ਹੈ। ਹੱਥਾਂ ਵਿਚੋਂ ਖਿਸਕ ਰਹੀ ਹੈ,
ਆਓ ਪਿੰਡ ਦੇ ਦਾਨਸ਼ ਮੰਦੋ। ਬੱਚਿਓ, ਬੁੱਢਿਓ ਤੇ ਫਰਜ਼ੰਦੋ,
ਇਸ ਅਗਨੀ ਤੇ ਨੀਰ ਵਰ੍ਹਾਓ। ਰੋਂਦੇ ਬਾਲ ਨੂੰ ਚੁੱਪ ਕਰਾਓ।

(ਅੱਜ ਰਾਤ ਕਿਹੋ ਜਿਹੀ ਆਵੇਗੀ)

ਸ਼ਾਮ ਦਾ ਘੁੱਸਮੁਸਾ, ਰਾਹਾਂ ਦੀ ਉਡਦੀ ਧੂੜ, ਘਰਾਂ ਨੂੰ ਪਰਤਦੇ ਡੰਗਰ,
ਘੁੰਗਰੂਆਂ ਦੀ ਟਣ-ਟਣ, ਸਾਹਾਂ ਦੀ ਫੂੰਕਾਰ, ਖੁਰਾਂ ਦੀ ਠੱਪ ਠੱਪ,
ਯਾਦਾਂ 'ਚ ਤਾਜ਼ਾ ਨੇ ਜਿਉਂ, ਕੱਲ੍ਹ ਦੀ ਹੀ ਗੱਲ ਹੋਵੇ। (ਸ਼ਾਮ)

*-0-*

*(ਮੱਖਣ ਸਿੰਘ ਕੁਹਾੜ)*



## ਖਾਲੀ ਸਲੰਡਰ (ਮੁਖਤਿਆਰ ਸਿੰਘ)

ਮੁੱਖਤਿਆਰ ਸਿੰਘ, ਪੰਜਾਬੀ ਗਲਪ ਦਾ ਜਾਣਿਆ-ਪਛਾਣਿਆ ਹਸਤਾਖ਼ਰ ਹੈ। ਉਹ ਦੋ ਕਹਾਣੀ ਸੰਗ੍ਰਹਿ 'ਲੁੱਕ ਵਿਚ ਫਸੇ ਪੈਰ' (1982), 'ਕੱਚੀ ਖੂਹੀ' (1987) ਅਤੇ ਇਕ ਨਾਵਲ 'ਤਾਇਆ ਰੱਬ' (1994), ਰਾਹੀਂ ਇੱਕ ਵੱਖਰਾ ਗਲਪੀ-ਪੈਰਾਡਾਈਮ ਸਿਰਜ ਚੁੱਕਾ ਹੈ। ਉਸਦੇ ਨਵੇਂ ਕਹਾਣੀ ਸੰਗ੍ਰਹਿ 'ਖਾਲੀ ਸਲੰਡਰ' ਨਾਲ ਉਸਦਾ ਗਲਪੀ-ਪੈਰਾਡਾਈਮ ਹੋਰ ਵਿਕਸਤ ਹੁੰਦਾ ਹੈ।

'ਖਾਲੀ ਸਲੰਡਰ' ਕਹਾਣੀ ਸੰਗ੍ਰਹਿ ਵਿਚ ਕੁੱਲ ਤੇਰ੍ਹਾਂ ਕਹਾਣੀਆਂ ਹਨ, ਜੋ ਅਜਕੇ ਮਨੁੱਖ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਬੜੀ ਸ਼ਿਦਤ ਨਾਲ ਬਿਆਨ ਕਰਦੀਆਂ ਹਨ। ਪੰਜਾਬ ਵਿਚ ਅੱਤਵਾਦ ਦੇ ਸਮੇਂ ਦੋ ਪੁੜਾਂ ਵਿਚਕਾਰ ਪਿਸ ਰਹੇ ਸਧਾਰਣ ਮਨੁੱਖ ਦੀ ਯਥਾਰਥਕ ਤਸਵੀਰ 'ਹਿਜਰਤ', 'ਬੁੱਲੇ', 'ਉਡੀਕ', 'ਰਾਂਝਾ ਰਾਂਝਾ ਕਰਦੀ' ਕਹਾਣੀਆਂ ਵਿਚ ਪੇਸ਼ ਕੀਤੀ ਗਈ ਹੈ। 'ਹਿਜਰਤ' ਕਹਾਣੀ ਜਿੱਥੇ ਪੁਲੀਸ ਮਹਿਕਮੇ ਅਤੇ ਅੱਤਵਾਦੀਆਂ ਦੀ ਤਸਵੀਰ ਪੇਸ਼ ਕਰਦੀ ਹੈ, ਉੱਥੇ 'ਬੁੱਲ੍ਹੇ' ਕਹਾਣੀ ਵਿਚ 'ਚਰਨ' ਵਰਗਾ ਪਾਤਰ ਮਹਿਸੂਸ ਕਰਦਾ ਹੈ ਕਿ ਆਮ ਜਨਤਾ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਹੈ। 'ਉਡੀਕ' ਕਹਾਣੀ ਵਿਚ ਪੁਲਿਸ ਦਾ ਦੋਹਰਾ ਕਿਰਦਾਰ ਪੇਸ਼ ਕੀਤਾ ਹੈ, ਇਕ ਤਾਂ ਆਪ ਹੀ ਮੁੰਡੇ ਫੜ ਕੇ ਮੁਕਾਬਲਾ ਬਣਾ ਦੇਣਾ ਅਤੇ ਫਿਰ ਘਰਦਿਆਂ ਨੂੰ ਤੰਗ ਕਰਨਾ ਕਿ ਉਹਨਾਂ ਨੂੰ ਪੇਸ਼ ਕਰੋ। 'ਰਾਂਝਾ ਰਾਂਝਾ ਕਰਦੀ' ਕਹਾਣੀ ਝੂਠੇ ਪੁਲਿਸ ਮੁਕਾਬਲੇ ਦਾ ਵਰਣਨ ਕਰਦੀ ਹੈ, ਪਰ ਇਹਨਾਂ ਕਹਾਣੀਆਂ ਦੀ ਪ੍ਰਮੁੱਖ 'ਸੁਰ' ਅੱਤਵਾਦ ਅਤੇ ਪੁਲਿਸ ਦੇ ਵਿਚਕਾਰ ਪਿਸ ਰਹੀ ਆਮ ਜਨਤਾ ਦੇ ਸੰਤਾਪ ਨੂੰ ਪੇਸ਼ ਕਰਨ ਦੀ ਹੈ। ਇਸ ਤਰ੍ਹਾਂ ਉਪਰੋਕਤ ਕਹਾਣੀਆਂ ਇਕ ਹੀ ਗਲਪ-ਪ੍ਰਵਚਨ ਨੂੰ, ਪਰ ਵੱਖ-ਵੱਖ ਅੰਦਾਜ਼ ਵਿਚ ਪੇਸ਼ ਕਰਦੀਆਂ ਪਾਠਕ ਤੀਕ ਪਹੁੰਚਦੀਆਂ ਹਨ। ਕਹਾਣੀਕਾਰ ਕੋਲ ਸਮਾਜ ਨੂੰ ਦੇਖਣ ਦੀ ਸੂਖਮ ਨੀਝ ਹੈ, 'ਉਡੀਕ' ਕਹਾਣੀ ਵਿਚ ਤਤਕਾਲੀ ਹਾਲਾਤ ਨੂੰ ਬਹੁਤ ਹੀ ਯਥਾਰਥ ਢੰਗ ਨਾਲ ਬਿਆਨ ਕੀਤਾ ਹੈ :

ਮੰਨ ਲਿਆਂ ਇਹ ਸਭ ਕੁਝ ਕੁਰਸੀ ਵਾਲੇ, ਸਰਮਾਏਦਾਰੀ ਲਈ ਕਰਦੇ ਨੇ, ਪਰ ਮੁੰਡਿਆਂ ਦਾ ਤਾਂ ਜੀਣਾ ਹਰਾਮ ਕੀਤਾ ਹੋਇਐ। ਇਕ ਪਾਸੇ ਗਾਤਰੇ ਵਾਲੇ ਹੜਤਾਲਾਂ, ਬੰਦ, ਪੁਲੀਸ ਨਾਲ ਲੜਾਈਆਂ ਲਈ ਖਿਚਦੇ ਨੇ, ਜਿਹੜੇ ਨਹੀਂ ਜਾਂਦੇ ਉਨ੍ਹਾਂ ਨੂੰ ਸੋਧਣ ਦੀਆਂ ਧਮਕੀਆਂ। ਦੂਜੇ ਪਾਸੇ ਕਾਮਰੇਡਾਂ ਦੀ ਖਿੱਚ-ਧੂਹ ਬਹੁਤੇ ਧਮਕੀਆਂ ਦੀ ਨੋਕ ਤੇ ਨਕਲਾਂ ਨਾਲ ਪਾਸ ਕੀਤੇ ਜਾਂਦੇ ਨੇ।"

ਕਹਾਣੀਕਾਰ ਨੇ ਕਈ ਕਹਾਣੀਆਂ ਵਿਚ ਇਕ ਤੋਂ ਵੱਧ ਵਿਸ਼ੇ ਛੋਹੇ ਹਨ, ਜਿਵੇਂ 'ਹਿਜਰਤ' ਅਤੇ 'ਰਾਂਝਾ ਰਾਂਝਾ ਕਰਦੀ' ਕਹਾਣੀ ਵਿਚ ਸਧਾਰਨ ਮਨੁੱਖ ਦੇ ਅੱਤਵਾਦ ਸਮੇਂ ਦੇ ਹੰਢਾਏ ਸੰਤਾਪ ਨੂੰ ਪੇਸ਼ ਕਰਨ ਦੇ ਨਾਲ ਨਾਲ 'ਹਿਜਰਤ' ਕਹਾਣੀ ਵਿਚ ਆਧੁਨਿਕਤਾ ਦੇ ਪ੍ਰਭਾਵ ਹੇਠ ਖੂਨ ਦੇ ਰਿਸ਼ਤੇ ਜੋ ਪੇਤਲੇ ਪੈ ਰਹੇ ਹਨ, ਉਹਨਾਂ ਦੀ ਯਥਾਰਥਕ ਤਸਵੀਰ ਵੀ ਪੇਸ਼ ਕੀਤੀ ਹੈ। 'ਰਾਂਝਾ ਰਾਂਝਾ ਕਰਦੀ' ਵਿਚ ਪੰਜਾਬੀਆਂ ਦੇ ਅਲਬੇਲੇ ਸੁਭਾਅ ਦੀ ਪੇਸ਼ਕਾਰੀ ਹੋਈ ਹੈ, ਪੰਜਾਬੀ ਕਿਸਾਨ ਖਰਾਬ ਹਾਲਾਤ ਦੇ ਬਾਵਜੂਦ ਵੀ ਫ਼ਸਲ ਵੱਲ ਦੇਖ ਕੇ ਸਭ ਕੁਝ ਭੁਲ ਭੁਲਾ ਕੇ 'ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ' ਗੁਣ ਗੁਣਾਉਣ ਲੱਗਦੇ ਹਨ। 'ਮੱਖੀ' ਕਹਾਣੀ ਉਸ ਅਣਚਾਹੇ ਮਹਿਮਾਨ ਨੂੰ ਪੇਸ਼ ਕਰਦੀ ਹੈ, ਜਿਸਦੇ ਆਉਣ ਤੇ ਪਰਿਵਾਰ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ। 'ਜਾਲ' ਕਹਾਣੀ ਦਫ਼ਤਰਾਂ ਵਿਚ ਕੰਮ ਕਰਵਾਉਣ ਲਈ ਹੁੰਦੀ ਖੱਜਲ ਖੁਆਰੀ ਦੀ ਤਸਵੀਰ ਪੇਸ਼ ਕਰਦੀ ਹੈ। ਇਕ ਅਫ਼ਸਰ ਅਤੇ ਲੇਡੀ ਸਟੈਨੋ ਦਾ ਕੰਮ ਤਾਂ ਮਿੰਟਾਂ ਵਿਚ ਹੋ ਜਾਂਦਾ ਹੈ, ਜਦਕਿ ਇਹ ਆਮ ਕਲਰਕ ਬੰਦੇ ਨੂੰ ਆਪਣਾ ਟੀ. ਏ. ਬਿੱਲ ਪਾਸ ਕਰਵਾਉਣ ਲਈ ਧੱਕੇ ਖਾਣੇ ਪੈਂਦੇ ਹਨ। ਇਸ ਕਹਾਣੀ ਵਿਚ ਇਕ ਟੀ. ਏ. ਬਿੱਲ ਪਾਸ ਕਰਵਾਉਣ ਸੰਬੰਧੀ ਲੰਬੀ ਚੌੜੀ ਦਫ਼ਤਰੀ ਕਾਰਵਾਈ ਤੇ ਵੀ ਵਿਅੰਗ ਕੀਤਾ ਗਿਆ ਹੈ। 'ਭੇਦ' ਕਹਾਣੀ ਵਿਚ ਸ਼ੇਲੇ ਅਤੇ ਰਾਜੂ ਦੇ ਆਪਸੀ ਸੰਬੰਧਾਂ ਬਾਰੇ ਸੰਦੇਹ ਹੈ। ਪਰ ਇਹ

ਸੰਦੇਹ ਸਪੱਸ਼ਟ ਹੋ ਜਾਂਦੀ ਹੈ ਜਦੋਂ ਸ਼ੇਰਾ ਕਹਿੰਦਾ ਹੈ ਕਿ "ਬਾਈ ਸਿਆਂ ਜੋ ਤੂੰ ਕਿਹਾ ਸੀ ਚਾਹੇ ਉਹ ਸੱਚ ਸੀ ਅਤੇ ਝੂਠ, ਮੇਰਾ ਦਿਲ ਸਾਫ਼ ਐ।" ਕਹਾਣੀ ਵਿਚ ਆਪਸੀ 'ਭੇਤ' ਕਲੀਨਰ ਅਤੇ ਸ਼ੇਰੇ ਦੇ ਆਪਸੀ ਸੰਬੰਧਾਂ ਦਾ ਅਖ਼ੀਰ ਵਿਚ ਪ੍ਰਗਟ ਹੁੰਦਾ ਹੈ।

'ਰਾਵੀ ਦੇ ਆਰ-ਪਾਰ' ਵਿਚ ਰਾਵੀ ਦਰਿਆ ਕੰਢੇ ਵਸਦੇ ਲੋਕਾਂ ਦੇ ਸਰੀਰਕ ਅਤੇ ਮਾਨਸਿਕ ਸੰਤਾਪ ਨੂੰ ਪੇਸ਼ ਕੀਤਾ ਹੈ। ਇਕ ਪਾਸੇ ਇਹਨਾਂ ਲੋਕਾਂ ਨੂੰ ਹੜ੍ਹਾਂ ਕਾਰਨ ਸੰਤਾਪ ਝੱਲਣਾ ਪੈਂਦਾ ਹੈ। ਦੂਜੇ ਪਾਸੇ 'ਮਸੀਹ' ਵਰਗੇ ਕੋਮਲ ਭਾਈ ਲੋਕ ਰਾਵੀ ਦੇ ਆਰ-ਪਾਰ ਧੜਕਦੀ ਜ਼ਿੰਦਗੀ ਨੂੰ ਦੇਖਣ ਦੇ ਚਾਹਵਾਨ ਹਨ। ਪਰ ਹਾਲਾਤ ਅੱਗੇ ਮਜ਼ਬੂਰ ਹੋ ਕੇ ਮਾਨਸਿਕ ਸੰਤਾਪ ਹੰਢਾਉਂਦਾ ਹਨ। 'ਲੀਕਾਂ' ਕਹਾਣੀ ਦੋ ਪੀੜ੍ਹੀਆਂ, ਦੋ ਸ਼੍ਰੇਣੀਆਂ ਅਤੇ ਗਰੀਬ-ਅਮੀਰ ਦੀ ਜ਼ਿੰਦਗੀ ਵਿਚ ਪ੍ਰਾਪਤ ਸੰਤੁਸ਼ਟੀ ਵਿਚਕਾਰ 'ਲੀਕਾਂ' ਦੀ ਗੱਲ ਕਰਦੀ ਹੈ।

'ਖਾਲੀ ਸਲੰਡਰ' ਅਤੇ 'ਬੂ' ਦਲਿਤ ਜੀਵਨ ਦੀ ਪੇਸ਼ਕਾਰੀ ਨਾਲ ਸੰਬੰਧਤ ਕਹਾਣੀਆਂ ਹਨ। 'ਖਾਲੀ ਸਲੰਡਰ' ਜਿੱਥੇ ਮਨੁੱਖ ਦੇ ਅਸਤਿਤਵ ਸੰਬੰਧੀ ਮਸਲਿਆਂ ਨੂੰ ਪੇਸ਼ ਕਰਦੀ ਹੈ, ਉਥੇ ਨਿੱਕੇ-ਨਿੱਕੇ ਵੇਰਵਿਆਂ ਨਾਲ ਬਿੱਲੂ ਦੀ ਚੇਤਨਾ ਨੂੰ ਵੀ ਪੇਸ਼ ਕਰਦੀ ਹੈ, "ਕੋਠੀਆਂ 'ਚ ਨੌਕਰਾਣੀਆਂ, ਫਰਸ਼ ਰਗੜ ਰਹੀਆਂ ਨੇ, ਕੋਈ ਭਾਂਡੇ ਕਪੜੇ ਧੋ ਰਹੀ ਐ। ਕੋਈ ਕੁੱਤੇ ਨੂੰ ਨੁਹਾ ਰਿਹੈ.........ਮੈਨੂੰ (ਬਿੱਲੂ) ਖਿੱਝ ਆ ਜਾਂਦੀ ਹੈ। ਅਸੀਂ ਰਹਿ ਗਏ ਆਂ, ਇਹਨਾਂ ਕੁੱਤੇ ਕੰਮਾਂ ਲਈ ? 'ਬੂ' ਕਹਾਣੀ ਭਾਰਤੀ ਸਮਾਜ ਵਿਚ ਪ੍ਰਚਲਤ ਜਾਤੀ-ਪ੍ਰਥਾ ਦੇ ਸਰਾਪ ਨੂੰ ਹੰਢਾ ਰਹੇ ਮਨੁੱਖ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਪਿੰਡ ਅਤੇ ਸ਼ਹਿਰ ਵਿਚ 'ਜਾਤ' ਦੇ ਪ੍ਰਭਾਵ ਦਾ ਬੜਾ ਯਥਾਰਥਕ ਬਿੰਬ ਪੇਸ਼ ਕੀਤਾ ਗਿਆ ਹੈ। 'ਬੂ' ਜਾਤੀ ਨਫ਼ਰਤ ਤੋਂ ਪੈਦਾ ਹੋਈ ਬੂ ਹੈ, ਜੋ 'ਗੇਲੀ' ਨੂੰ ਆਪਣਾ ਆਪ ਸਾਫ ਕਰਨ ਤੋਂ ਬਾਅਦ ਵੀ ਮਹਿਸੂਸ ਹੁੰਦਾ ਕਿ 'ਬੂ' ਤਾਂ ਅਜੇ ਵੀ ਆ ਰਹੀ ਹੈ।

'ਘੁਟ' ਅਤੇ 'ਮੀਂਹ ਮੰਗਦੀ' ਕਹਾਣੀਆਂ ਨਾਰੀ ਸੰਵੇਦਨਾ ਨਾਲ ਸੰਬੰਧਤ ਕਹਾਣੀ ਹਨ। 'ਘੁਟ' ਕਹਾਣੀ 'ਗੀਟਾ' ਦੀ ਜ਼ਿੰਦਗੀ ਨੂੰ ਪੇਸ਼ ਕਰਦੀ ਹੈ। ਜ ਸ਼ੱਕੀ, ਕੰਜੂਸ ਅਤੇ ਬੇਈਮਾਨ ਪਤੀ ਨਾਲ ਰਹਿੰਦੀ ਹੈ। ਪਰ ਭਾਰਤੀ ਨਾਰੀ ਕਿਰਦਾਰ ਮੁਤਾਬਕ, 'ਸ਼ਰੀਫ ਘਰਾਂ ਦੀਆਂ ਕੁੜੀਆਂ ਸਿਰਫ ਆਪਣੀ ਹਿਫਾਜ਼ਤ ਕਰਦੀਆਂ ਨੇ", ਆਪਣੇ ਪਤੀ ਤੋਂ ਬਦਲਾ ਲੈਣ ਦੀ ਭਾਵਨਾ ਦਾ ਤਿਆਗ ਕਰਦੀ ਹੈ। ਇਹ 'ਘੁਣ' ਉਸਨੂੰ ਅੰਦਰੋਂ ਅੰਦਰੀ ਹੀ ਖੋਖਲਾ ਕਰ ਦਿੰਦਾ ਹੈ।' .......ਮੀਂਹ ਮੰਗਣੀ' ਕਹਾਣੀ ਰਾਹੀਂ ਵਿਚ ਕਹਾਣੀਕਾਰ ਨੇ 'ਨੀਰੂ' ਦੇ ਮਨੋ ਵਿਗਿਆਨਕ ਵਿਸ਼ਲੇਸ਼ਣ ਰਾਹੀਂ ਉਸਦੇ ਅੰਡੀਵ ਹਾਵਾਂ-ਭਾਵਾਂ, ਵਰਗੇ ਵਲਵਲਿਆਂ, ਜ਼ਜ਼ਬਾਤਾਂ ਅਤੇ ਰੀਝਾਂ ਨੂੰ ਪ੍ਰਗਟ ਕੀਤਾ ਹੈ। ਇਉਂ ਇਸ ਕਹਾਣੀ ਸੰਗ੍ਰਹਿ ਵਿਚ ਬਿਲਕੁਲ ਨਵੇਂ ਵਿਸ਼ੇ ਬੜੇ ਵਿੱਲਖਣ ਅੰਦਾਜ਼ ਵਿੱਚ ਪੇਸ਼ ਹੋਏ ਹਨ।

ਮੁੱਖਤਿਆਰ ਸਿੰਘ ਨੇ ਪਾਤਰਾਂ ਨੂੰ ਅੰਦਰੋਂ ਜ਼ਿਆਦਾ ਅਤੇ ਬਾਹਰੋਂ ਘੱਟ ਬਿਆਨਿਆਂ ਹੈ। ਉਸ ਦੁਆਰਾ ਵਰਤੀ ਪ੍ਰਤੀਕਾਤਮਕ ਸ਼ੈਲੀ ਜਜ਼ਬਿਆਂ ਦੀ ਸ਼ਿੱਦਤ ਨੂੰ ਹੋਰ ਡੂੰਘੇਰੀ ਕਰਦੀ ਹੈ। ਉਸਦੀਆਂ ਕਹਾਣੀਆਂ ਵਿਚ ਲਟਕਾ ਅਤੇ ਨਾਟਕੀ ਮੌਕੇ ਬਨਾਵਟੀ ਨਹੀਂ ਜਾਪਦੇ ਸਗੋਂ ਸੁਭਾਵਕ ਮੌਮਾ ਮੇਲਾਂ ਵਿਚੋਂ ਪੈਦਾ ਹੋਏ ਹਨ। ਉਹ ਸੁਭਾਵਕਤਾ ਵਿਚ ਨਾਟਕੀ ਰਸ ਭਰਦਾ ਹੈ। ਕਹਾਣੀਕਾਰ ਕੋਲ ਕਈ ਵਾਰ ਜ਼ਿੰਦਗੀ ਵਿਚ ਵਾਪਰਦੇ ਸੂਖਮ ਪਲਾਂ ਨੂੰ ਵਿਅਕਤ ਕਰਨ ਦੀ ਸਮਰੱਥਾ ਨਹੀਂ ਹੁੰਦੀ, ਇਸ ਲਈ '.....ਮੀਂਹ ਮੰਗਦੀ' ਕਹਾਣੀ ਵਿਚ ਬਿੰਦੀਆਂ ਦੀ ਜੁਗਤ ਵਰਤੀ ਗਈ ਹੈ। ਆਧੁਨਿਕ ਪੰਜਾਬੀ ਗਲਪ ਦੇ ਖੇਤਰ ਵਿਚ ਮੁੱਖਤਿਆਰ ਸਿੰਘ ਸਧਾਰਣ ਮਨੁੱਖ ਨੂੰ ਸਧਾਰਣਤਾ ਵਿਚ ਵੀ ਵਿਸ਼ੇਸ਼ ਬਣਾ ਕੇ ਪੇਸ਼ ਕਰਨ ਵਾਲਾ ਸਫ਼ਲ ਕਹਾਣੀਕਾਰ ਹੈ। ਨਿਰਸੰਦੇਹ 'ਖਾਲੀ ਸਲੰਡਰ' ਕਹਾਣੀ ਸੰਗ੍ਰਹਿ ਦਾ ਵੱਡੇ ਪੱਧਰ 'ਤੇ ਸਵਾਗਤ ਹੋਣਾ ਚਾਹੀਦਾ ਹੈ।

*ਅਮਨਦੀਪ ਹੀਰਾ*
*ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*



# ਜੂਨ ਦਰ ਜੂਨ—(ਬਲਦੇਵ ਸਿੰਘ ਲੰਡਨ)

ਜੂਨ-ਦਰ-ਜੂਨ--ਬਲਦੇਵ ਸਿੰਘ ਲੰਡਨ ਦਾ ਪੰਦਰਾਂ ਕਹਾਣੀਆਂ ਦਾ ਤਾਜ਼ਾਤ੍ਰੀਨ ਕਹਾਣੀ ਸੰਗ੍ਰਹਿ ਹੈ। ਜਿਸਦਾ ਸਿਰਜਨ ਕਾਲ 1965 ਤੋਂ 1988 ਤਕ ਤੇਤੀ ਸਾਲ ਦੇ ਲੰਮੇ ਅਰਸੇ ਵਿਚਕਾਰ ਫੈਲਿਆ ਹੋਇਆ ਹੈ। ਜਿਸ ਤੋਂ ਸਪਸ਼ਟ ਜਾਹਰ ਹੈ ਕਿ ਬਲਦੇਵ ਸਿੰਘ ਕਹਾਣੀ ਦੇ ਵਿਸ਼ਾ ਚੁਣ ਤੇ ਉਸਦੀ ਸਿਰਜਨਾ ਨੱਠਕੇ ਨਹੀਂ। ਨਿੱਠਕੇ ਕਰਦਾ ਹੈ। ਉਹ ਬਿਨਾਂ ਕਿਸੇ ਵਾਦ-ਵਿਵਾਦ ਵਿਚ ਪਏ ਪ੍ਰਾਪਤ ਯਥਾਰਥ ਦਾ ਚਿਤੇਰਾ ਹੈ। ਤੇਤੀ ਸਾਲਾਂ ਦੀ ਸਾਹਿਤਕਾਰੀ ਦੇ ਵਿਸ਼ਾਲ ਜੀਵਨ ਅਨੁਭਵ ਨੇ ਉਸਦੇ ਵਿਚਾਰਾਂ ਵਿਚ ਪਕਿਆਈ ਅਤੇ ਕਹਾਣੀ ਕਲਾ ਵਿਚ ਨਿਖਾਰ ਲਿਆਂਦਾ ਹੈ। ਬਲਦੇਵ ਸਿੰਘ ਆਪਣੇ ਆਲੇ-ਦੁਆਲੇ ਵਿਚੋਂ ਘਟਨਾਵਾਂ ਅਤੇ ਪਾਤਰ ਲੈ ਕੇ ਕਹਾਣੀ ਦੀ ਸਿਰਜਨਾ ਕਰਦਾ ਹੈ। ਉਸ ਕੋਲ ਵਿਸ਼ਾਲ ਦ੍ਰਿਸ਼ਟੀ ਤਾਂ ਹੈ ਪਰ ਦ੍ਰਿਸ਼ਟੀਕੋਣ ਨਹੀਂ ਜਾਂ ਇਹ ਕਹਿ ਲਵੋ ਕਿ ਉਹ ਆਪਣਾ ਦ੍ਰਿਸ਼ਟੀਕੋਣ ਕਹਾਣੀ ਤੇ ਲਾਗੂ ਨਹੀਂ ਕਰਦਾ। ਕਿਉਂਕਿ ਇਹਨਾਂ ਕਹਾਣੀਆਂ ਵਿਚ ਲੇਖਕ ਦਾ ਦਖਲ ਪਾਠਕ ਨੂੰ ਕਿਤੇ ਵੀ ਦਿਖਾਈ ਨਹੀਂ ਦਿੰਦਾ। ਇਹ ਨੁਕਤਾ ਕਿਸੇ ਲੇਖਕ ਦੀ ਪ੍ਰਾਪਤੀ ਵੀ ਹੋ ਸਕਦੀ ਹੈ ਅਤੇ ਕਿਸੇ ਲਈ ਕਮਜ਼ੋਰੀ ਵੀ। ਉਸ ਦੀਆਂ ਕਹਾਣੀਆਂ ਦੇ ਪਾਤਰ ਸਾਧਾਰਨ ਮਨੁੱਖ ਦੀ ਪ੍ਰਤੀਨਿੱਧਤਾ ਕਰਦੇ ਹਨ। ਉਹ ਪਿਆਰ ਦੇ, ਸਤਿਕਾਰ ਦੇ ਭੁੱਖੇ ਹਨ, ਲਾਲਚੀ ਹਨ। ਸੋਲਾਂ ਸੋਲਾਂ ਘੰਟੇ ਕੰਮ ਕਰਕੇ ਵੱਧ ਤੋਂ ਵੱਧ ਪੈਸਾ ਕਮਾਉਣ ਘਰ ਬਨਾਉਣ ਅਤੇ ਘਰ ਵਸਾਉਣ ਦੀ ਦੌੜ ਵਿਚ ਪਏ ਹੋਏ ਹਨ, ਚਾਹੇ ਉਹ ਇਸਤਰੀ ਪਾਤਰ ਹੋਵੇ ਚਾਹੇ ਪੁਰਸ਼। ਪੱਛਮੀ ਦੁਨੀਆਂ ਵਿਚ ਆਪਣੀ ਅੱਧੀ ਉਮਰ ਬਤੀਤ ਕਰਕੇ ਵੀ ਉਹਨਾਂ ਦੀ ਸੋਚ ਅਜੇ ਵੀ ਭਾਰਤੀ ਪੰਜਾਬੀਆਂ ਦੀ ਸੰਕੀਰਨਤਾ ਵਾਲਾ ਪੱਲਾ ਨਹੀਂ ਛੱਡ ਸਕੀ। ਕਹਾਣੀ "ਚੁੜੇਲ" ਦਾ ਪਾਤਰ ਪ੍ਰੀਤਮ ਸਿੰਘ ਇਸ ਦੀ ਇਕ ਵੱਧੀਆ ਮਿਸਾਲ ਹੈ।

ਮਨੁੱਖੀ ਮਨ ਦੀ ਥਾਹ ਪਾਉਣ ਵਿਚ, ਉਸਦਾ ਵਿਸ਼ਲੇਸ਼ਣ ਕਰਨ ਵਿਚ ਬਲਦੇਵ ਸਿੰਘ ਨੂੰ ਕਮਾਲ ਦੀ ਮੁਹਾਰਤ ਹਾਸਲ ਹੈ। ਉਹ ਬਾਹਰ ਤੋਂ ਮਨੁੱਖ ਦੇ ਅੰਦਰ ਵਲ ਨੂੰ ਸਫਰ ਕਰਦਾ ਹੈ। ਮਨੁੱਖੀ ਮਨਾਂ ਨੂੰ ਬਾਹਰੀ ਸਮਾਜਕ ਤੇ ਆਰਥਕ ਹਾਲਾਤ ਹਮੇਸ਼ਾ ਹੀ ਪ੍ਰਭਾਵਤ ਕਰਦੇ ਹਨ ਜਿਨ੍ਹਾਂ ਕਰਕੇ ਮਨੁੱਖੀ ਮਨਾਂ ਵਿਚ ਸਮੇਂ ਸਮੇਂ, ਲੋੜ ਅਨੁਸਾਰ ਆਉਂਦੇ ਬਦਲਾਵ ਤੇ ਉਸਦੀ ਸਥਿਰਤਾ ਦੇ ਦੂਹਾਂ ਰੰਗਾਂ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕਰਦੇ ਹਨ ਬਲਦੇਵ ਸਿੰਘ ਦੀਆਂ ਕਹਾਣੀਆਂ ਦੇ ਪਾਤਰ ਕਹਾਣੀ "ਮਾਵਾਂ ਧੀਆਂ" ਦੀ ਮਾਂ, "ਦੂਸਰੀ ਮਾਂ" ਦੀ ਮਾਂ, "ਮਜ਼ਬੂਰੀਆਂ" ਦਾ ਬੇਟਾ, "ਵੱਡੀ ਮਾਂ" ਦੀ ਦਾਦੀ ਆਦਿ ਵਰਗੇ ਪਾਤਰਾਂ ਵਿਚ ਸਮਾਜਕ, ਮਾਨਸਿਕ ਲੋੜਾਂ ਦੀ ਪੂਰਤੀ ਲਈ ਸਹਿਜਮਈ ਬਦਲਾਵ ਆਉਣਾ ਕੁਦਰਤੀ ਹੈ ਤੇ ਪੂੰਜੀਪਤੀ ਸਮਾਜ ਦੀ ਦੇਣ ਵੀ ਹੈ। ਜਿੱਥੇ ਮਨੁੱਖੀ ਰਿਸ਼ਤੇ ਵੀ ਵਰਜ ਦੀਆਂ ਨੀਹਾਂ ਉਤੇ ਉਸਰਦੇ ਹਨ, ਖੜਦੇ ਹਨ ਤੇ ਟਿਕਦੇ ਹਨ। ਜਿਸਦੀ ਉਦਾਹਰਣ "ਮਜਬੂਰੀ" ਕਹਾਣੀ ਰਾਹੀਂ ਦਿਤੀ ਜਾ ਸਕਦੀ ਹੈ। ਆਪਣੇ ਪਤੀ ਤੋਂ ਤੰਗ ਆਕੇ ਰਤਨੀ ਤਲਾਕ ਲੈ ਕੇ ਬੜੀ ਮੁਸ਼ਕਲ ਨਾਲ ਆਪਣੇ ਬੱਚੇ ਪਾਲਕੇ ਵਿਆਹੁਦੀ ਹੈ ਪਰ ਇਕ ਦਿਨ ਉਸਦਾ ਪੁਤਰ ਆਪਣੇ ਪਿਉ ਨੂੰ ਨਾਲ ਲੈ ਆਉਂਦਾ ਹੈ। ਜਦ ਰਤਨੀ ਆਪਣੇ ਪੁਤਰ ਨੂੰ ਇਸ ਗਲੋਂ ਵਰਜਦੀ ਹੈ ਤਾਂ ਉਹ ਕਹਿੰਦਾ ਹੈ : "ਮਾਂ ਤੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੀ। ਇਹ ਪਿਆਰ ਨਹੀਂ।

"....ਤੇ ਹੋਰ ਕੀ ਏ ?"

"ਮਜ਼ਬੂਰੀ"

"ਤਦ ਫੇਰ ਪਹਿਲਾਂ ਮੇਰੇ ਨਾਲ ਵੀ ਮਜ਼ਬੂਰੀ ਕਰਕੇ ਚੁੰਮੜੇ ਹੋਏ ਸੀ ?"

"ਹਾਂ"

"ਤੇ ਜੇ ਮੈਂ ਇਹ ਕਹਾਂ ਕਿ ਤੁਹਾਡੇ ਬੱਚੇ ਸਾਂਭ ਲੈਂਦੀ ਹਾਂ, ਤਾਂ ਕੀ ਤੂੰ ਫੇਰ ਵੀ ਆਪਣੇ ਪਿਉ ਨਾਲ ਮਿਲੇਂਗਾ ?"

"ਨਹੀਂ ...... ਫੇਰ ਮੈਨੂੰ ਉਹਦੇ ਨਾਲ ਮਿਲਣ ਦੀ ਕੀ ਲੋੜ ਹੈ ? ਮੇਰਾ ਰਿਸ਼ਤਾ ਤਾਂ ਮੇਰੀ ਲੋੜ ਏ, ਲੋੜ ਬਦਲ ਗਈ ਤਾਂ ਰਿਸ਼ਤਾ ਵੀ ਬਦਲ ਗਿਆ" (ਪੰਨਾ 31)

ਇਹ ਕੌੜਾ ਸੱਚ ਹੈ ਕਿ ਪੱਛਮ ਦੀ ਤੇਜ਼ ਗਤੀ ਵਾਲੀ ਜ਼ਿੰਦਗੀ ਨੇ ਪੈਸੇ ਦੀ ਦੌੜ ਵਿਚ ਪਏ ਮਨੁੱਖ ਦੇ ਰਿਸ਼ਤਿਆਂ ਨੂੰ ਏਨਾ ਪ੍ਰਭਾਵਤ ਕੀਤਾ ਹੈ ਕਿ ਉਸਦੇ ਕੋਲ ਆਪਣੇ ਬੱਚਿਆਂ ਦੀ ਦੇਖ ਰੇਖ ਕਰਨ ਲਈ ਬਿਲਕੁਲ ਹੀ ਸਮਾਂ ਨਹੀਂ, ਜਿਸਦੀ ਉਦਾਹਰਣ ਕਹਾਣੀ "ਦੈਂਤ ਦੀ ਮੌਤ" ਵਿਚੋਂ ਦਿਤੀ ਜਾ ਸਕਦੀ ਹੈ। ਜਦ ਬੱਚਾ ਬਾਪ ਤੋਂ ਝਿੜਕ ਖਾ ਕੇ ਮਾਂ ਕੋਲ ਜਾਂਦਾ ਹੈ। ਉਹਦੀ ਮਦਦ ਲੈਣੀ ਚਾਹੁੰਦਾ ਹੈ ਪਰ ਮਾਂ ਅੱਗੋਂ ਗੁਸੇ ਨਾਲ ਕਹਿੰਦੀ ਹੈ" ਚਾਕੂ ਹੱਥ ਤੇ ਲਾ ਲਿਆ ਤਾਂ ਹੋਰ ਵਖਤ ਪਾ ਦੇਵੇਂਗਾ। ਚਾਕੂ ਲਗ ਗਿਆ ਤਾਂ ਹਸਪਤਾਲ ਲੈ ਕੇ ਜਾਣਾ ਪਊ। ਸਾਡੇ ਕੋਲ ਤਾਂ ਪਹਿਲਾਂ ਹੀ ਸਮਾਂ ਨਹੀਂ। ਜਾ, ਜਾ ਕੇ ਅਰਾਮ ਨਾਲ ਖੇਡ (ਪੰਨਾ 60)

ਜਿਸ ਸਮਾਜ ਵਿਚ ਬੱਚਿਆਂ ਦੀ ਕਦਰ ਏਨੀ ਕੁ ਹੋਵੇ, ਉਹ ਸਮਾਜ ਦੇ ਬੱਚੇ ਬਜ਼ੁਰਗਾਂ ਨੂੰ ਕੀ ਪਿਆਰ-ਸਤਿਕਾਰ ਦੇ ਸਕਦੇ ਹਨ। ਜਿਨਾਂ ਦੀ ਨਿਗਰਾਨੀ ਰਖਣ ਲਈ ਉਹਨਾਂ ਦੇ ਮਾਪਿਆਂ ਪਾਸ ਸਮਾਂ ਹੀ ਨਹੀਂ ਉਹ ਲਫੈਂਡ, ਅਵਾਰਾ, ਗੁੰਡੇ, ਪੰਕ ਨਹੀਂ ਬਣਨਗੇ ਤਾਂ ਹੋਰ ਕੀ ਬਣਨਗੇ ? "ਨਵੀਂ ਖੇਡ" ਕਹਾਣੀ ਦੇ ਪਾਤਰ ਇਸੇ ਸਮਾਜ ਦੀ ਦੇਣ ਦਾ ਉਤਮ ਨਮੂਨਾ ਹਨ।

ਜੀਣੇ ਨੂੰ ਆਸ ਨਹੀਂ ਸੀ ਕਿ ਦੇਸੀ ਬੱਚੇ ਵੀ ਇਸ ਹੱਦ ਤੱਕ ਪਹੁੰਚ ਜਾਣਗੇ। ਉਸਨੇ ਇਕ ਤਰਾਂ ਨਾਲ ਨਸੀਹਤ ਕਰਨ ਵਜੋਂ ਪੁੱਛਿਆ "ਤੁਹਾਡੇ ਬਾਪ ਕੀ ਕਰਦੇ ਹਨ ?"

ਉਹ ਸਾਰੇ ਅਰਧ ਚੱਕਰ ਵਿਚ ਉਂਹਦੇ ਮੂਹਰੇ ਖੜੇ ਸਨ। ਸ਼ਰਾਰਤ, ਵਿਅੰਗ ਤੇ ਨਸ਼ੇ ਨਾਲ ਉਹਨਾਂ ਦੇ ਚਿਹਰੇ ਭਖ ਰਹੇ ਸਨ। ਉਹਨਾਂ ਵਿਚੋਂ ਇਕ ਬੋਲਿਆ "ਉਹ ਤੇਰੇ ਵਾਂਗ ਸਿਗਰਟ ਨਹੀਂ ਪੀਂਦੇ, ਸ਼ਰਾਬ ਨਹੀਂ ਪੀਂਦੇ, ਮਾਸ ਨਹੀਂ ਖਾਂਦੇ ਪਰ .... ਹਾਂ, ਤੇਰੇ ਉਲਟ ਉਹ ਸਾਲੇ ਸੈਕਸ ਬਹੁਤ ਕਰਦੇ ਹਨ" ਸਾਰੇ ਹੱਸ ਹੱਸ ਲੋਟ ਪੋਟ ਹੋ ਗਏ।

"ਬਾਬਾ! ਉਨ੍ਹਾਂ ਦਾ ਤਾਂ ਕੰਮ ਤੋਂ ਵਿਹਲ ਹੀ ਨਹੀ ਹੁੰਦਾ। ਪੈਸੇ ਜੋੜੀ ਜਾਂਦੇ ਹਨ ਤੇ ਮਕਾਨ ਖਰੀਦੀ ਜਾਂਦੇ ਹਨ। ਦੂਜਾ ਬੋਲਿਆ। (ਪੰਨਾ 23)

ਇਸੇ ਕਰਕੇ ਸ਼ਾਇਦ ਪਹਿਲੀ ਪੀੜ੍ਹੀ ਜੋ ਭਾਰਤ ਤੋਂ ਜਾ ਕੇ ਵਿਦੇਸ਼ਾਂ ਵਿਚ ਵੱਸੀ ਹੈ ਜਿਸ ਉਤੇ ਭਾਰਤੀ ਸਭਿਆਚਾਰ ਦਾ ਅਜੇ ਵੀ ਅਸਰ ਹੈ, ਉਸਦੇ ਅਤੇ ਪੱਛਮ ਦੇ ਮਾਹੌਲ ਵਿਚ ਜੰਮੀ ਪਲੀ ਨਵੀਂ ਪੀੜ੍ਹੀ ਦੇ ਵਿਚਕਾਰ ਆਮ ਤੌਰ ਤੇ ਟਕਰਾਓ ਆ ਜਾਂਦਾ ਹੈ। ਇਹ ਟਕਰਾਓ ਦੋ ਧਿਰਾਂ ਦਾ ਨਹੀਂ ਸਗੋਂ ਦੋ ਸਭਿਆਚਾਰਾਂ ਦਾ ਹੈ ਜਿਸਨੂੰ ਰੋਕਣਾ ਉਨਾਂ ਚਿਰ ਅਸੰਭਵ ਹੈ.ਜਿਨਾਂ ਚਿਰ ਤਕ ਦੋਹਾਂ ਵਿਚੋਂ ਕੋਈ ਇਕ ਧਿਰ ਸਮਝੌਤਾ ਨਹੀਂ ਕਰ ਲੈਂਦੀ ਜਾਂ ਝੁਕ ਨਹੀਂ ਜਾਂਦੀ। ਪੁਰਾਣੀ ਪੀੜੀ ਤਾਂ ਆਪਣੀਆਂ ਖੁਆਹਿਸ਼ਾਂ ਮਾਰਕੇ ਵੀ ਜੀਅ ਸਕਦੀ ਸੀ ਪਰ ਨਵੀਂ ਪੀੜ੍ਹੀ ਇਸ ਤੋਂ ਇਨਕਾਰੀ ਹੈ। "ਮਾਵਾਂ ਧੀਆਂ" ਕਹਾਣੀ ਦੀ ਧੀ ਮਾਂ ਨੂੰ ਪੁਛਦੀ ਹੈ "ਮਾਂ ਤੂੰ ਇਕ ਗਲ ਦਾ ਜਵਾਬ ਦੇ। ਜੇ ਕਰ ਤੂੰ ਕਿਸੇ ਆਦਮੀ ਨੂੰ ਪਿਆਰ ਨਹੀਂ ਕਰਦੀ, ਜਾਣਦੀ ਬੁਝਦੀ ਨਹੀਂ ਤਾਂ ਉਹਦੇ ਨਾਲ ਸੌਂ ਕਿਵੇਂ ਸਕਦੀ ਏ ?"

ਮਾਂ ਨੂੰ ਜਿਵੇਂ ਅੱਗ ਲਗ ਗਈ ਹੋਵੇ। ਲਾਲ ਸੂਹੀ ਹੋ ਕੇ ਬੋਲੀ "ਮੈਨੂੰ ਤੇਰੇ ਪੇ ਨਾਲ ਸੌਂਦੀ ਨੂੰ ਤੀਹ ਸਾਲ ਹੋ ਗਏ ਹਨ" ਤੇ ਫਿਰ ਧਾਹਾਂ ਮਾਰਕੇ ਰੋਣ ਲਗ ਪਈ। ਕਹਾਣੀ ਦੇ ਅੰਤ ਵਿਚ ਲੇਖਕ ਮਾਂ ਦਾ ਧਾਹਾਂ ਮਾਰਕੇ ਕੇ ਰੋਣਾ ਉਸਦੇ ਮਨ ਦੀ ਅਣਕਹੀ ਪਿਛਲੀ ਸਾਰੀ ਉਮਰ ਦੀ ਵੇਦਨਾ ਨੂੰ ਬੜੀ ਖੂਬਸੂਰਤੀ ਅਤੇ ਕਲਾਤਮਕ ਢੰਗ ਨਾਲ ਪ੍ਰੇਸ਼ ਕਰ ਗਿਆ ਹੈ। ਤਸੱਲੀ ਦੀ ਗੱਲ ਇਹ ਵੀ ਹੈ ਕਿ ਬਲਦੇਵ ਸਿੰਘ ਕਿਤੇ ਵੀ ਧਿਰ ਬਣਕੇ ਸਾਹਮਣੇ ਨਹੀਂ ਆਉਂਦਾ, ਨਾ ਉਹ ਕਿਸੇ ਪਾਤਰ ਨਾਲ, ਨਾ ਕਿਸੇ ਸਭਿਆਚਾਰ ਨਾਲ। ਉਹ ਨਾ ਕਿਸੇ ਸਭਿਆਚਾਰ ਨੂੰ ਵਡਿਆਉਂਦਾ ਹੈ ਨਾ ਹੀ ਛੁਟਿਆਉਂਦਾ ਹੈ, ਸਿਰਫ ਉਸਦੀਆਂ ਸਹਿਜਮਈ ਢੰਗ ਨਾਲ ਖੂਬੀਆਂ ਅਤੇ ਖਾਮੀਆਂ ਹੀ ਇਸ ਤਰਾਂ ਪੇਸ਼ ਕਰਦਾ ਹੈ ਕਿ ਪਾਠਕ ਦੇ ਮਨ ਅੰਦਰ ਆਪ ਹੀ ਪਾਤਰ ਪ੍ਰਤੀ ਹਮਦਰਦੀ ਜਾਂ ਨਫ਼ਰਤ ਉਪਜ ਪੈਂਦੀ ਹੈ।

ਇਹ ਕਹਾਣੀਆਂ ਬਿਨਾਂ ਕਿਸੇ ਬੌਧਿਕ ਦਾਅ ਪੇਚਾਂ ਦੇ ਬਿਨਾਂ ਸ਼ਬਦਾਂ ਦੀ ਜਾਦੂਗਰੀ ਦੇ ਪਰ ਆਪਣੇ ਨਿਵੇਕਲੇ ਅੰਦਾਜ਼ ਕਰਕੇ ਪਾਠਕਾਂ ਨੂੰ ਕੀਲ ਕੇ ਰੱਖਣ ਦੀ ਸਮੱਰਥਾ ਰਖਦੀਆਂ ਹਨ। "ਮਾਵਾਂ ਧੀਆਂ" "ਮਜ਼ਬੂਰੀ" ਅਤੇ ਜੂਨ ਦਰ ਜੂਨ" ਏਨੀਆਂ ਖੂਬਸੂਰਤ ਕਹਾਣੀਆਂ ਹਨ ਕਿ ਪਾਠਕਾਂ ਦੇ ਕਦੇ ਵੀ ਨਾ ਭੁਲਣ ਵਾਲੀਆਂ ਕਹਾਣੀਆਂ ਦੀ ਸੂਚੀ ਵਿਚ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

*(ਬੀ-4/91 ਗੁਰਮੇਲ ਮਡਾਹੜ ਪਟਿਆਲਾ ਗੇਟ, ਸੰਗਰੂਰ)*



# *ਖ਼ਿਆਲ ਆਪੋ ਆਪਣਾ*

□ ਪਰਚਾ ਤੇਰਾ ਕੁਝ ਨਹੀਂ। ਛਪਾਈ ਦੇ ਪੂੰਝੇ ਹੀ ਰੜਕਦੇ ਹਨ। ਮੈਟਰ ਵਲੋਂ ਵੀ ਵਰਕੇ ਹੀ ਭਰੇ ਹੋਏ ਹਨ। ਤੈਨੂੰ ਘਾਟ ਕਿਸ ਦੀ ਹੈ ? ਬਹੁਤ ਮਿਹਨਤ ਦੀ ਲੋੜ ਹੈ। ਤੇਰੇ 'ਸਰਕਾਰੀਏ' ਇਨਾਮ ਲਈ ਵਧਾਈਆਂ। ਸਤੰਬਰ ਦੇ ਅੱਧ ਵਿਚ ਸਭ ਕਾਰਜ਼ਾ ਤੋਂ ਆਜ਼ਾਦ ਹੋ ਰਿਹਾ ਹਾਂ। ਭਗਵੇਂ ਪਾ ਲੈਣੇ ਹਨ। ਭਾਰਤ ਦਾ ਖੁਲ੍ਹਾ ਚੱਕਰ ਲੱਗ ਰਿਹਾ ਹੈ। ਕਿਸੇ ਦਿਨ ਖਤਾਨਾਂ ਚੋਂ ਹੁੰਦਾ ਹੋਇਆ ਤੇਰੇ ਕੋਲ ਵੀ ਪਹੁੰਚ ਜਾਵਾਂਗਾ।

*(ਅਵਤਾਰ (ਯੂ. ਕੇ.))*

----------

□ 'ਚਿਰਾਗ਼' ਨੂੰ ਪੜ੍ਹਣ ਲਈ, ਲੜੀਬੱਧਤਾ ਨਹੀਂ ਅਪਣਾਈ ਸੀ। ਪਰ, ਅਪ੍ਰੈਲ- ਜੂਨ, 2001 ਦਾ ਅੰਕ, ਸਤਿਕਾਰਯੋਗ ਗ਼ਜ਼ਲਗੋ ਮਹਿੰਦਰ ਸਾਥੀ ਜੀ ਤੋਂ ਖ੍ਰੀਦ ਕੀਤਾ ਹੈ. ਤੇ ਪੱਕਾ ਮਨ ਬਣਾ ਲਿਆ ਹੈ ਕਿ ਹੁਣ ਹਰ ਵਾਰ ਉਹਨਾਂ ਤੋਂ ਖ੍ਰੀਦ ਲਿਆ ਕਰਨਾ ਹੈ। ਐਤਕੀ ਦਾ ਅੰਕ ਪੜ੍ਹ ਕੇ ਜਿਸ ਤਰ੍ਹਾਂ ਖ਼ਤ ਲਿਖ ਰਿਹਾ ਹਾਂ, ਭਵਿੱਖ ਵਿੱਚ ਵੀ ਲਿਖਾਂਗਾ। ਤੇ ਆਪਣੀ ਲਿਖੀ ਇੱਕ ਕਹਾਣੀ ਵੀ ਭੇਜਾਂਗਾ।

ਅਪ੍ਰੈਲ-ਜੂਨ, 2001 ਦੀ ਸੰਪਾਦਕੀ : ਸੱਭਿਆਚਾਰ ਇਉਂ ਹੀ ਕਹਿਆ ਜਾਂਦਾ ਹੈ। ਇਸ ਵਿੱਚ ਜੋ ਪ੍ਰਸ਼ਨ ਹਨ, ਉਹ ਮੰਗ ਕਰਦੇ ਹਨ ਕਿ ਇੱਕ ਵਿਸ਼ੇ ਨੂੰ ਲੈ ਕੇ, ਪੈਦਾ ਹੋਈ ਗੜਬੜ ਅਤੇ ਉਸ ਦੇ ਉੱਤਰ ਵਿਚ ਕਿ ਸੱਭਿਆਚਾਰ ਨੂੰ ਕਿਵੇਂ ਬਚਾਉਣਾ ਹੈ, ਇੱਕ ਚਰਚਾ ਵਿਸਥਾਰ ਸਹਿਤ ਚਲਾਈ ਜਾਣੀ ਚਾਹੀਦੀ ਹੈ।

ਕਹਾਣੀ-ਮੋਏ ਰਿਸ਼ਤਿਆਂ ਦੀ ਕਥਾ, ਵਿੱਚ ਰਿਸ਼ਤਿਆਂ ਦੀ ਮਾਨਸਿਕ ਤਰਲਤਾ ਨੂੰ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਪੜ੍ਹਣ ਵਿਚ ਆਏ ਔਖੇ ਸ਼ਬਦਾਂ ਨੇ ਔਖ ਦਿੱਤੀ।

ਲੇਖ-ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਕੁਝ ਮਸਲੇ ਡਾ. ਧਾਲੀਵਾਲ ਦਾ ਅਜਿਹਾ ਯਤਨ ਪੰਜਾਬੀ ਕਹਾਣੀ ਦੇ ਲੇਖਕਾਂ ਅਤੇ ਪਾਠਕਾਂ ਲਈ ਚੰਗਾ ਹੈ। ਉਂਝ ਅਜਿਹੇ ਲੇਖ ਸਮਝਣ ਲਈ ਵਾਰ-ਵਾਰ ਪੜ੍ਹਣੇ ਪੈਂਦੇ ਹਨ।

ਪੁਸਤਕ ਪ੍ਰਾਪਤੀ ਵਾਲਾ ਪੰਨਾ ਜੋ ਹੈ, ਇਸ ਕਰਕੇ ਚੰਗਾ ਹੈ ਕਿ ਨਵੀਆਂ ਪੁਸਤਕਾਂ ਬਾਰੇ ਪਤਾ ਦੱਸਦਾ ਹੈ।

*(ਜਸਵੀਰ ਕਲਸੀ, ਧਰਮਕੋਟ)*

----------

□ 'ਚਿਰਾਗ਼' 33 ਸ਼ਿਵ ਕੁਮਾਰ ਮਿਸ਼ਰ ਦਾ ਲੇਖ, ਅਜੋਕੇ ਸੰਦਰਭ ਵਿਚ ਲਾਜਵਾਬ ਸਪਸ਼ਟੀਕਰਨ ਹੈ, ਉਹਨਾਂ ਲਈ ਜਿਹੜੇ ਦਲਿਤ ਸਾਹਿਤ ਦੇ ਬੈਨਰ ਹੇਠ ਨਵਾਂ ਮੱਠ ਉਸਾਰਨ ਲਈ ਸਿਰ ਭਾਰ ਹੋਏ ਫਿਰਦੇ ਹੋਨ। ਦਲਿਤ ਵਰਗ ਨਾਲ ਹੋਏ ਅਨਿਆਂ ਤੋਂ ਕੋਈ ਵੀ ਸੰਵੇਦਨਸ਼ੀਲ ਵਿਅਕਤੀ ਦੁਖੀ ਹੋਏ ਬਿਨਾਂ ਨਹੀਂ ਰਹਿ ਸਕਦਾ, ਪਰ ਇਸ 'ਦੁੱਖ' ਦਾ ਰੁਮਾਂਚੀਕਰਨਾ ਵੀ ਉਸ ਵਰਗ ਨਾਲ ਸਰਾ-ਸਰ ਧੱਕਾ ਹੈ। ਦੂਜੇ ਪਾਸੇ ਸਵਰਨ ਜਾਤੀ ਲੇਖਕਾਂ ਨੂੰ ਦਲਿਤ ਜਾਤੀ ਲੇਖਕਾਂ ਨਾਲ ਕਿਸੇ ਕਿਸਮ ਦਾ ਵਿਰੋਧ ਖੜਾ ਕਰਨ ਦੀ ਬਜਾਇ ਉਹਨਾਂ ਦੀ ਪੀੜ ਨੂੰ ਸਮਝਣਾ ਬਣਦਾ ਹੈ।

*(ਲਾਲ ਸਿੰਘ ਦਸੂਹਾ)*

----------

□ ਡਾ. ਸੁਖਦੇਵ ਸਿੰਘ ਸਿਰਸੇ ਵਾਲੇ ਹੋਰਾਂ ਦੇ ਉਦਮ ਸਦਕਾ ਮੈਂ ਪਿਛਲੇ ਤਿੰਨਾਂ ਕੁ ਸਾਲਾਂ ਤੋਂ ਚਿਰਾਗ਼ ਦੀ ਉਚਪਾਏ ਦੀ ਪੜ੍ਹਨਯੋਗ ਸਮੱਗਰੀ ਤੋਂ ਲਾਭ ਉਠਾ ਰਿਹਾ ਹਾਂ। ਉਤਰ ਆਧੁਨਿਕਤਾ ਅਤੇ 'ਇਤਿਹਾਸ ਦਾ ਅੰਤ' 'ਵਿਚਾਰਧਾਰਾ ਦਾ ਅੰਤ' ਆਦਿ ਦੀਆਂ ਸ਼ੁਰਲੀਆਂ ਛੱਡੇ ਜਾਣ ਦੇ ਇਸ ਇਕ ਧਰੁਵੀ ਸੰਸਾਰ ਦੇ ਨਕਸ਼ੇ ਤੋਂ ਜੋ ਕੁਝ ਵੀ ਸੱਚਾ ਹੈ, ਵਧੀਆ ਹੈ. ਜੀਊਣ ਜੋਗਾ ਹੈ, ਨਵਾਂ ਹੈ, ਲੜਾਕੂ ਹੈ. ਉਸਨੂੰ ਮਿਟਾਉਣ ਦੇ ਕੋਝੇ ਯਤਨਾਂ ਦੇ ਬਾਵਜੂਦ ਵੀ ਇਹ ਕਾਫਲੇ ਤੁਰੇ ਜਾਂਦੇ ਹਨ। ਸੰਸਾਰ

ਮੰਡੀ ਦੇ ਵਿਸ਼ਵ ਵਿਉਪਾਰ ਸੰਗਠਨ ਗੰਟ ਆਦਿ ਦੇ ਹਾਥੀ ਅੱਜ ਅਦਮ ਦੇ ਦੇ ਬਾਗ ਵਿਚ ਖੁਲ੍ਹੇ ਚਿੰਘਾੜਦੇ ਫਿਰਦੇ ਹਨ। ਸਾਹਿਤ ਦੀ ਭੂਮਿਕਾ ਪਹਿਲਾਂ ਤੋਂ ਕਿਤੇ ਜ਼ਿਆਦਾ ਵਧ ਗਈ ਹੈ ਅਤੇ ਅਦਾਰਾ ਚਿਰਾਗ਼ ਆਪਣੀ ਜ਼ਿੰਮੇਵਾਰੀ ਪ੍ਰਤੀ ਪੂਰਾ ਸੁਚੇਤ ਹੈ। ਨਰੋਈਆਂ ਮਨੁਖੀ ਕਦਰਾਂ ਕੀਮਤਾਂ ਤੋਂ ਸੱਖਣੀ ਪੋਰਨੋਗ੍ਰਾਫਿਕ ਰਚਨਾ ਬੁੱਸੇ ਸੁਆਦਾਂ ਦੀ ਪੂਰਤੀ ਹੀ ਕਰ ਸਕਦੀ ਹੈ। ਵਿਚਾਰਾਂ ਦੇ ਫੈਲੇ ਹੋਏ ਪ੍ਰਦੂਸ਼ਣ ਵਿਚ ਚਿਰਾਗ਼ ਦੇ ਅੱਖਰ ਹੋਰ ਵੀ ਰੌਸ਼ਨ ਹੋ ਕੇ ਜਗਮਗਾ ਰਹੇ ਹਨ। ਤੁਹਾਡੇ ਯਤਨਾਂ ਦੀ ਨਿਰੰਤਰਤਾ ਬਣੀ ਰਹੇ।

ਚਿਰਾਗ਼ 33 ਦਾ ਕਵਿਤਾ ਭਾਗ ਬੜਾ ਸ਼ਕਤੀਸ਼ਾਲੀ ਹੈ। ਪਰ ਤੁਸਾਂ ਜਿਊਂਦੇ ਹੀ ਵਿਸਰੇ ਸਮੱਰਥਾਵਾਨ ਕਵੀ ਆਮਿਤੋਜ ਨੂੰ ਫਿਰ ਘੁਸਮੁਸੇ ਚੇਤਿਆਂ ਦੀਆਂ ਧੁੰਦਾਂ ਵਿਚੋਂ ਬਾਹਰ ਕੱਢ ਲਿਆਏ ਹੋ। ਅੱਜ ਜਦੋਂ ਹਰ ਪਾਕਿਸਤਾਨੀ ਨਾਗਰਿਕ ਨੂੰ ਆਈ. ਐਸ. ਆਈ. ਦਾ ਏਜੰਟ ਅਤੇ ਹਰ ਮੁਸਲਮਾਨ ਨੂੰ ਪਾਕਿਸਤਾਨ ਦਾ ਖ਼ੈਰ ਖ਼ਾਹ ਸਮਝਣ ਦੀਆਂ ਗ਼ਲਤੀਆਂ ਜ਼ੋਰ ਸ਼ੋਰ ਨਾਲ ਕੀਤੀਆਂ ਜਾ ਰਹੀਆਂ ਹਨ। ਦੋਹਾਂ ਦੇਸ਼ਾਂ ਵਿਚਾਲੇ ਵਿਚਾਲੇ ਤਣਾਅ ਘਟਾਉਣ ਲਈ, ਦੋਸਤੀ ਅਤੇ ਭਾਈਚਾਰੇ ਦੀ ਸਿਰਜਣਾ ਲਈ, ਚਾਚਾ ਜਾਨ ਦੇ ਲਾਹੌਰ ਦੇ ਨਾਂ ਇਕ ਖ਼ਤ ਦੀ ਵੱਡੀ ਭੂਮਿਕਾ ਹੋ ਸਕਦੀ ਹੈ। ਹਿੰਦ ਪਾਕ ਦੇ ਲੋਕਾਂ ਨੂੰ ਮਿਲ ਕੇ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਖਿਲਾਫ ਸਾਜਿਸ਼ੀ ਕਾਰਵਾਈਆਂ ਕਰਨ ਵਾਲੇ, ਵਿਸ਼ਵ ਪੂੰਜੀ ਦੀ ਕਾਲੇ ਨਾਗ ਦਾ ਸਿਰ ਫਿਹਣ ਦੀ ਇਤਿਹਾਸਕ ਕਾਰਵਾਈ ਕਰਨੀ ਹੀ ਪਵੇਗੀ। ਮੈਂ 1970-73 ਦੇ ਦਿਨਾਂ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਇਸ ਅਜ਼ੀਮ ਸ਼ਾਇਰ ਨੂੰ ਆਪਣੇ ਪੂਰੇ ਜਲੌਅ ਵਿਚ ਸਾਥੀ ਕਵੀਆਂ, ਕਵਿਤਰੀਆਂ ਦੀ ਸੰਗਤ ਵਿਚ ਤੱਕਿਆ ਕਰਦਾ ਸਾਂ। ਡਾ. ਐਸ. ਤਰਸੇਮ ਦੇ ਸ਼ਿਅਰ ਡੂੰਘੇ ਅਰਥਾਂ ਵਾਲੇ, ਕੁਦਰਤ ਦੇ ਨਾਲ ਏਕੀਕ੍ਰਿਤ ਅਤੇ ਇਹਨਾਂ ਦੀ ਸ਼ਾਨ ਦੋਬਾਲਾ ਹੋ ਜਾਂਦੀ ਹੈ ਜਦੋਂ ਉਹ ਇਹਨਾਂ ਨੂੰ ਖ਼ੁਦ ਤੇ ਢੁਕਾਅ ਕੇ ਲਿਖਦਾ ਹੈ। ਬਾਬਾ ਨਜ਼ਮੀ, ਮਹਿਮਾ ਸਿੰਘ, ਸੰਧਾ ਵਾਲੀਆਂ ਤੇ ਸੰਧੂ ਦੀਆਂ ਗ਼ਜ਼ਲਾਂ ਲੜਨ ਦੀ ਪ੍ਰੇਰਨਾ ਦਿੰਦੀਆਂ ਹਨ। ਪ੍ਰੋ. ਅਨੂਪ ਵਿਰਕ ਆਪਣੇ ਨਿਆਰੇ ਅੰਦਾਜ਼ ਸਦਕਾ, ਸਮੇਂ ਦੇ ਸੱਚ ਦੀ ਪਛਾਣ ਸਦਕਾ ਅਤੇ ਵਰਤਮਾਨ ਨੂੰ ਸਮਝਣ ਲਈ ਪਰੰਪਰਾ ਦੀ ਧਰਾਤਲ ਤੇ ਖਲੋਕੇ, ਚਿਰਾਗ਼ ਜਹੇ ਹਰਫ਼ਾਂ ਵਾਲੇ ਗੀਤਾਂ ਦੇ ਦੀਵੇ ਬਾਲ ਰਿਹਾ ਹੈ। ਉਸ ਦੇ ਗੀਤਾਂ ਦੀ ਮੰਗ ਸਦਾ ਬਣੀ ਰਹਿੰਦੀ ਹੈ।

ਡਾ. ਸੁਖਵਿੰਦਰ ਸਿੰਘ ਰੰਧਾਵਾਂ ਦਾ "ਪਾਸ਼ ਨਾਲ ਇਕ ਭਰਪੂਰ ਸੰਵਾਦ" ਤਾਂ ਇਤਿਹਾਸਕ ਦਸਤਾਵੇਜ਼ ਜਹੀ ਰਚਨਾ ਹੈ। ਉਸ ਸ਼ਹੀਦ ਕਵੀ ਦੇ ਸ੍ਵੈ ਕਥਨ ਉਸ ਦੀਆਂ ਕਵਿਤਾ ਨੂੰ ਸਮਝਣ ਲਈ ਬੜੇ ਜ਼ਰੂਰੀ ਹਨ। ਪੁਸਤਕ ਰੀਵਿਊ ਤੋਂ ਇਲਾਵਾ ਧਰਮ ਪਾਲ ਸਾਹਿਲ ਦੀ ਲੰਮੀ ਕਹਾਣੀ "ਜੰਗ" ਵੀ ਵਧੀਆ ਰਹੀ ਹੈ।

*ਸਵਰਨ ਸਿੰਘ ਵਿਰਕ (ਸਿਰਸਾ)*

----------

□ ਜਸਵੀਰ ਸਿੰਘ ਰਾਣਾ ਦੀ ਕਹਾਣੀ ਸਲਾਹੁਣਯੋਗ ਹੈ। ਜਸਵੀਰ ਨੇ ਨਵ-ਵਿਵਾਹਿਤ ਨੌਜੁਵਾਨ ਦੀ ਮੌਤ ਤੋਂ ਬਾਦ ਉਸ ਦੇ ਪਰਿਵਾਰ ਦੀ ਤ੍ਰਾਸਦੀ ਨੂੰ ਬੜੇ ਹੀ ਮਾਰਮਿਕ ਢੰਗ ਨਾਲ ਚਿਤਰਿਆ ਹੈ। ਜਸਵੀਰ ਨੂੰ ਪਾਤਰਾਂ ਦੇ ਮਨ ਅੰਦਰੀਂ ਸਥਿਤੀ ਦੀ ਥਾਹ ਪਾਉਣ ਦੀ ਕਲ੍ਹਾ ਆਉਂਦੀ ਹੈ।

ਭਾਰਤੀ ਔਰਤ ਦੀ ਸਮਾਜਿਕ ਦਸ਼ਾ ਨੂੰ ਬਿਆਨ ਕਰਦੀ ਵਿਸ਼ੇਸ਼ ਕਵਿਤਾ ਸੋਨ- ਚਿੜੀ (ਜਿਤੇਂਦਰ ਸ੍ਰੀ ਵਾਸਤਵ) ਵੀ ਪ੍ਰਸੰਸਾ ਯੋਗ ਹੈ।

ਗ਼ਜ਼ਲਾਂ ਵਿਚੋਂ ਤ੍ਰੈਲੋਚਣ ਲੋਚੀ, ਪ੍ਰੇਮ ਸਾਹਿਲ, ਮਹਾਂਬੀਰ ਦਰਦੀ, ਮੱਖਣ ਕੁਹਾੜ ਦੀਆਂ ਗ਼ਜ਼ਲਾਂ ਦਾ ਰੰਗ ਬੜਾ ਪੁਖ਼ਤਾ ਹੈ। ਪ੍ਰੇਮ ਸਾਹਿਲ ਨੇ ਮਾਨਵੀ ਅਹਿਸਾਸਾਂ ਨੂੰ ਬੜੀ ਬਾਰੀਕ-ਬੀਨੀ ਨਜ਼ਰ ਨਾਲ ਫੜ੍ਹਾਕੇ ਚਿਤਰਿਆ ਹੈ। ਪਰਚਾ ਪਾਠਕ ਦੀ ਚੇਤਨਾ ਨੂੰ ਸਹਿਜੇ ਹੀ ਟੁੰਬਦਾ ਹੈ। ਵੈਸੇ ਤਾਂ ਹਰ ਅੰਕ ਸਟਾਲ ਤੋਂ ਖਰੀਦ ਕੇ ਪੜੀਦੈ ਪਰ ਇਸ ਵਾਰ ਚੰਦਾ ਹੀ ਭੇਜ ਰਿਹਾ ਹਾਂ।

*(ਸੁਰਿੰਦਰਪ੍ਰੀਤ ਘਣੀਆਂ, ਬਠਿੰਡਾ)*

-0-



ਪਾਠਕਾਂ ਦੇ ਭਰੋਸੇ ਨੂੰ ਬਰਕਰਾਰ ਰੱਖ ਰਹੇ ਅਦਾਰੇ

**ਕੁਕਨੁਸ ਪ੍ਰਕਾਸ਼ਨ ਜਲੰਧਰ**

ਵਲੋਂ ਛਪੀਆਂ ਕਿਤਾਬਾਂ

**ਵਿਸ਼ੇਸ਼ ਪੁਸਤਕ**

**ਜੀਵਨ ਯਾਦਾਂ : ਪਾਬਲੋ ਨੇਰੂਦਾ**

*ਅਨੁ : ਹਰਭਜਨ ਸਿੰਘ ਹੁੰਦਲ* *60/-*

ਚੋਣਵੀਆਂ ਕਹਾਣੀਆਂ

ਪ੍ਰੇਮ ਪ੍ਰਕਾਸ਼ 20/-
ਵਰਿਆਮ ਸਿੰਘ ਸੰਧੂ 20/-
ਜਸਵੰਤ ਸਿੰਘ ਵਿਰਦੀ 20/-
ਮੈਕਸਿਮ ਗੋਰਕੀ 20/-
ਪਾਕਿ. ਪੰਜਾਬੀ ਕਹਾਣੀ 20/-
ਪਾਕਿ. ਉਰਦੂ ਕਹਾਣੀ 20/-
ਊਣੇ (ਗੁਰਮੀਤ ਕੜਿਆਲਵੀ) 20/-

ਪਾਕਿਸਤਾਨੀ ਨਾਵਲ

ਕਮਜ਼ਾਤ (ਫ਼ਖਰ ਜ਼ਮਾਨ) 20/-
ਪੰਧ (ਅ. ਅ. ਰੰਧਾਵਾ) 20/-
ਇਕ ਸਮੁੰਦਰ ਪਾਰ (ਮੀਰ ਯੂਸਫੀ) 20/-

ਸਪੈਨਿਸ਼ ਕਲਾਸਿਕ

ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ 20/-

ਹੋਰ ਨਾਵਲ

ਪਰਾਈ ਧਰਤੀ (ਇਕਬਾਲ ਅਰਪਨ) 20/-
ਧੁਖਦਾ ਗੋਹਟਾ (ਹਰਨੇਕ ਹੇਅਰ) 20/-

ਅਜੀਤ ਰਾਹੀ ਦੀਆਂ ਦੋ ਕਿਤਾਬਾਂ

ਅੱਧੀ ਸਦੀ ਦਾ ਸਫਰ (ਸਵੈ ਜੀਵਨੀ) 60/-
ਸੁਲਘਦਾ ਸੱਚ (ਦੋ ਨਾਵਲ) 60/-

ਕਾਵਿ ਸੰਗ੍ਰਹਿ

ਭੋਇੰ (ਰਾਮ ਸਿੰਘ ਚਾਹਲ) 20/-
ਤ੍ਰਿਪਤੀ (ਜਸਬੀਰ ਕੌਰ ਰਾਏ) 20/-
ਨਮਿਤ (ਮਨਮੋਹਨ) 20/-
ਭਾਖਿਆ (ਮਦਨ ਵੀਰਾ) 20/-
ਤਾਕਿ ਸਨਦ ਰਹੇ (ਕੰਵਲਜੀਤ ਭੁੱਲਰ) 20/-
ਸ਼ਾਮ ਹੋਣ ਤੋਂ ਪਹਿਲਾਂ (ਜਗੀਰ ਜੋਸਣ) 20/-
ਮਿੱਟੀ ਰੰਗੇ ਸੁਪਨੇ (ਗੁਰਦਿਆਲ ਪੱਲ੍ਹਾ) 20/-
ਮੀਲ ਪੱਥਰ (ਜਗਵਿੰਦਰ ਜੋਧਾ) 20/-

ਯਾਤਰਾ ਪ੍ਰਸੰਗ

ਜਾਣੇ ਅਣਜਾਣੇ ਸਫਰ (ਸੁਪਨਦੀਪ ਸੰਧੂ) 20/-

ਆਸਕਰ ਵਾਈਲਡ ਦਾ ਨਾਟਕ

ਸਲੋਮੀ 20/-

ਪੁਸਤਕ ਪ੍ਰਾਪਤੀ ਸਥਾਨ :-

**ਨਵਾਂ ਜ਼ਮਾਨਾ ਬੁੱਕ ਸ਼ਾਪ** ਨਹਿਰੂ ਗਾਰਡਨ ਰੋਡ, ਜਲੰਧਰ।

Chiragh Quarterly July-September, 2001

Registered with the Registrar of News-Papers of India

No – PUN-PUN O 2776/AL/TC/94

# ਜੀਵਨ ਯਾਦਾਂ : ਪਾਬਲੋ ਨੇਰੂਦਾ




*ਨੇਰੂਦਾ ਦੀਆਂ ਇਹ 'ਜੀਵਨ-ਯਾਦਾਂ' ਵੀਹਵੀਂ ਸਦੀ ਦੇ ਆਖ਼ਰੀ ਅੱਧ ਨਾਲ ਸਬੰਧਤ ਸਾਰੀਆਂ ਸੰਸਾਰ ਪ੍ਰਸਿੱਧ ਕ੍ਰਾਂਤੀਕਾਰੀ ਸ਼ਖਸੀਅਤਾਂ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਹਨ।*

*"ਇਹ ਯਾਦਾਂ ਲਾਤੀਨੀ ਅਮਰੀਕਾ ਦੀ ਰਾਜਨੀਤੀ, ਕਲਾ ਤੇ ਇਤਿਹਾਸ ਬਾਰੇ ਅੰਗਰੇਜ਼ੀ ਵਿਚ ਲਿਖਿਆ ਸਭ ਤੋਂ ਉੱਤਮ ਬਿਰਤਾਂਤ ਹੈ।"*

*ਅਨੁਵਾਦਕ—ਹਰਭਜਨ ਸਿੰਘ ਹੁੰਦਲ*

*ਕੀਮਤ: ਸੱਠ ਰੁਪਏ*

**ਕੁਕਨੁਸ ਪ੍ਰਕਾਸ਼ਨ, ਜਲੰਧਰ** *ਸੰਪਰਕ ਫੋਨ : 214028 (ਘਰ)*

ਪੁਸਤਕ ਪ੍ਰਾਪਤੀ ਸਥਾਨ:- ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ।

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰਾੱਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877